# ਸਿਰਜਣਾ

ਜੁਲਾਈ-ਸਤੰਬਰ 1977 (ਅੰਕ 27)

**July- September 1977**

**ਸੰਪਾਦਕ: ਰਘਬੀਰ ਸਿੰਘ**

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਸਾਧੂ ਬਿਨਿੰਗ ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।

# ਇਜਾਜ਼ਤ
# Permission

ਮੈਂ ਰਘੁਬੀਰ ਸਿੰਘ ਸੰਪਾਦਕ ਸਿਰਜਣਾ ਸੁਖਵੰਤ ਹੁੰਦਲ (13286 55 A Ave. Surrey, BC, Canada) ਨੂੰ ਸਿਰਜਣਾ ਦੇ ਸਾਰੇ ਅੰਕਾਂ ਦੀਆਂ ਪੀ ਡੀ ਐੱਫ ਫਾਇਲਾਂ ਬਣਾ ਕੇ ਆਨਲਾਈਨ ਪਾਉਣ ਦੀ ਇਜਾਜ਼ਤ ਦਿੰਦਾ ਹਾਂ। ਇਹ ਇਜਾਜ਼ਤ ਸਿਰਫ ਸਿਰਜਣਾ ਦੇ ਅੰਕਾਂ ਦੀਆਂ ਪੀ ਡੀ ਐੱਫ ਫਾਇਲਾਂ ਬਣਾ ਕੇ ਆਨਲਾਈਨ ਪਾਉਣ ਲਈ ਹੀ ਹੈ। ਸਿਰਜਣਾ ਦੀ ਸਮੱਗਰੀ ਦੇ ਕਾਪੀਰਾਈਟ ਅਤੇ ਹੋਰ ਸਾਰੇ ਹੱਕ ਰਘਬੀਰ ਸਿੰਘ ਸੰਪਾਦਕ ਸਿਰਜਣਾ ਦੇ ਹਨ।

I Raghbir Singh editor Sirjana hearby grant permission to Sukhwant Hundal (13286 55 A Ave. Surrey, BC, Canada) to upload online all issues of Sirjana in PDF format. This permission is only for uploading issues online in PDF format. The copyright and all other rights for Sirjana's content remains with Raghbir Singh, editor Sirjana.

ਦਸਖਤ –Sign:

ਪਤਾ –Address: 1728, ਸੈਕਟਰ 43-ਬੀ, ਚੰਡੀਗੜ੍ਹ - 160022

1728, Sector 43-B, Chandigarh - 160022 India

ਤਾਰੀਕ –Date: 25-10-2014

# ਸਿਰਜਣਾ

ਜੁਲਾਈ-ਸਤੰਬਰ 1977

27

- ਕਿਸ਼ਨ ਸਿੰਘ ਦੀ ਮਾਰਕਸਵਾਦੀ 'ਸਮਝ'
- ਅਮਜਦ ਭੱਟੀ ਨਾਲ ਇਕ ਮੁਲਾਕਾਤ
- 'ਲਹੂ ਦੀ ਲੋਅ' ਦਾ ਆਖਰੀ ਫਿਕਰਾ
- ਲੋਕ ਚੀਨ ਦਾ ਵਿਦਿਅਕ ਪ੍ਰਬੰਧ

- ☐ ਰਘੁਬੀਰ ਢੰਡ
- ☐ ਅਤਰਜੀਤ
- ☐ ਤਾਰਾ ਚੰਦ ਗੁਪਤਾ
- ☐ ਸੁਰਜੀਤ ਗਿੱਲ
- ☐ ਅਮਰਜੀਤ ਸਿੰਘ
- ☐ ਜਸਵੰਤ ਸਿੰਘ ਵਿਰਦੀ
- ☐ ਕੇਵਲ ਸੂਦ
- ☐ ਪ੍ਰੀਤਮ ਸਿੰਘ
- ☐ ਕੇਸਰ ਸਿੰਘ ਕੇਸਰ
- ☐ ਸ਼ਹਰਯਾਰ


ਨਿਗਰਾਨ : ਸੰਤ ਸਿੰਘ ਸੇਖੋਂ
ਸੰਪਾਦਕ : ਰਘਬੀਰ ਸਿੰਘ

ਇਕ ਕਾਪੀ : ਢਾਈ ਰੁਪਏ
ਸਾਲਾਨਾ : ਦਸ ਰੁਪਏ

# ਸਿਰਜਣਾ

**ਜੁਲਾਈ-ਸਤੰਬਰ 1977**

ਨਿਗਰਾਨ
**ਸੰਤ ਸਿੰਘ ਸੇਖੋਂ**

ਸੰਪਾਦਕ
**ਰਘਬੀਰ ਸਿੰਘ**

ਵਿਦੇਸ਼ ਪ੍ਰਤਿਨਿਧ
**ਨਿਰੰਜਨ ਸਿੰਘ ਨੂਰ**

ਪਤਾ
**1197, ਸੈਕਟਰ 15-ਬੀ**
**ਚੰਡੀਗੜ੍ਹ**

SIRJANA is approved by DPI Punjab for all schools, colleges and social education centres vide letter No. 2/6-66 B (EP) dated 26.9.66


## ਇਸ ਅੰਕ ਵਿਚ


ਰਘਬੀਰ ਸਿੰਘ/ਸੰਪਾਦਕੀ/ਮਾਰਕਸਵਾਦੀ ਸਾਹਿਤ-ਚਿੰਤਕ/1

ਕੇਸਰ ਸਿੰਘ ਕੇਸਰ/ਨਿਬੰਧ/'ਲਹੂ ਦੀ ਲੋਅ' ਦਾ ਆਖਰੀ ਫਿਕਰਾ/3

ਸ਼ਹਰਯਾਰ/ਕਵਿਤਾ/ਅੱਜ ਦੀ ਸ਼ਾਮ/14

ਰਮਨ/ਕਵਿਤਾ/ਕੌਲਾਂ/15

ਰਘਬੀਰ ਢੰਡ/ਕਹਾਣੀ/ਛਣਕਾਰ/17

ਕੇਵਲ ਸੂਦ/ਕਹਾਣੀ/ਲੋਕ ਕਥਾ/25

ਅਤਰਜੀਤ/ਕਹਾਣੀ/ਰੇਤੇ ਦਾ ਮਹਿਲ/30

ਜਸਵੰਤ ਸਿੰਘ ਵਿਰਦੀ/ਕਹਾਣੀ/ਕਤਲ/39

ਸ਼ੇਰ ਸਿੰਘ ਕੰਵਲ/ਗ਼ਜ਼ਲ/42

ਸਵਿਤੋਜ/ਕਵਿਤਾ/ਨਾਇਕਾ ਬਨਾਮ ਨਾਇਕਾ/43

ਕੁਲਦੀਪ ਥਿੰਦ/ਕਵਿਤਾ/ਇਸ ਸ਼ਹਿਰ ਵਿਚ/44

ਗੁਰਚਰਨ ਚੀਮਾ/ਕਵਿਤਾ/ਮਹਿੰਦੀ ਵਾਲੀ ਰੁੱਤ/45

ਅਜੀਤ ਸਿੰਘ/ਕਵਿਤਾ/ਕਿਥੇ/46

ਸੁਰਜੀਤ ਗਿੱਲ/ਨਿਬੰਧ/ਕਿਸ਼ਨ ਸਿੰਘ ਦੀ ਮਾਰਕਸਵਾਦੀ 'ਸਮਝ'/47

ਪ੍ਰੀਤਮ ਸਿੰਘ/ਮੁਲਾਕਾਤ/ਕਬੂਤਰਾਂ ਦੀ ਪ੍ਰਵਾਜ਼/53

ਸੁਰਜੀਤ ਬਰਾੜ/ਕਵਿਤਾ/ ਦੇਖ ਕੇ ਚਲੋ/68

ਤਾਰਾ ਚੰਦ ਗੁਪਤਾ/ਨਿਬੰਧ/ਲੋਕ ਚੀਨ ਵਿਚ ਵਿਦਿਅਕ ਪ੍ਰਬੰਧ/69

ਸੁਰਜੀਤ ਗਿੱਲ/ਰੀਵੀਊ/ਅੰਨ੍ਹੇ ਘੋੜੇ ਦਾ ਦਾਨ/74

ਨਾਹਰ ਸਿੰਘ/ਰੀਵੀਊ/ਮਾਲਵੇ ਦੀ ਸੱਥ/76

ਇਕਬਾਲ ਦੀਪ/ਰੀਵੀਊ/ਚਿਮਨੀਆਂ ਦੀ ਛਾਵੇਂ/78

ਅਮਰਜੀਤ ਸਿੰਘ/ਰੀਵੀਊ/ਸੁਲਗਦੇ ਪਲ/80

ਦਲੀਪ ਸਿੰਘ, ਗੁਰਚਰਨ/ਪੱਤਰ/83


**ਸੰਪਾਦਕੀ**

## ਮਾਰਕਸੀ ਸਾਹਿਤ-ਚਿੰਤਕ

ਸਾਡੇ ਸਾਹਿਤ ਵਿਚ ਮਾਰਕਸੀ ਦ੍ਰਿਸ਼ਟੀ ਦਾ ਪ੍ਰਵੇਸ਼ ਸੰਤ ਸਿੰਘ ਸੇਖੋਂ ਦੇ ਸਾਹਿਤ ਜਗਤ ਵਿਚ ਪ੍ਰਵੇਸ਼ ਦੇ ਨਾਲ ਨਾਲ ਹੀ ਹੋਇਆ। ਉਸ ਤੋਂ ਪਹਿਲਾਂ ਰਾਸ਼ਟਰੀ ਮੁਕਤੀ ਅੰਦੋਲਨ ਅਤੇ ਪੁਨਰ ਜਾਗ੍ਰਿਤੀ ਦੀ ਲਹਿਰ ਦੇ ਪ੍ਰਭਾਵ ਅਧੀਨ ਗੁਰਬਖਸ਼ ਸਿੰਘ ਵਰਗੇ ਸਾਹਿਤਕਾਰ ਤੇ ਚਿੰਤਕ ਪ੍ਰਗਤਿ-ਵਾਦੀ ਤੇ ਸੁਧਾਰਵਾਦੀ ਦਿੱਖ ਤਾਂ ਅਪਨਾ ਰਹੇ ਸਨ ਪਰ ਉਨ੍ਹਾਂ ਦੀ ਪਹੁੰਚ ਉਸ ਭਾਂਤ ਦੀ ਵਿਗਿਆ-ਨਕ ਪਹੁੰਚ ਨਹੀਂ ਸੀ ਜੋ ਕੇਵਲ ਮਾਰਕਸੀ ਦ੍ਰਿਸ਼ਟੀ ਅਪਨਾਉਣ ਨਾਲ ਹੀ ਆ ਸਕਦੀ ਹੈ। ਸੰਤ ਸਿੰਘ ਸੇਖੋਂ ਦੀ ਬੌਧਿਕ ਪ੍ਰਤਿਭਾ ਅਤੇ ਉਸਦੀ ਸ਼੍ਰੇਣਿਕ ਸਥਿਤੀ ਉਸਦੇ ਮਾਰਕਸੀ ਬਣਨ ਲਈ ਜ਼ਿੰਮੇਂਵਾਰ ਤਾਂ ਸੀ ਹੀ ਪਰ ਇਸ ਤੋਂ ਵੀ ਵਧ ਜ਼ਿੰਮੇਂਵਾਰ ਸਨ ਸਮਕਾਲੀ ਸਮਾਚਾਰ। ਸੋਵੀਅਤ ਸਮਾਜਵਾਦੀ ਕ੍ਰਾਂਤੀ ਦੀ ਸਫਲਤਾ ਤੋਂ ਪਿਛੋਂ ਮਾਰਕਸਵਾਦੀ ਵਿਚਾਰਧਾਰਾ ਸਾਰੇ ਸੰਸਾਰ ਵਿਚ ਤੇਜ਼ੀ ਨਾਲ ਪਸਰ ਰਹੀ ਸੀ। ਇਸ ਲਈ ਸੰਤ ਸਿੰਘ ਸੇਖੋਂ ਦੁਆਰਾ ਮਾਰਕਸੀ ਵਿਚਾਰਧਾਰਾ ਅਪਨਾਉਣਾ ਕੇਵਲ ਮਾਤਰ ਇਕ ਵਿਅਕਤੀਗਤ ਨਿਰਣਾ ਨਾ ਹੋਕੇ ਪ੍ਰਾਪਤ ਯਥਾਰਥ ਦੀ ਮੰਗ ਦਾ ਇਕ ਲਾਜ਼ਮੀ ਹੁੰਗਾਰਾ ਸੀ।

ਇਹ ਕੁਝ ਕਹਿਣੋਂ ਤੋਂ ਭਾਵ ਕਦਾਚਿਤ ਇਹ ਨਹੀਂ ਕਿ ਸੰਤ ਸਿੰਘ ਸੇਖੋਂ ਦੀ ਮਾਰਕਸੀ ਦ੍ਰਿਸ਼ਟੀ ਪਰਿਪੂਰਨ ਹੈ ਅਤੇ ਉਸ ਵਿਚ ਕੋਈ ਦੋਸ਼ ਨਹੀਂ। ਉਹ ਨਿਰਸੰਦੇਹ ਇਕ ਸਿਰਕੱਢ ਬੁਧੀਮਾਨ, ਚਿੰਤਕ ਤੇ ਸਿਰਜਣਾਤਮਕ ਲੇਖਕ ਹੈ। ਉਸਦੇ ਪ੍ਰਭਾਵ ਅਧੀਨ ਪੰਜਾਬੀ ਸਾਹਿਤ ਵਿਚ ਮਾਰਕਸੀ ਦ੍ਰਿਸ਼ਟੀ ਦਾ ਸੰਚਾਰ ਵੀ ਬਹੁਤ ਹੋਇਆ ਹੈ। ਪਰ ਮੂਲ ਰੂਪ ਵਿਚ ਮਾਰਕਸੀ ਦ੍ਰਿਸ਼ਟੀ ਅਪਨਾਉਣ ਦੇ ਬਾਵਜੂਦ ਉਹ ਜ਼ਾਤ ਪਾਤ, ਧਰਮ, ਇਲਾਕੇ ਆਦਿ ਦੇ ਭੂਪਵਾਦੀ ਤੇ ਪੂੰਜੀਵਾਦੀ ਪ੍ਰਤਿਭਾਵਾਂ ਤੋਂ ਪੂਰੀ ਤਰ੍ਹਾਂ ਛੁਟਕਾਰਾ ਨਹੀਂ ਪਾ ਸਕਿਆ। ਪਰਿਪੂਰਨ ਮਾਰਕਸੀ ਚਿੰਤਕ ਤੇ ਸਿਰਜਕ ਹੋਣ ਲਈ ਆਪਣੇ ਸਾਰੇ ਗੈਰ ਜਮਾਤੀ ਲੱਗ ਲਬੇੜ ਅਤੇ ਸੰਸਕਾਰਾਂ ਤੋਂ ਮੁਕਤ ਹੋਣਾ ਪੈਂਦਾ ਹੈ। ਇਸ ਮੰਤਵ ਲਈ ਮਾਰਕਸੀ ਗ੍ਰੰਥਾਂ ਦਾ ਪਾਠ ਕਰ ਲੈਣਾ ਜਾਂ ਦਵੰਦਾਤਮਕ ਪਦਾਰਥਵਾਦ ਦੇ ਸਿਧਾਂਤ ਨੂੰ ਰੱਟਾ ਲਾ ਲੈਣਾ ਹੀ ਕਾਫੀ ਨਹੀਂ। ਇਸ ਲਈ ਅਮਲ ਦੇ ਖੇਤਰ ਵਿਚ ਵਿਚਰਨਾ ਪੈਂਦਾ ਹੈ। ਸੰਤ ਸਿੰਘ ਸੇਖੋਂ ਨੇ ਜਿੰਨਾ ਆਪਣੇ ਆਪਨੂੰ ਅਮਲ ਨਾਲ ਜੋੜਿਆ ਉਸੇ ਅਨੁਪਾਤ ਨਾਲ ਹੀ ਉਹ ਮਾਰਕਸਵਾਦ ਨੂੰ ਵਧੇਰੇ ਚੰਗੀ ਤਰ੍ਹਾਂ ਸਮਝ ਸਕਿਆ। ਪਰ ਉਹ ਅਮਲ ਨਾਲ ਪੂਰੀ ਤਰ੍ਹਾਂ ਜੁੜਿਆ ਨਹੀਂ, ਇਸ ਲਈ ਉਸਦੀਆਂ ਸਿਰਜਣਾਤਮਕ ਤੇ ਆਲੋਚਨਾਤਮਕ ਦੋਨੋਂ ਹੀ ਪ੍ਰਕਾਰ ਦੀਆਂ ਲਿਖਤਾਂ ਵਿਚ ਦੋਸ਼ ਵੇਖੇ ਜਾ ਸਕਦੇ ਹਨ। ਇਹਨਾਂ ਦੋਸ਼ਾਂ ਲਈ ਸੰਤ ਸਿੰਘ ਸੇਖੋਂ ਵਿਅਕਤੀ ਰੂਪ ਵਿਚ ਕਿੰਨਾ ਕੁਝ ਜ਼ਿੰਮੇਵਾਰ ਹੈ ਉਹ ਤਾਂ ਦਸਿਆ ਹੀ ਜਾ ਚੁਕਿਆ ਹੈ ਪਰ ਇਹ ਦੋਸ਼ ਵੀ ਉਹਨਾਂ ਸਮਾਚਾਰਾਂ ਦਾ ਹੀ ਅਨਿਵਾਰੀ ਸਿੱਟਾ ਹਨ ਜਿੰਨ੍ਹਾਂ ਦੇ ਅੰਤਰਗਤ ਸੇਖੋਂ ਦੀ ਪ੍ਰਤਿਭਾ ਨੇ ਵਿਕਾਸ ਪਾਇਆ। ਪੰਜਾਬੀ ਸਾਹਿਤ ਤੇ ਚਿੰਤਨ ਦੇ ਖੇਤਰ ਵਿਚ ਸੇਖੋਂ ਦਾ ਸਥਾਨ ਇਕ ਲੀਹ ਪਾਉਣ ਵਾਲੇ ਮੋਢੀ ਦਾ ਹੈ, ਪਰਿਪੂਰਨ ਮਾਰਕਸਵਾਦੀ ਦਾ ਨਹੀਂ।

ਪੰਜਾਬੀ ਵਿਚ ਮਾਰਕਸੀ ਸਾਹਿਤ ਧਾਰਾ ਤੇ ਮਾਰਕਸੀ ਚਿੰਤਨ ਦੇ ਵਿਕਾਸ ਲਈ ਇਹ ਜ਼ਰੂਰੀ ਸੀ ਕਿ ਸੇਖੋਂ ਦੀ ਲੀਹ ਉਤੇ ਚਲਦਿਆਂ ਹੋਇਆਂ ਉਸ ਤੋਂ ਅਗਾਂਹ ਲੰਘਿਆ ਜਾਂਦਾ, ਅਥਵਾ ਜੋ ਉਸਦੇ ਚਿੰਤਨ ਵਿਚ ਦੋਸ਼ ਰਹਿ ਗਏ ਹਨ, ਉਨ੍ਹਾਂ ਤੋਂ ਮੁਕਤ ਹੋਇਆ ਜਾਂਦਾ । ਵਿਅਕਤੀਗਤ ਪ੍ਰਤਿਭਾ ਨੂੰ ਯੋਗ ਥਾਂ ਦੇਣ ਦੇ ਬਾਵਜੂਦ ਮੰਨਣਾ ਪਏਗਾ ਕਿ ਇਹ ਕੁਝ ਵੀ ਇਸ ਗੱਲ ਉਤੇ ਨਿਰਭਰ ਕਰਦਾ ਹੈ ਕਿ ਪ੍ਰਾਪਤ ਸਮਾਚਾਰ ਕੀ ਹਨ ।

ਜਿਥੋਂ ਤਕ ਸਮਕਾਲੀ ਸਮਾਚਾਰਾਂ ਦਾ ਸੰਬੰਧ ਹੈ ਅਸੀਂ ਵੇਖਿਆ ਹੈ ਕਿ ਸਮਾਜਵਾਦੀ ਜਗਤ ਵਿਚ ਆਈ ਦੁਫਾੜ ਦੇ ਪ੍ਰਭਾਵ ਸਦਕਾ ਸਾਡੇ ਦੇਸ਼ ਵਿਚ ਵੀ ਸਾਮਵਾਦੀ ਲਹਿਰ ਵਿਚ ਖੜੋਤ ਆਈ । ਰਾਜ ਸੱਤਾ ਦੇਸੀ ਪੂੰਜੀਪਤੀ ਕੋਲ ਸੀ ਅਤੇ ਪੂੰਜੀਵਾਦੀ ਅਰਥ ਵਿਵਸਥਾ ਦੇ ਵਿਕਾਸ ਦੀਆਂ ਹਾਲੇ ਏਥੇ ਸੰਭਾਵਨਾਵਾਂ ਵੀ ਮੌਜੂਦ ਸਨ । ਇਸ ਲਈ ਮਾਰਕਸੀ ਵਿਚਾਰਧਾਰਾ ਦਾ ਉਹ ਬੋਲ ਬਾਲਾ ਨਾ ਰਿਹਾ ਜੋ ਸੇਖੋਂ ਦੇ ਸਾਹਿਤ ਜਗਤ ਵਿਚ ਪ੍ਰਵੇਸ਼ ਕਰਨ ਸਮੇਂ ਸੀ । ਇਹਨਾਂ ਪਰਿਸਥਿਤੀਆਂ ਵਿਚ ਕੋਈ ਹੈਰਾਨੀ ਵਾਲੀ ਗੱਲ ਨਹੀਂ ਕਿ ਪੰਜਾਬੀ ਸਾਹਿਤ ਜਗਤ ਅਤੇ ਬੁਧੀਜੀਵੀ ਮੰਡਲਾਂ ਵਿਚ ਅਜਿਹੇ ਮਾਰਕਸਵਾਦੀ ਨਹੀਂ ਉਭਰ ਸਕੇ ਜੋ ਸੇਖੋਂ ਤੋਂ ਅਗਾਂਹ ਜਾਂਦੇ । ਜਿਨ੍ਹਾਂ ਕੁਝ ਵਿਅਕਤੀਆਂ ਨੇ ਸਮੇਂ ਸਮੇਂ ਆਪਣੇ ਆਪ ਦੇ ਮਾਰਕਸੀ ਚਿੰਤਕ ਹੋਣ ਦੀ ਘੋਸ਼ਣਾ ਕੀਤੀ ਉਨ੍ਹਾਂ ਵਿਚੋਂ ਕੋਈ ਵੀ ਸੇਖੋਂ ਤੋਂ ਅਗਾਂਹ ਜਾਣਾ ਤਾਂ ਦੂਰ ਰਿਹਾ ਉਸਦੇ ਪੱਧਰ ਨੂੰ ਵੀ ਨਹੀਂ ਪੁਜ ਸਕਿਆ । ਮਧ ਵਰਗੀ ਸ਼੍ਰੇਣਿਕ ਚਰਿਤ੍ਰ ਵਾਲੇ ਇਹ ਲੋਕ ਪੂੰਜੀਵਾਦੀ ਸ਼ਾਸਨ ਵਿਵਸਥਾ ਨਾਲੋਂ ਟੁੱਟਣਾ ਵੀ ਨਹੀਂ ਸੀ ਚਾਹੁੰਦੇ ਅਤੇ ਆਪਣੇ ਆਪ ਨੂੰ ਮਾਰਕਸੀ ਵੀ ਅਖਵਾਉਣਾ ਚਾਹੁੰਦੇ ਸਨ । ਇਸ ਲਈ ਉਹ ਕੁਝ ਕੁਝ ਵਿਗਿਆਨਕ ਦਿਖ ਅਪਨਾਉਣ ਦੇ ਬਾਵਜੂਦ ਮਾਰਕਸਵਾਦ ਵਿਚ ਛਿਦਰ ਲੱਭਣਾ ਵੀ ਜ਼ਰੂਰੀ ਸਮਝਦੇ ਸਨ ਅਤੇ ਆਪਣੇ ਆਪਨੂੰ ਮਾਰਕਸਵਾਦੀ ਚਿੰਤਕ ਬਣਾਉਣ ਨਾਲੋਂ 'ਆਧੁਨਿਕਤਾਵਾਦੀ' ਤੇ 'ਨਵ ਮਾਰਕਸੀ' ਚਿੰਤਕ ਦਰਸਾਉਣ ਵਲ ਵਧੇਰੇ ਰੁਚਿਤ ਰਹੇ । ਅਤਰ ਸਿੰਘ ਤੇ ਤੇਜਵੰਤ ਸਿੰਘ ਵਰਗੇ ਆਲੋਚਕ ਤੇ ਬਹੁਤ ਸਾਰੇ ਸਮਕਾਲੀ ਸਾਹਿਤਕਾਰ ਏਸੇ ਕੋਟੀ ਵਿਚ ਆਉਂਦੇ ਹਨ ।

ਆਪਣੇ ਆਪਨੂੰ ਸ਼ੁਧ ਮਾਰਕਸਵਾਦੀ ਅਖਵਾਉਣ ਵਾਲੇ ਕਿਸ਼ਨ ਸਿੰਘ ਤੇ ਜਸਬੀਰ ਸਿੰਘ ਆਹਲੂਵਾਲੀਆ ਵਰਗੇ ਕੁਝ ਲੋਕ ਅਜਿਹੇ ਹਨ ਜਿਨ੍ਹਾਂ ਬਾਰੇ ਨਿਸ਼ਚੇ ਨਾਲ ਨਹੀਂ ਕਿਹਾ ਜਾ ਸਕਦਾ ਕਿ ਉਹ ਉਪਰੋਕਤ ਮਧ ਵਰਗੀ ਚਿੰਤਕਾਂ ਵਾਂਗ ਪਥ ਭ੍ਰਸ਼ਟ ਹੋਏ ਹਨ ਜਾਂ ਅਸਲ ਵਿਚ ਮਾਰਕਸਵਾਦ ਦੇ ਦੋਖੀ ਹਨ । ਉਂਝ ਜਿਵੇਂ ਉਹ ਮਾਰਕਸਵਾਦ ਵਿਚ ਘਚੋਲਾ ਪਾਉਂਦੇ ਅਤੇ ਮਾਰਕਸੀ ਧਾਰਨਾਵਾਂ ਨੂੰ ਉਲਟੇ ਰੁਖ ਖੜਾ ਕਰਦੇ ਹਨ ਉਸ ਤੋਂ ਉਹਨਾਂ ਨੂੰ ਮਗਰਲੀ ਕੋਟੀ ਵਿਚ ਹੀ ਗਿਣਨਾ ਯੋਗ ਪ੍ਰਤੀਤ ਹੁੰਦਾ ਹੈ । ਸਪਸ਼ਟ ਹੈ ਕਿ ਇਹ ਲੋਕ ਜਦੋਂ ਸੇਖੋਂ ਦੀਆਂ ਧਾਰਨਾਵਾਂ ਨੂੰ ਚੁਣੌਤੀ ਦਿੰਦੇ ਹਨ ਤਾਂ ਉਨ੍ਹਾਂ ਦਾ ਉਦੇਸ਼ ਸੇਖੋਂ ਦੀ ਮਾਰਕਸਵਾਦੀ ਸਮਝ ਦੇ ਦੋਸ਼ਾਂ ਨੂੰ ਦੂਰ ਕਰਨਾ ਨਹੀਂ ਹੁੰਦਾ ਉਹ ਤਾਂ ਸਗੋਂ ਸਮੁੱਚੀ ਮਾਰਕਸੀ ਦ੍ਰਿਸ਼ਟੀ ਨੂੰ ਹੀ ਚੁਣੌਤੀ ਦਿੰਦੇ ਹਨ । ਇਸ ਤਰ੍ਹਾਂ ਨਾ ਇਹ ਤੇ ਨਾ ਪਹਿਲਾਂ ਗਿਣਾਏ ਚਿੰਤਕ ਸੇਖੋਂ ਦੇ ਵਾਰਿਸ ਬਣਨ ਦੇ ਸਮਰਥ ਹਨ ।

ਉਮੀਦ ਕੀਤੀ ਜਾਣੀ ਚਾਹੀਦੀ ਹੈ ਕਿ ਸਮਾਂ ਅਜਿਹੇ ਚਿੰਤਕ ਤੇ ਸਿਰਜਕ ਜ਼ਰੂਰ ਪੈਦਾ ਕਰੇਗਾ ਜੋ ਸੰਤ ਸਿੰਘ ਸੇਖੋਂ ਦੇ ਚਿੰਤਨ ਦੀ ਪਰੰਪਰਾ ਨੂੰ ਉਸਦੇ ਵਿਕਸਿਤ ਰੂਪ ਵਿਚ ਅਗਾਂਹ ਖੜਨਗੇ ।

□ [ਰਘਬੀਰ ਸਿੰਘ]



## 'ਲਹੂ ਦੀ ਲੋਅ' ਦਾ ਆਖ਼ਰੀ ਫਿਰਕਾ/ਕੇਸਰ ਸਿੰਘ 'ਕੇਸਰ'

ਜਸਵੰਤ ਸਿੰਘ 'ਕੰਵਲ' ਦਾ ਨਾਵਲ, 'ਲਹੂ ਦੀ ਲੋਅ' ਇਸ ਵਾਕ ਨਾਲ ਸਮਾਪਤ ਹੁੰਦਾ ਹੈ :

'ਕੌਫੀ ਪੀ ਕੇ ਉਹ ਦੋਵੇਂ ਲੋਕਾਂ ਦੀ ਭੀੜ ਵਿਚ ਵੜ ਗਏ ।'

ਨਾਵਲ ਉਤੇ ਤਰਦੀ ਨਜ਼ਰ ਮਾਰ ਕੇ ਵੀ ਜੇ ਇਸ ਫਿਕਰੇ ਨੂੰ ਪੂਰੇ ਨਾਵਲ ਦੇ ਪ੍ਰਸੰਗ ਵਿਚ ਰੱਖ ਕੇ ਦੇਖੀਏ ਤਾਂ ਵੀ ਇਉਂ ਜਾਪਦਾ ਹੈ ਕਿ 'ਕੰਵਲ' ਨੇ ਸੋਚ ਸਮਝ ਕੇ ਨਾਵਲ ਇਸ ਫਿਕਰੇ ਉਤੇ ਖ਼ਤਮ ਕੀਤਾ ਹੈ । ਇਸ ਵਿਚ 'ਕੰਵਲ' ਆਪਣੇ ਪਾਠਕ ਨੂੰ ਇਕ ਸੁਝਾਅ ਦੇਣਾ ਚਾਹੁੰਦਾ ਹੈ ਕਿ ਭਾਰਤ ਦੀਆਂ ਖੱਬੇ ਪੱਖੀ ਪਾਰਟੀਆਂ ਵਿਚੋਂ ਕੋਈ ਵੀ ਲੋਕਾਂ ਨਾਲ ਨਾ ਜੁੜੀ ਹੋਣ ਕਰਕੇ ਅਜੇ ਤਕ ਸਮਾਜਵਾਦੀ ਇਨਕਲਾਬ ਲਿਆਉਣ ਵਿਚ ਸਫਲ ਨਹੀਂ ਹੋ ਸਕੀ ਤੇ ਇਸ ਤਰੁੱਟੀ ਕਾਰਨ ਪੰਜਾਬ ਦੀ (ਤੇ ਭਾਰਤ ਦੀ ਵੀ) ਨੈਕਸਲਾਈਟ ਲਹਿਰ ਇਨਕਲਾਬ ਦੀ ਕੇਵਲ ਰੀਹਰਸਲ ਬਣ ਕੇ ਰਹਿ ਗਈ ਹੈ । ਇਸ ਲਈ ਖੱਬੇ ਧੜੇ ਦੇ ਵਿਅਕਤੀਆਂ ਨੂੰ ਆਪਣੇ ਮੰਤਵ ਵਿਚ ਸਫ਼ਲਤਾ ਪ੍ਰਾਪਤ ਕਰਨ ਲਈ ਲੋਕਾਂ (ਸਨਅਤੀ ਮਜ਼ਦੂਰਾਂ+ਖੇਤ ਮਜ਼ਦੂਰਾਂ+ਮੁਜ਼ਾਰਿਆਂ+ਮੰਝਲੇ ਕਿਸਾਨਾਂ) ਨਾਲ ਜੁੜ ਕੇ ਉਨ੍ਹਾਂ ਵਿਚ ਇਨਕਲਾਬ ਦੀ ਚੇਤਨਾ ਪੈਦਾ ਕਰਨੀ ਚਾਹੀਦੀ ਹੈ ।

ਪਰ ਨਾਵਲ ਨੂੰ ਦੂਜੀ ਵਾਰ ਰਤਾ ਗਹੁ ਨਾਲ ਪੜ੍ਹੀਏ ਤਾਂ ਇਹੋ ਫਿਕਰਾ ਇਸ ਤੋਂ ਕਿਤੇ ਵੱਧ ਅਰਥ-ਭਰਪੂਰ ਹੋ ਨਿਬੜਦਾ ਹੈ । ਜਿਵੇਂ ਸਮੁੱਚਾ ਨਾਵਲ ਇਸ ਫਿਕਰੇ ਨੂੰ ਅਰਥਾਂ ਨਾਲ ਭਰਪੂਰ ਕਰਦਾ ਹੈ ਤਿਵੇਂ ਇਹ ਫਿਕਰਾ ਵੀ ਨਾਵਲ ਦੀ ਵਸਤੂ-ਰੂਪ-ਰਚਨਾ ਦੇ ਪੂਰੇ ਪੈਟਰਨ ਤੇ ਉਸ ਪੈਟਰਨ ਦੇ ਇੱਕ ਇੱਕ ਪੱਖ ਨੂੰ ਵਧੇਰੇ ਉਘਾੜ ਕੇ ਸਾਡੇ ਸਾਹਮਣੇ ਲਿਆਉਂਦਾ ਹੈ । ਇਸ ਫਿਕਰੇ ਨੂੰ ਤੋੜ ਤੋੜ ਕੇ ਪੜ੍ਹੀਏ ਤਾਂ ਨਾਵਲ ਦੇ ਸਾਰੇ ਪੱਖ ਵਾਰੋ ਵਾਰੀ ਸਾਡੇ ਜ਼ਿਹਨ ਵਿਚੋਂ ਦੀ ਗੁਜ਼ਰਦੇ ਹਨ :

1. **ਕੌਫੀ ਪੀ ਕੇ ਲੋਕਾਂ ਦੀ ਭੀੜ ਵਿਚ** : ਨਾਵਲ ਦੀ ਕਥਾ ਦਾ ਵਿਕਾਸ ।
2. **ਕੌਫੀ ਪੀ ਕੇ ਉਹ ਦੋਵੇਂ** : ਨਾਵਲ ਦੇ ਪਾਤਰਾਂ ਦਾ ਜਮਾਤੀ ਚਰਿਤ੍ਰ ।
3. **ਲੋਕਾਂ ਦੀ ਭੀੜ** : ਭਾਰਤੀ ਜਨ-ਸਮੂਹ ਦੀ ਮਾਨਸਿਕ ਹਾਲਤ ।
4. **ਭੀੜ ਵਿਚ ਵੜ ਗਏ** : ਪਾਤਰਾਂ ਦਾ ਕਾਰਜ ਤੇ ਕਾਰਜ-ਵਿਧੀ ।
5. **ਕੌਫੀ ਪੀ ਕੇ ਉਹ ਦੋਵੇਂ ਲੋਕਾਂ ਦੀ ਭੀੜ ਵਿਚ ਵੜ ਗਏ** : ਨਾਵਲ ਦੇ ਵਿਸ਼ੇ ਦੀ ਸੀਮਾ ਤੇ ਨਾਵਲ ਦੀ ਸ਼ੈਲੀ ।

'ਲਹੂ ਦੀ ਲੋਅ' ਦੀ ਕਥਾ ਦਾ ਆਧਾਰ ਪੰਜਾਬ ਦੀ ਨੈਕਸਲਾਈਟ ਲਹਿਰ ਦਾ ਇਕ ਪੜਾਅ (1967-71) ਹੈ । ਇਸ ਲਹਿਰ ਦਾ ਆਰੰਭ ਬੰਗਾਲ ਵਿਚ ਦਾਰਜੀਲਿੰਗ ਦੇ ਇਕ ਸਥਾਨ ਨਕਸਲਬਾੜੀ ਤੋਂ ਹੋਇਆ ਤੇ ਲਗਭਗ ਸਾਰੇ ਭਾਰਤ ਵਿਚ ਇਹ ਜੰਗਲ ਦੀ ਅੱਗ ਵਾਂਗ ਫੈਲ ਗਈ । ਚਾਰੂ ਮੌਜਮਦਾਰ ਨੇ ਇਸ ਦੀ ਅਗਵਾਈ ਕੀਤੀ ਤੇ ਨਕਸਲਬਾੜੀ ਦੇ 'ਬੇਦਖਲ ਮੁਜ਼ਾਰਿਆਂ' ਨੇ 'ਜਾਗੀਰਦਾਰਾਂ ਦੇ ਗੁੰਡਿਆਂ' ਅਤੇ 'ਅੰਨ੍ਹੀ ਪੋਲੀਸ ਫੋਰਸ' ਨਾਲ ਟੱਕਰ ਲਈ । ਬੰਗਾਲ

ਦੀ ਸਾਂਝੇ ਮੋਰਚੇ ਦੀ ਗ਼ੈਰ-ਕਾਂਗਰਸੀ ਤੇ ਮਾਰਕਸਵਾਦੀ ਕਮਊਨਿਸਟ ਪਾਰਟੀ ਦੀ ਬਹੁ-ਗਿਣਤੀ ਵਾਲੀ ਸਰਕਾਰ ਵੀ ਮੁਜ਼ਾਰਿਆਂ ਦਾ ਕੁਝ ਨਾ ਸੰਵਾਰ ਸਕੀ। ਗੱਲ ਵਧ ਗਈ ਅਤੇ ਵਧਦੀ ਵਧਦੀ ਪੰਜਾਬ ਤੱਕ ਪਹੁੰਚ ਗਈ। ਨਾਵਲ ਵਿਚ ਇਹ ਦਿਖਾਇਆ ਗਿਆ ਹੈ ਕਿ ਪੰਜਾਬ ਵਿਚ 1967 ਦੀਆਂ ਚੋਣਾਂ ਵਿਚ ਕਾਂਗਰਸ ਹਾਰ ਗਈ, ਪਰ ਭਾਰਤੀ ਕਮਿਊਨਿਸਟ ਪਾਰਟੀ ਬਹੁ-ਗਿਣਤੀ ਵਿਚ ਨਾ ਜਿੱਤਣ ਕਰਕੇ ਆਪਣੀ ਤਾਂ ਕੀ, ਬੰਗਾਲ ਵਰਗੀ ਸਾਂਝੀ ਸਰਕਾਰ ਬਣਾਉਣ ਵਿਚ ਵੀ ਸਫ਼ਲ ਨਾ ਹੋ ਸਕੀ। ਪਾਰਟੀ ਦੇ ਕੁਝ ਸੁਹਿਰਦ ਵਰਕਰਾਂ ਤੇ ਪੜ੍ਹੇ ਲਿਖੇ ਨੌਜਵਾਨਾਂ ਨੂੰ ਇਹ ਸਾਬਤ ਹੋ ਗਿਆ ਕਿ 'ਚੋਣਾਂ ਸਰਮਾਇਦਾਰੀ ਦਾ ਵਿਧਾਨਕ ਪਖੰਡ ਹੈ', ਚੋਣਾਂ ਨਾਲ ਸਮਾਜਵਾਦੀ ਇਨ-ਕਲਾਬ ਆਉਣ ਦੀ ਕੋਈ ਸੰਭਾਵਨਾ ਨਹੀਂ। ਨਕਸਲਬਾੜੀ ਲਹਿਰ ਨੇ ਉਨ੍ਹਾਂ ਦੀ ਇਸ ਸੋਚ ਦੀ ਪੁਸ਼ਟੀ ਕੀਤੀ ਤੇ ਉਨ੍ਹਾਂ ਨੇ ਪੰਜਾਬ ਵਿਚ ਵੀ ਮੁਜ਼ਾਰਿਆਂ ਤੇ ਦਿਹਾੜੀਦਾਰਾਂ ਨੂੰ ਹਥਿਆਰ-ਬੰਦ ਘੋਲ ਲਈ ਤਿਆਰ ਕਰਨਾ ਸ਼ੁਰੂ ਕੀਤਾ। ਪੰਜਾਬ ਸਰਕਾਰ ਨੇ ਸਤਲੁਜ ਦੇ ਆਸ ਪਾਸ ਦੀ ਪੰਦਰਾਂ ਸੌ ਏਕੜ ਭੋਏਂ ਮੁਜ਼ਾਰਿਆਂ ਤੋਂ ਖੋਹਕੇ ਇਕ ਸੇਠ ਨੂੰ 99 ਸਾਲ ਵਾਸਤੇ ਲੀਜ਼ ਉਤੇ ਦਿਤੀ ਹੋਈ ਸੀ, ਇਸ ਲਈ ਇਨਕਲਾਬੀ ਨੌਜਵਾਨਾਂ ਨੇ ਪੰਜਾਬ ਦੀ ਨਕਸਲਬਾੜੀ ਲਹਿਰ ਦਾ ਬਾਨ੍ਹਣੂ ਸੇਠ ਦੇ ਫਾਰਮ ਤੋਂ ਹੀ ਬੰਨ੍ਹਣਾ ਸ਼ੁਰੂ ਕੀਤਾ। ਮਿਹਰ ਸਿੰਘ ਤੇ ਧੀਰੋ ਰਾਮ ਇਸ ਦੀ ਅਗਵਾਈ ਕਰਨ ਲੱਗੇ। ਆਪਣੇ ਬਾਪੂ ਤੇ ਸੀ. ਪੀ. ਆਈ. ਦੇ ਉਮੀਦਵਾਰ, ਹੀਰਾ ਸਿੰਘ, ਦੀ ਅਸੰਬਲੀ ਚੋਣਾਂ ਵਿਚ ਹੋਈ ਹਾਰ ਤੇ ਬੇਇਜ਼ਤੀ ਤੋਂ ਨਿਰਾਸ਼ ਹੋ ਕੇ, ਪ੍ਰੀਤਮ ਸਿੰਘ ਵੀ ਮਿਹਰ ਸਿੰਘ ਨੂੰ ਆ ਮਿਲਿਆ। ਮਿਹਰ ਸਿੰਘ ਉਸ ਵੇਲੇ ਯੂਨੀਵਰਸਿਟੀ ਵਿਚ ਕਲਰਕ ਸੀ ਤੇ ਉਸ ਨੇ ਆਪਣੇ ਦੋਸਤ ਪ੍ਰੋਫੈਸਰਾਂ ਦੀ ਸਹਾਇਤਾ ਨਾਲ ਯੂਨੀਵਰਸਿਟੀ ਦੇ ਛੋਟੇ ਕਰਮਚਾਰੀਆਂ ਦੀ ਯੂਨੀਅਨ ਖੜ੍ਹੀ ਕਰ ਲਈ ਸੀ ਤੇ ਉਹ ਆਪ ਇਸ ਦਾ ਸਕੱਤਰ ਸੀ। ਪ੍ਰੀਤਮ ਸਿੰਘ ਵੀ, ਮਿਹਰ ਸਿੰਘ ਵਾਂਗ, ਗਰੀਬ ਕਿਸਾਨ ਦਾ, ਬੀ.ਏ. ਤੱਕ ਪੜ੍ਹਿਆ, ਪੁੱਤ ਸੀ, ਪਰ ਅਜੇ ਉਸ ਨੂੰ ਕਿਧਰੇ ਨੌਕਰੀ ਨਹੀਂ ਸੀ ਮਿਲੀ। ਉਸ ਨੂੰ ਸਰਦਾਰ ਲੱਖਾ ਸਿੰਘ (ਕਾਂਗਰਸੀ ਉਮੀਦਵਾਰ) ਕੋਲੋਂ ਆਪਣੇ ਪਿਓ ਦੇ ਚੋਣ ਹਾਰਨ ਦਾ ਇੰਨਾ ਦੁੱਖ ਨਹੀਂ ਸੀ ਜਿੰਨਾ ਇਕ ਛੋਟੇ ਥਾਣੇਦਾਰ, ਸਵਰਨ ਸਿੰਘ, ਵਲੋਂ ਹੋਈ ਆਪਣੇ ਬਾਪੂ ਦੀ ਬੇਇਜ਼ਤੀ ਦਾ। "ਪੀਤੂ ਦੀ ਅੱਚਵੀ ਸਵਰਨੇ ਦੇ ਛੇਤੀ ਹੱਡ ਭੰਨਣਾ ਚਾਹੁੰਦੀ ਸੀ", ਇਸ ਲਈ "ਮਨ ਦਾ ਭਾਰ ਹੌਲਾ ਕਰਨ ਲਈ ਉਹ ਆਪਣੇ ਆੜੀ ਤੇ ਬੀ.ਏ. ਤਕ ਰਹੇ ਜਮਾਤੀ ਮਿਹਰ ਸਿੰਘ ਕੋਲ ਰਾਜਧਾਨੀ ਚਲਿਆ ਗਿਆ"। ਮਿਹਰ ਸਿੰਘ ਨੇ ਉਸ ਨੂੰ ਸਮਝਾਇਆ ਕਿ ਸੇਠ ਦੇ ਫਾਰਮ 'ਤੇ ਮੁਜ਼ਾਰਿਆਂ ਤੇ ਦਿਹਾੜੀਦਾਰਾਂ ਨੂੰ ਹਥਿਆਰਬੰਦ ਘੋਲ ਲਈ ਤਿਆਰ ਕੀਤਾ ਜਾ ਰਿਹਾ ਹੈ, ਕਾਹਲਾ ਨਾ ਵਗ। ਤੇ ਫੇਰ "ਉਹਨਾਂ ਕੌਫੀ ਹਾਊਸ ਨੂੰ ਮੋੜਾ ਪਾ ਲਿਆ"। "ਕੌਫੀ ਹਾਊਸ ਵਿਚ ਵੜਨ ਤੋਂ ਪਹਿਲਾਂ ਮਿਹਰ ਸਿੰਘ ਨੇ ਪੀਤੂ ਨੂੰ ਆਪਣਾ ਹਮ ਖਿਆਲ ਬਣਾ ਲਿਆ"।

ਇਹ ਨਾਵਲ ਦੀ ਕਥਾ ਦੀ ਭੂਮਿਕਾ ਹੈ।

ਕਥਾ ਦਾ ਆਰੰਭ ਗਰਮ ਗਰਮ ਕੌਫੀ ਤੇ ਗਰਮ ਗਰਮ ਬਹਿਸ ਨਾਲ ਸਫ਼ਾ 49 ਤੋਂ ਹੁੰਦਾ ਹੈ।

"ਲੋਹਾ ਗਰਮ ਹੋਏ ਬਿਨਾਂ ਸਾਨੂੰ ਹਥੌੜਾ ਨਹੀਂ ਚੁਕਣਾ ਚਾਹੀਦਾ।"

"ਲੋਹਾ ਆਪਣੇ ਆਪ ਗਰਮ ਹੋ ਜਾਵੇਗਾ ?"

ਮਿਹਰ ਸਿੰਘ ਤੇ ਪ੍ਰੀਤਮ (ਪੀਤੂ) ਦਾ ਇਹ ਨਿੱਕਾ ਜਿਹਾ ਸੰਬਾਦ ਭਾਰਤ ਦੀਆਂ ਖੱਬੀਆਂ ਪਾਰਟੀਆਂ





ਦੇ ਆਪਸੀ ਵਿਰੋਧ ਦਾ ਤੇ ਹਰ ਪਾਰਟੀ ਦੇ ਸ੍ਵੈ-ਵਿਰੋਧ ਦਾ ਸੂਚਕ ਹੈ ਤੇ ਇਹੋ ਸੰਬਾਦ ਇਸ ਨਾਵਲ ਦੀ ਕਹਾਣੀ ਦਾ ਮੂਲ ਹੈ।

ਇਥੇ "ਲੋਹਾ" ਲੋਕਾਂ ਦਾ/ਲੋਕ ਸ਼ਕਤੀ ਦਾ ਚਿੰਨ੍ਹ ਹੈ। ਲੋਹੇ ਨੂੰ ਪਿਘਲਾ ਕੇ ਬੰਦੂਕ ਦੀ ਨਾਲੀ ਬਨਾਉਣ ਲਈ ਮਿਹਰ ਸਿੰਘ ਸਿਰ ਤੋੜ ਜਤਨ ਕਰ ਰਿਹਾ ਸੀ ਤੇ ਉਹ ਉਸ ਕੁਦਰਤੀ ਮੌਕੇ ਦੀ ਉਡੀਕ ਵਿਚ ਸੀ ਜਦੋਂ ਬੰਦੂਕ ਦੀ ਨਾਲੀ ਨੇ ਤਿਆਰ ਹੋਣਾ ਸੀ ਤੇ ਇਨਕਲਾਬੀ ਨੌਜਵਾਨਾਂ ਦੇ ਲਹੂ ਦੇ ਬਾਰੂਦ ਨੇ ਇਸ ਵਿਚੋਂ ਦੀ ਠੀਕ ਨਿਸ਼ਾਨੇ ਵੱਲ ਨਿਕਲਣਾ ਸੀ। ਪਰ, ਉਸ ਦੇ ਉਲਟ, "ਪੀਤੂ ਕੁਦਰਤੀ ਮੌਕੇ ਦੀ ਉਡੀਕ ਨਹੀਂ ਕਰਨਾ ਚਾਹੁੰਦਾ ਸੀ।" ਇਹੋ ਨਾਵਲ ਦੀ ਕਹਾਣੀ ਦਾ ਅੰਦਰੂਨੀ ਵਿਰੋਧ ਹੈ, ਜਿਹੜਾ ਬਾਹਰਲੇ ਵਿਰੋਧਾਂ ਦਾ ਜਨਮ ਦਾਤਾ ਤੇ ਕਹਾਣੀ ਦੇ ਵਿਕਾਸ ਦੀ ਧੁਰੀ ਬਣਦਾ ਹੈ। ਇਕ ਪਾਸੇ ਮਿਹਰ ਸਿੰਘ, ਪੁੰਨਾ ਤੇ ਬੂਟਾ ਸਿੰਘ ਹਨ, ਜਿਹੜੇ ਸਮਝਦੇ ਹਨ ਕਿ ਅਸੀਂ ਕਾਹਲੀ ਕਰ ਰਹੇ ਹਾਂ ਤੇ ਸਾਨੂੰ ਰਾਜ ਤੇ ਸਮਾਜ ਨੂੰ ਚੰਗੀ ਤਰ੍ਹਾਂ ਸਮਝ ਕੇ ਤੇ ਪਾਰਟੀ ਨੂੰ ਸਹੀ ਢੰਗ ਨਾਲ ਵਿਉਂਤਬੰਦ ਕਰਕੇ ਹੀ ਅਗਲਾ ਕਦਮਾ ਪੁੱਟਣਾ ਚਾਹੀਦਾ ਹੈ, ਦੂਜੇ ਪਾਸੇ ਧੀਰੋ ਰਾਮ, ਪੀਤੂ, ਮਾਸਟਰ ਹਮੀਰ ਸਿੰਘ ਤੇ ਗੁਰਦੇਵ ਵਰਗੇ ਪਾਤਰ ਹਨ, ਜਿਹੜੇ ਕਹਿੰਦੇ ਹਨ ਕਿ "ਐਕਸ਼ਨ ਸ਼ੁਰੂ ਕਰੋ। ਐਕਸ਼ਨ ਸਾਡੀ ਪਾਰਟੀ ਦੇ ਵਿੰਗ ਵਲ ਆਪ ਹੀ ਕੱਢ ਲਵੇਗਾ। ਅਮਲ ਸਿਧਾਂਤ ਦਾ ਬਾਪੂ ਏ।" ਇਨ੍ਹਾਂ ਵਿਚ ਪਹਿਲੀ ਧਿਰ ਸਕਾਰਕ (ਪਾਜ਼ੇਟਿਵ) ਹੈ ਤੇ ਦੂਜੀ ਨਕਾਰਕ (ਨੈਗੇਟਿਵ) ਦੋਹਾਂ ਦੀ ਏਕਤਾ ਵਿਚੋਂ ਕਥਾ ਦਾ ਵਿਕਾਸ ਹੁੰਦਾ ਹੈ। ਕਥਾ ਇਸ ਅੰਦਰੂਨੀ ਵਿਰੋਧ ਦੇ ਸੁਲਝਾਓ ਵੱਲ ਵਧਦੀ ਹੈ ਤੇ ਅਠੱਤੀਵੇਂ ਕਾਂਡ ਵਿਚ ਪਹਿਲੀ ਧਿਰ ਦੀ ਲਾਈਨ ਨੂੰ ਠੀਕ ਮੰਨ ਲਿਆ ਜਾਂਦਾ ਹੈ, ਪਰ ਉਸ ਨੂੰ ਵੀ ਜਿਉਂ-ਦਾ-ਤਿਉਂ ਨਹੀਂ ਮੰਨਿਆ ਜਾਂਦਾ, ਉਸ ਵਿਚੋਂ ਵੀ ਕਾਫ਼ੀ ਕੁਝ ਰੱਦ ਕੀਤਾ ਜਾਂਦਾ ਹੈ। ਦੋਵੇਂ ਵਿਰੋਧੀ ਧਿਰਾਂ ਆਪਣੇ ਅਮਲ ਦੁਆਰਾ ਨਵੀਂ ਏਕਤਾ ਪ੍ਰਾਪਤ ਕਰਦੀਆ ਹਨ, ਪਰ ਇਸ ਅਮਲ ਦੇ ਦਰਸ਼ਕ ਤੇ ਹਮਦਰਦ, ਸੁਰਮੇਲ ਤੇ ਸੰਤੋਖ, ਕਾਫੀ ਹਾਊਸ (ਦੇਖੋ ਨਾਵਲ ਦਾ ਪਹਿਲਾ ਅਧਿਆਇ) ਵਿਚ ਅਜੇ ਵੀ ਪਹਿਲੇ ਪੰਜਾਲੇ ਉਤੇ ਬੈਠੇ ਝੂਟੀ ਜਾ ਰਹੇ ਹਨ। ਸੁਰਮੇਲ ਮਿਹਰ ਸਿੰਘ ਵਾਲੇ ਸਿਰੇ 'ਤੇ ਬੈਠਾ ਹੈ ਤੇ ਸੰਤੋਖ ਧੀਰੋ ਰਾਮ (ਧੀਰੋ ਰਾਮ ਦੇ ਇਖ਼ਲਾਕੀ ਪੱਖ ਨੂੰ ਛੱਡ ਕੇ) ਦੇ ਸਿਰੇ 'ਤੇ। । ਕਥਾ ਦੇ ਅੰਤ ਵਿਚ ਵੀ ਸੰਤੋਖ ਨੂੰ ਇਉਂ ਜਾਪਦਾ ਹੈ ਕਿ "ਸਾਰਾ ਲਹੂ ਧਰਤੀ ਵਿਚ ਜੀਰ ਕੇ ਬਰੂਦ ਹੋ ਗਿਆ ਏ" ਤੇ ਗੱਲ ਸਿਰਫ਼ ਬੱਤੀ ਸੀਖਣ ਖੁਣੋਂ ਰਹਿ ਗਈ ਹੈ।

ਖ਼ੈਰ ! ਕੌਫੀ ਪੀ ਕੇ ਉਹ ਦੋਵੇਂ (ਮਿਹਰ ਸਿੰਘ ਤੇ ਪੀਤੂ) ਜਦੋਂ ਬੱਸ ਸਟੈਂਡ 'ਤੇ ਅੱਪੜੇ ਤਾਂ ਉਨ੍ਹਾਂ ਨੂੰ ਮਾਸਟਰ ਹਮੀਰ ਸਿੰਘ ਨੇ ਆ ਫੜਿਆ ਤੇ ਦੱਸਿਆ ਕਿ ਸੇਠ ਦੇ ਫਾਰਮ ਦੇ ਦਿਹਾੜੀਦਾਰ ਪਾਟ ਗਏ ਹਨ। ਉਹ ਉਸ ਦੇ ਨਾਲ ਹੋ ਤੁਰੇ ਤੇ ਸੰਤਾ ਸਿੰਘ ਮੁਜ਼ਾਰੇ ਦੇ ਪਿੰਡ ਪਹੁੰਚ ਗਏ। ਉਥੇ ਉਨ੍ਹਾਂ ਨੂੰ ਪਤਾ ਲੱਗਾ ਕਿ "ਫਾਰਮ ਦੇ ਮੈਨੇਜਰ ਨੇ ਭਜਨੇ ਨੂੰ ਹੱਡ ਦੇ ਕੇ ਆਪਣੇ ਅੱਡੇ ਲਾ ਲਿਆ ਏ ਤੇ ਉਸ ਇਕ ਰੁਪਈਆ ਵਧਾ ਕੇ ਦਿਹਾੜੀਦਾਰਾਂ ਨੂੰ ਭਰਮਾ ਲਿਆ ਏ।" ਸੰਤਾ ਸਿੰਘ ਦੇ ਘਰ ਇਸ ਮਸਲੇ ਨੂੰ ਸੁਲਝਾਉਣ ਲਈ ਮੀਟਿੰਗ ਕੀਤੀ ਗਈ। ਮੀਟਿੰਗ ਵਿਚ, ਮੁਜ਼ਾਰਿਆਂ ਦੇ ਇਕ ਰਿਸ਼ਤੇਦਾਰ, ਗੁਰਦੇਵ ਸਿੰਘ, ਨੇ ਦਰਿੜ੍ਹ ਇਰਾਦੇ ਨਾਲ ਆਖਿਆ, "ਅੱਜ ਈ ਭਜਨੇ ਨੂੰ ਨਸਾ ਲ ਦਿਓ। ਕਲ ਨੂੰ ਜਰਕਕੇ ਦਿਹਾੜੀਦਾਰ ਗ਼ਦਾਰੀ ਕਰਨ ਦਾ ਹੀਂਆ ਈ ਨਹੀਂ ਕਰਨਗੇ।" ਮਾਸਟਰ ਹਮੀਰ ਸਿੰਘ ਨੇ ਗੁਰਦੇਵ ਦੇ ਆਖੇ ਦੀ ਹਮਾਇਤ ਕਰ ਦਿਤੀ। "ਮੈਂ ਤਿਆਰ ਆਂ। ਭਜਨੇ ਨੂੰ ਮਾਰਨਾ ਨਹੀਂ, ਖਾਲੀ ਡਰਾਵਾ ਹੀ ਦੇਣਾ ਏ।" ਮਿਹਰ ਸਿੰਘ ਨੇ ਅਣਮੰਨੇ ਦਿਲ

ਨਾਲ ਹਾਮੀ ਭਰ ਦਿਤੀ। ਪਰ ਹੋਇਆ ਇਹ ਕਿ ਇਸ ਡਰਾਵੇ ਦੇ ਐਕਸ਼ਨ ਵਿਚ ਭਜਨੇ ਦੀਆਂ ਦੋਵੇਂ ਲੱਤਾਂ ਟੁਟ ਗਈਆਂ।

ਇਥੇ ਆ ਕੇ ਮਿਹਰ ਸਿੰਘ ਤੇ ਪੀਤੂ ਦਾ ਵਿਰੋਧ ਮੁਜ਼ਾਰਿਆਂ ਤੇ ਦਿਹਾੜੀਦਾਰਾਂ ਦੇ ਪਰ-ਸਪਰ ਵਿਰੋਧ ਨੂੰ ਜਨਮ ਦਿੰਦਾ ਹੈ ਅਤੇ ਨਕਸਲਬਾੜੀ ਲਹਿਰ 'ਮੁਜ਼ਾਰੇ-ਦਿਹਾੜੀਦਾਰ' ਦੀ ਸਾਂਝੀ ਬੁਨਿਆਦ ਦੀ ਥਾਂ ਕੇਵਲ ਮੁਜ਼ਾਰਿਆਂ ਅਥਵਾ ਗਰੀਬ ਕਿਸਾਨੀ ਉਤੇ ਨਿਰਭਰ ਹੋ ਜਾਂਦੀ ਹੈ ਤੇ ਨਾਵਲ ਦੀ ਕਹਾਣੀ ਅੱਗੇ ਤੁਰਦੀ ਹੈ।

ਜਮਾਂਦਾਰ ਸੁਰੈਣ ਸਿੰਘ ਦੀ ਮੁਖ਼ਬਰੀ ਗੁਰਦੇਵ ਦੀ ਗਰਿਫ਼ਤਾਰੀ ਦਾ ਕਾਰਨ ਬਣ ਗਈ। ਗੁਰਦੇਵ ਭਜਨੇ ਵਾਲੇ ਕੇਸ ਵਿਚੋਂ, ਸ਼ਨਾਖਤ ਨਾ ਹੋ ਸਕਣ ਕਾਰਨ, ਸਾਫ਼ ਬਰੀ ਹੋ ਗਿਆ ਤੇ ਪੋਲੀਸ ਦੇ ਝੂਠੇ ਬਣਾਏ ਚੋਰੀ ਦੇ ਕੇਸ ਵਿਚ ਉਸ ਦੀ ਜ਼ਮਾਨਤ ਹੋ ਗਈ। "ਉਹ ਖਾਂਦੇ ਪੀਂਦੇ ਘਰ ਦਾ ਸੋਹਲ ਮੁੰਡਾ ਸੀ" ਪੋਲੀਸ ਦੀ ਹੱਡ ਭੰਨਵੀਂ ਮਾਰ ਅਤੇ ਚੋਰੀ ਦੇ ਝੂਠੇ ਕੇਸ ਨੇ ਉਸ ਦੇ ਅੰਦਰ ਗੁੱਸੇ ਦੀ ਜੁਆਲਾ ਲਾਟੀਂ ਬਾਲ ਦਿਤੀ। ਉਹ ਸਾਥੀਆਂ ਵਿਚ ਲਕੀਰ ਖਿੱਚ ਕੇ ਖਲੋ ਗਿਆ : 'ਸਭ ਤੋਂ ਪਹਿਲਾਂ ਸਵਰਨੇ ਤੇ ਡਿਪਟੀ ਹਰਿੰਦਰ ਨੂੰ ਮਾਰਨਾ ਏਂ।' 'ਬਿਲਕੁਲ ਠੀਕ' ਪੀਤੂ ਨੇ ਸਾਰੇ ਦਿਲ ਨਾਲ ਹਿੱਕ ਨੂੰ ਹੱਥ ਲਾ ਕੇ ਹਵਾ ਵਿਚ ਮੁੱਕਾ ਤਾਣ ਲਿਆ। "ਮਿਹਰ ਸਿੰਘ ਹਾਲਾਤ ਦੀ ਜਾਂਚ ਕਰੇ ਬਿਨਾਂ ਕੁਝ ਨਹੀਂ ਕਰਨਾ ਚਾਹੁੰਦਾ ਸੀ। ਦੂਜੇ ਪਾਸੇ ਬੈਂਤਾਂ ਦੀ ਮਾਰ ਹੇਠ ਆਇਆ ਗੁਰਦੇਵ ਸਿੰਘ ਦਾ ਕੂਲਾ ਪਿੰਡਾ ਚਿਣਗਾਂ ਛਡ ਰਿਹਾ ਸੀ। ਪੀਤੂ ਉਸ ਨਾਲੋਂ ਕਾਹਲਾ ਸੀ। ਮਿਹਰ ਸਿੰਘ ਨੇ ਅਣਮੰਨੇ ਦਿਲ ਨਾਲ ਸਾਥੀਆਂ ਦੀ ਬਹੁ-ਸੰਮਤੀ ਅੱਗੇ ਦਲੀਲ ਦੇ ਹਥਿਆਰ ਸੁੱਟ ਦਿਤੇ................. ਉਹ ਜਮਾਤ [ਇਕੱਠ] ਨੂੰ ਇਕ ਹੀਣੀ ਭੁਲ ਕਰ ਕੇ ਵੀ ਜੁੜਵੀਂ ਬਣਾਈ ਰਖਣਾ ਚਾਹੁੰਦਾ ਸੀ। ਡਿਪਟੀ ਨੂੰ ਛੱਡ ਕੇ ਸਵਰਨੇ ਉਤੇ ਐਕਸ਼ਨ ਦਾ ਫੈਸਲਾ ਸਰਬ-ਸੰਮਤੀ ਨਾਲ ਹੋ ਗਿਆ।" ਪਰ ਇਹ ਐਕਸ਼ਨ ਫੇਹਲ ਹੋਇਆ ਤੇ ਪਾਰਟੀ [ਜਿਹੜੀ ਕਿ ਮਿਹਰ ਸਿੰਘ ਨੂੰ ਹੁਣ ਸਿਰਫ਼ 'ਜਮਾਤ' ਜਾਪਦੀ ਹੈ] ਨੂੰ ਲੋਕਾਂ ਤੋਂ ਸਗੋਂ ਦੂਰ ਲਿਜਾਣ ਦਾ ਕਾਰਨ ਬਣਿਆ। ਲੋਕਾਂ ਤੋਂ ਨਿਖੜ ਜਾਣ ਦੇ ਖਤਰੇ ਨੂੰ ਟਾਲਣ ਲਈ ਜੁਆਲੇ, ਸਤਿਨਾਮ ਤੇ ਭੋਲੇ ਤੋਂ ਸੁਰੈਣ ਸਿੰਘ ਨੂੰ ਮਰਵਾਇਆ ਗਿਆ। ਬਦਲੇ ਵਿਚ ਪੋਲੀਸ ਨੇ ਉਨ੍ਹਾਂ ਤਿੰਨਾਂ ਨੂੰ ਮਾਰ ਕੇ ਭੱਠੇ ਵਿਚ ਸੁੱਟ ਦਿਤਾ। ਲਾਸ਼ਾਂ ਦੇਖਣ ਲਈ ਲੋਕਾਂ ਦੀ ਭੀੜ ਜੁੜੀ, ਪਰ ਪੋਲੀਸ ਤੇ ਮਿਲਟਰੀ ਦੇ "ਫਾਇਰਾਂ ਦੀ ਟੀਂ-ਟੀਂ ਸੁਣ ਕੇ ਲੋਕਾਂ ਦਾ ਜੋਸ਼ ਲਹਿ ਗਿਆ," ਤੇ ਹੌਲੀ ਹੌਲੀ ਸਭ ਖਿਸਕ ਗਏ। ਲੋਕਾਂ ਦੇ ਉਸ 'ਜੰਗਲ' ਵਿਚ ਧੀਰੋ ਤੇ ਪੀਤੂ ਵਿਚੋਂ ਕੋਈ ਵੀ ਹਾਜ਼ਰ ਨਹੀਂ ਸੀ। ਮਿਹਰ ਸਿੰਘ ਵੀ ਸਤਿਨਾਮ ਦੀ ਮਾਂ ਦੀਆਂ ਚੀਕਾਂ ਸੁਣ ਕੇ ਉਥੇ ਖਲੋ ਨਹੀਂ ਸਕਿਆ ਅਤੇ ਆਪਣੇ ਨਾਨਕੇ ਪਿੰਡ, ਬਾਬੇ ਮਿਰਗਿੰਦ ਕੋਲ, ਚਲਾ ਗਿਆ।

ਲਓ ਜੀ, ਗੱਲ ਕੌਫੀ ਤੋਂ ਲੋਕਾਂ ਦੀ ਭੀੜ ਤੱਕ ਪਹੁੰਚ ਗਈ ਹੈ। ਪਾਤਰਾਂ ਦੇ ਇਕੱਠ ਦਾ ਅੰਦਰੂਨੀ ਵਿਰੋਧ ਮਾਤਰਾ ਵਿਚ ਵਧ ਰਿਹਾ ਹੈ। ਘਟ-ਗਿਣਤੀ ਦੀ ਦਲੀਲ ਉਤੇ ਬਹੁ-ਗਿਣਤੀ ਦੀ ਅਤਿਭਾਵੁਕਤਾ ਭਾਰੂ ਹੋ ਰਹੀ ਹੈ। (ਅੱਗੋਂ ਇਹੋ ਅਤਿਭਾਵੁਕਤਾ ਸਮੁੱਚੀ ਲਹਿਰ ਨੂੰ ਕ੍ਰਾਂਤੀ-ਕਾਰੀ, ਪਰ ਰੋਮਾਂਟਿਕ ਤੇ ਯਰਕਾਊ ਐਕਸ਼ਨਾਂ ਵੱਲ ਤੋਰਦੀ ਹੈ)। ਇਸੇ ਅੰਦਰੂਨੀ ਵਿਰੋਧ ਦਾ ਦੋ ਬਾਹਰਲੇ ਵਿਰੋਧਾਂ ਦੇ ਰੂਪ ਵਿਚ ਵਿਸਫੋਟ ਹੁੰਦਾ ਹੈ। ਪਹਿਲਾ ਵਿਰੋਧ ਨਕਸਲਵਾੜੀ ਲਹਿਰ ਤੇ ਪੋਲੀਸ ਅਥਵਾ ਰਾਜ ਸੱਤਾ ਦਾ ਹੈ ਤੇ ਦੂਜਾ ਇਨਕਲਾਬੀ ਸੂਰਮਿਆਂ ਤੇ ਲੋਕਾਂ ਦੀ ਭੀੜ ਦਾ।



ਇਹ ਤਿੰਨੇ ਪਰਸਪਰ ਵਿਰੋਧੀ ਧਿਰਾਂ ਇਕ ਦੂਜੇ ਦੀ ਹੋਂਦ ਦਾ ਕਾਰਨ ਬਣਦੀਆਂ ਹਨ, ਇਹੋ ਇਨ੍ਹਾਂ ਦੀ ਏਕਤਾ ਹੈ। ਪਰ ਇਹ ਏਕਤਾ ਤਿੰਨਾਂ ਦੇ ਵਿਕਾਸ ਵਿਚ ਬਹੁਤ ਘੱਟ ਸਹਾਇਕ ਹੁੰਦੀ ਹੈ ਕਿਉਂਕਿ ਇਨ੍ਹਾਂ ਤਿੰਨਾਂ ਵਿਚੋਂ ਹਰ ਇਕ ਦੇ ਅੰਦਰ ਵੀ ਤੇ ਇਨ੍ਹਾਂ ਦੇ ਪਰਸਪਰ ਸੰਬੰਧਾਂ ਵਿਚ ਵੀ ਨੈਗੇਟਿਵ ਪੱਖ ਪਾਜ਼ੇਟਿਵ ਉਤੇ, ਲੋੜ ਤੋਂ ਵੱਧ, ਭਾਰੂ ਰਹਿੰਦਾ ਹੈ। ਪਾਰਟੀ ਦੀ ਮੀਟਿੰਗ ਹੁੰਦੀ ਹੈ, ਅੰਦਰੂਨੀ ਵਿਰੋਧੀ ਧਿਰਾਂ ਆਪੋ ਵਿਚ ਖਹਿੰਦੀਆਂ ਹਨ, ਅਤਿਭਾਵੁਕਤਾ ਜਿੱਤਦੀ ਹੈ, ਐਕਸ਼ਨ ਦਾ ਫੈਸਲਾ ਹੁੰਦਾ ਹੈ, ਕਿਸੇ 'ਵੱਢ ਖਾਣੇ' ਪੁਲੀਸ ਅਫਸਰ ਜਾਂ ਮੁਖਬਰ ਨੂੰ ਪਾਰ ਬੁਲਾ ਦਿਤਾ ਜਾਂਦਾ ਹੈ, ਪੋਲੀਸ ਮੋੜਵਾਂ ਤਸ਼ੱਦਦ ਕਰਦੀ ਹੈ ਤੇ "ਮਿਹਰ ਸਿੰਘ ਦੀ ਦੇਸਤ ਰਾਈਫਲ ਕੇਵਲ ਹੌਲ ਕੇ ਰਹਿ ਜਾਂਦੀ ਹੈ।" ਇਹ ਰੂਪ ਲਹਿਰ ਤੇ ਪੋਲੀਸ ਦੀ ਡਾਇਲੈਕਟਿਕ ਦਾ ਹੈ। ਪੋਲੀਸ ਦੇ ਤਸ਼ੱਦਦ ਨਾਲ ਸੂਰਮਿਆਂ ਦਾ ਲਹੂ ਬਲਦਾ ਹੈ, ਲੋਕਾਂ ਦੀ ਭੀੜ ਜੁੜਦੀ ਹੈ, 'ਲੋਹਾ' ਜ਼ਰਾ ਜਿੰਨਾ ਗਰਮ ਹੁੰਦਾ ਹੈ, ਪਰ ਬੰਦੂਕ ਦੀ ਨਾਲੀ ਬਣਨ ਦੀ ਥਾਂ ਇਹ ਉਸ 'ਸੱਬਲ' ਦਾ ਰੂਪ ਧਾਰਦਾ ਹੈ ਜਿਸ ਨਾਲ ਪੋਲੀਸ ਤਾਰੇ ਦਾ ਘਰ ਢਾਹੁੰਦੀ ਹੈ। ਇਹ ਸੂਰਮਗਤੀ ਤੇ ਲੋਕਾਂ ਦੀ ਭੀੜ ਡਾਇਲੈਕਟਿਕ ਦਾ ਰੂਪ ਹੈ। ਪਹਿਲੀ ਡਾਇਲੈਕਟਿਕ ਨਾਵਲ ਦੀ ਬਣਤਰ (**Structure**) ਦੀ ਹੈ ਤੇ ਦੂਜੀ ਇਸ ਦੀ ਬੁਣਤੀ (**texture**) ਦੀ। ਦੋਵੇਂ ਮਿਲਕੇ ਨਾਵਲ ਦਾ ਰੂਪ ਬਣਦੀਆਂ ਹਨ। ਇਸ ਤਰ੍ਹਾਂ ਕਥਾ, ਕਥਾਨਕ ਦਾ ਰੂਪ ਧਾਰਦੀ ਹੈ। ਅੱਗ ਦਾ ਬੀਜ ਦੀਵਿਆਂ ਦਾ ਬ੍ਰਿਛ ਬਣਦਾ ਹੈ। ਪਰ ਨਾਵਲ ਦੇ ਪੈਟਰਨ ਦੀ ਚਰਚਾ ਕਰਨ ਲਈ ਮੈਂ ਦੀਵਿਆਂ ਦੇ ਬ੍ਰਿਛ ਦੀ ਥਾਂ 'ਫੁੱਲਝੜੀ' ਦਾ ਰੂਪਕ ਵਰਤਣਾ ਚਾਹੁੰਦਾ ਹਾਂ। ਇਹ ਪੈਟਰਨ ਦਸਤਾਵੇਜ਼ ਵਰਗਾ ਨਹੀਂ, ਫੁੱਲਝੜੀ ਵਰਗਾ ਹੈ। ਲੋਕਾਂ ਦੀ ਭੀੜ, ਲੋਹੇ ਦੀ ਠੰਡੀ ਸਰੀ ਹੈ ਜਿਸਨੂੰ ਗਰਮਾਉਣ ਲਈ ਯੋਧੇ ਪਾਤਰਾਂ ਦਾ ਲਹੂ (ਸੂਰਮਗਤੀ) ਬਾਰੂਦ ਵਾਂਗ ਸਰੀ ਦੇ ਦੁਆਲੇ ਲਿਪਟਦਾ ਹੈ। ਪਾਤਰ ਬਾਰੂਦ ਦੇ ਕਿਣਕਿਆਂ ਵਾਂਗ ਆਪੋ ਵਿਚ ਰਗੜ ਖਾ ਕੇ, (ਜਾਂ ਬਾਹਰਲੀ ਕਿਸੇ ਸੀਖ ਨਾਲ) ਅਗਨ ਤਰੰਗਾਂ ਦਾ ਰੂਪ ਧਾਰਦੇ ਹਨ। ਇਉਂ ਵੱਖ ਵੱਖ ਕਣ-ਸਮੂਹ (ਆਮ ਤੌਰ ਤੇ ਤਿੰਨ ਤਿੰਨ ਦੇ ਜੁੱਟ) ਇਕੋ ਵਾਰ ਅਗਨ-ਤਰੰਗਾਂ ਤੇ ਅੱਗ-ਫੁੱਲਾਂ ਦਾ ਰੂਪ ਧਾਰ ਕੇ ਪਲ-ਛਿਣ ਲਈ ਲੋਅ ਕਰਦੇ ਹਨ ਤੇ ਮੌਜੂਦਾ ਨਿਜ਼ਾਮ ਦੇ ਗੰਦੇ ਪਾਣੀ ਵਿਚ, ਸਰੀ ਤੋਂ ਕਿਤੇ ਪਰ੍ਹਾਂ, ਡਿੱਗ ਕੇ ਬੁੱਝ ਜਾਂਦੇ ਹਨ। ਹਰੇਕ ਅਗਨ-ਤਰੰਗ ਸਰੀ ਤੋਂ ਵਾਰੀ ਜਾਂਦੀ ਹੈ, ਉਸ ਨੂੰ ਗਰਮ ਵੀ ਕਰਦੀ ਹੈ, ਪਰ ਨਾ ਤਾਂ ਇਹ ਬਾਰੂਦ ਉਸ ਦੇ ਅੰਦਰ ਜੀਰਿਆ ਹੈ ਤੇ ਨਾ ਹੀ ਉਸਨੂੰ ਪਿਘਲਾ ਸਕਿਆ ਹੈ। ਸਾਰੀਆਂ ਅਗਨ ਤਰੰਗਾਂ ਜਦੋਂ ਫੁਲਝੜੀ ਦੇ ਪਿੰਡੇ ਤੇ ਇਕੋ ਵਾਰ ਉਠਦੀਆਂ ਹਨ ਤਾਂ ਸਾਧਾਰਨ ਦਰਸ਼ਕ ਨੂੰ ਇਨ੍ਹਾਂ ਵਿਚ ਦੁਹਰਾਓ ਨਜ਼ਰ ਆਉਂਦਾ ਹੈ। ਜੇ ਇਹ ਦੁਹਰਾਓ ਵੀ ਹੈ, ਤਾਂ ਵੀ ਫੁੱਲਝੜੀ ਦੀ ਸਾਰੀ ਖ਼ੂਬਸੂਰਤੀ ਇਸੇ ਵਿਚ ਹੈ। ਪਰ ਫੁੱਲਝੜੀ ਆਖਰ ਫੁਲਝੜੀ ਹੈ, ਬੰਦੂਕ ਦੀ ਨਾਲੀ 'ਚੋਂ ਨਿਕਲਿਆ ਬਾਰੂਦ ਨਹੀਂ। ਫੁੱਲਝੜੀ ਦਾ ਮਹੱਤਵ ਕੇਵਲ ਉਸ ਦੇ ਰੋਮਾਂਸ ਵਿਚ ਹੈ।

ਇਸ ਫੁੱਲਝੜੀ ਦੀ ਹਰੇਕ ਅਗਨ-ਤਰੰਗ ਦੂਜੀ ਵਰਗੀ ਹੁੰਦੀ ਹੋਈ ਵੀ ਉਸ ਤੋਂ ਵੱਖਰੀ ਹੈ। ਨਾਵਲ ਦਾ ਹਰੇਕ ਕ੍ਰਾਂਤੀਕਾਰੀ ਪਾਤਰ ਆਪਣੇ ਆਪ ਵਿਚ ਇਕ ਨਾਇਕ ਹੈ ਤੇ ਸਾਰੇ ਰਲ ਕੇ ਮਾਨਵ ਜਾਤੀ ਦੇ ਸਮੁੱਚੇ ਨਾਇਕਤਵ ਦਾ ਪ੍ਰਤੀਕ ਬਣਦੇ ਹਨ। ਨਾਵਲ ਵਿਚ ਇਹ ਨਾਇਕਤਵ (**Heroism**) ਮਾਨਵ ਦੇ ਸਮੁੱਚੇ ਅਤੀਤ (ਆਦਮ/ਕ੍ਰਿਸ਼ਣ/ਅਰਜਨ/ਗੁਰੂ ਗੋਬਿੰਦ ਸਿੰਘ/ਗ਼ਦਰੀ ਬਾਬੇ/ਭਗਤ ਸਿੰਘ) ਤੇ ਵਰਤਮਾਨ (ਵੀਅਤਨਾਮ, ਅਫਰੀਕਾ, ਤੇ ਲੈਟਿਨ ਅਮਰੀਕਾ ਆਦਿਕ ਦੇ ਗੁਰੀਲੇ) ਵਿਚ ਫੈਲਿਆ ਪ੍ਰਤੀਤ ਹੁੰਦਾ ਹੈ। ਉਪਰੋਕਤ ਪੈਟਰਨ ਦਾ ਇਹ ਵਡੇਰਾ ਰੂਪ

ਵੀ ਫੁੱਲਝੜੀ ਵਰਗਾ ਹੀ ਹੈ ਤੇ ਇਹ ਫੁੱਲਝੜੀ ਹਰ ਦੇਸ਼ ਤੇ ਹਰ ਕਾਲ ਵਿਚ ਚੱਲਦੀ ਨਜ਼ਰੀਂ ਪੈਂਦੀ ਹੈ । ਨਾਵਲ ਦਾ ਪੈਟਰਨ ਇਕ ਵਿਸ਼ੇਸ਼ ਦੇਸ਼ ਤੇ ਕਾਲ ਵੱਲ ਸੰਕੇਤ ਕਰਦਾ ਹੋਇਆ ਵੀ, ਇਤਿਹਾਸਕ ਯਥਾਰਥ ਨਾਲ ਸੰਬੰਧਿਤ ਹੁੰਦਾ ਹੋਇਆ ਵੀ, ਸਰਬਦੇਸ਼ੀ ਤੇ ਸਰਬ-ਕਾਲੀ ਹੈ । ਇਹੋ ਇਸ ਫੁੱਲਝੜੀ ਦੇ ਰੋਮਾਂਸ ਦੀ ਸਾਰਥਿਕਤਾ (significance) ਹੈ । ਇਹ ਨਾਇਕਤਵ, ਇਹ ਰੋਮਾਂਸ ਮਨੁੱਖ ਨੂੰ ਪਸ਼ੂ ਤੋਂ ਨਿਖੇੜਦਾ ਹੈ ਤੇ ਮਨੁੱਖ ਸਮਾਜਕ ਇਨਕਲਾਬਾਂ ਦਾ ਜਨਮ-ਦਾਤਾ ਬਣਦਾ ਹੈ । ਵਕਤੀ ਨਫ਼ੇ ਨੁਕਸਾਨ ਦੀ ਦ੍ਰਿਸ਼ਟੀ ਤੋਂ ਇਸ ਦੀ ਨਿੰਦਿਆ ਹੋ ਸਕਦੀ ਹੈ, ਪਰ ਸਮੁੱਚੇ ਤੌਰ ਤੇ ਇਸ ਰੋਮਾਂਸ ਦਾ ਖ਼ਾਸਾ ਕ੍ਰਾਂਤੀਕਾਰੀ ਹੋਣ ਕਰਕੇ ਇਹ 'ਮਨੁੱਖ' ਨੂੰ 'ਮਨੁੱਖ' ਬਣਨ ਲਈ ਪ੍ਰੇਰਿਤ ਕਰਦਾ ਹੈ । ਇਸੇ ਲਈ ਪ੍ਰਸ਼ੰਸਾ ਯੋਗ ਹੈ । ਮਹਾਨ ਲੈਨਿਨ ਦਾ ਕਥਨ ਹੈ :

"ਕਹਿਣ ਦੀ ਲੋੜ ਨਹੀਂ ਕਿ ਰੋਮਾਂਸਵਾਦ ਤੋਂ ਉੱਕਾ ਹੀ ਪੱਲਾ ਛੁਡਾ ਕੇ ਸਾਡਾ ਕੰਮ ਨਹੀਂ ਚੱਲ ਸਕਦਾ । ਅਤਿ ਦੀ ਗ਼ਰੀਬੀ ਨਾਲੋਂ ਅਤਿ ਦੀ ਅਮੀਰੀ ਚੰਗੀ । ਅਸੀਂ ਹਮੇਸ਼ਾਂ ਹੀ ਇਨਕਲਾਬੀ ਰੋਮਾਂਸਵਾਦੀਆਂ ਦੇ ਹਮਦਰਦ ਰਹੇ ਹਾਂ, ਉਦੋਂ ਵੀ ਜਦੋਂ ਅਸੀਂ ਉਨ੍ਹਾਂ ਨਾਲ ਸਹਿਮਤ ਵੀ ਨਹੀਂ ਹੁੰਦੇ । ਮਿਸਾਲ ਵਜੋਂ, ਅਸੀਂ ਨਿੱਜੀ, ਯਰਕਾਊ ਐਕਸ਼ਨ ਤੋਂ ਹਮੇਸ਼ਾਂ ਸੰਕੋਚ ਕੀਤਾ ਹੈ, ਪਰ ਅਸੀਂ ਹਮੇਸ਼ਾਂ ਯਰਕਾਊਵਾਦੀਆਂ ਦੀ ਨਿੱਜੀ ਦਲੇਰੀ ਤੇ ਕੁਰਬਾਨੀ ਲਈ ਤਿਆਰ-ਬਰ-ਤਿਆਰ ਰਹਿਣ ਦੀ ਭਾਵਨਾ ਦੀ ਰੱਜ ਕੇ ਪ੍ਰਸ਼ੰਸਾ ਕੀਤੀ ਹੈ ।"

ਕੰਵਲ ਦਾ ਵੀ ਆਪਣੇ ਯੋਧੇ ਪਾਤਰਾਂ ਤੇ ਸਮੁੱਚੀ ਨਕਸਲਬਾੜੀ ਲਹਿਰ ਪ੍ਰਤੀ ਠੀਕ ਇਹ ਰਵੱਈਆ ਹੈ । ਉਸ ਨੇ ਸਿੱਧੇ-ਅਸਿੱਧੇ ਢੰਗ ਨਾਲ ਇਸ ਇਨਕਲਾਬੀ ਰੋਮਾਂਸ ਨੂੰ, ਮੌਜੂਦਾ ਭਾਰਤੀ ਸਮਾਜ ਦੇ ਪ੍ਰਸੰਗ ਵਿਚ, ਗਲਤ ਸਿੱਧ ਕੀਤਾ ਹੈ, ਪਰ ਸੁਰਮੇਲ (ਜਿਹੜਾ ਕਿ ਸਮੁੱਚੇ ਨਾਵਲ ਤੋਂ ਸਾਫ ਜਾਪਦਾ ਹੈ ਕਿ 'ਕੰਵਲ' ਆਪ ਹੈ) ਰਾਹੀਂ ਆਪਣੇ ਯੋਧੇ ਪਾਤਰਾਂ ਦੀ ਨਿੱਜੀ ਦਲੇਰੀ ਦੀ ਉਹ ਪ੍ਰਸ਼ੰਸਾ ਵੀ ਕਰਦਾ ਹੈ :

"ਜਿਹੜਾ ਸਾਰੇ ਸੁਆਦ ਤਿਆਗ ਕੇ ਲੋਕਾਂ ਉਤੇ ਆਪਣੀ ਜਿੰਦ ਵਾਰ ਦੇਵੇ, ਧਾਰਮਿਕ ਗਰੰਥਾਂ ਤੋਂ ਲੈ ਕੇ ਮਾਰਕਸਿਜ਼ਮ ਤੱਕ, ਉਸ ਵਰਗਾ ਮਹਾਨ ਹੀਰੋ ਕਿਸੇ ਕਿਤਾਬ ਵਿਚ ਨਹੀਂ ਲਿਖਿਆ । ਨਿਰੀ ਜਿੰਦ ਹੀ ਨਹੀਂ, ਇਹ ਆਪਣਾ ਸਾਰਾ ਜਹਾਨ ਦੇਣ ਵਰਗੀ ਗੱਲ ਹੈ ।"

ਉਪਰੋਕਤ ਟੂਕ ਵਿਚ ਦੋ ਵਾਕੰਸ਼ ਖਾਸ ਤੌਰ ਤੇ ਨੋਟ ਕਰਨ ਵਾਲੇ ਹਨ : 'ਸਾਰੇ ਸੁਖ ਸੁਆਦ' ਤੇ 'ਆਪਣਾ ਸਾਰਾ ਜਹਾਨ' ।

ਨਾਵਲ ਦੇ ਆਖਰੀ ਫਿਕਰੇ ਦਾ ਪਹਿਲਾ ਸ਼ਬਦ 'ਕੌਫੀ' ਕਿਸੇ 'ਸੁਖ ਸੁਆਦ' ਵੱਲ ਸੰਕੇਤ ਕਰਦਾ ਹੈ ਤੇ ਨਾਵਲ ਵਿਚ ਕਈ ਵਾਰ ਆਇਆ ਸ਼ਬਦ 'ਕੌਫੀ ਹਾਊਸ' ਜਾਂ 'ਰੈਸਤੋਰਾਂ' ਨਾਵਲ ਦੇ ਬਹੁ-ਗਿਣਤੀ ਪਾਤਰਾਂ ਦੇ "ਜਹਾਨ" ਦਾ ਪ੍ਰਤੀਕ ਹੈ ।

'ਕੌਫੀ', ਪੰਜਾਬੀ ਕਲਚਰ ਦੇ ਅਜੋਕੇ ਪ੍ਰਸੰਗ ਵਿਚ, ਮਧ ਵਰਗੀ/ਪੈਟੀ ਬੁਰਜੁਆ ਬੁਧੀਜੀਵੀਆਂ ਦੇ ਸੁਖ-ਸੁਆਦ ਵਿਚ ਸ਼ਾਮਲ ਹੈ । ਇਸ ਲਈ ਕੌਫੀ ਪੀਣਾ ਮਧ ਵਰਗੀ, ਖਾਸ ਕਰਕੇ ਪੈਟੀ ਬੁਰਜੁਆ, ਚਰਿਤ੍ਰ ਦਾ ਚਿੰਨ੍ਹ ਹੈ । ਸ਼੍ਰੇਣੀ-ਸਮਾਜ ਵਿਚ ਰਹਿੰਦਿਆਂ ਇਸ ਕਿਰਦਾਰ ਨੂੰ ਤਿਆਗ ਕੇ ਹੇਠਲੀ ਸ਼੍ਰੇਣੀ ਦੇ ਜਮਾਤੀ ਕਿਰਦਾਰ ਨਾਲ ਇਕਸੁਰ ਹੋਣਾ ਸਚਮੁੱਚ ਹੀ 'ਆਪਣਾ ਸਾਰਾ ਜਹਾਨ'/ ਆਪਣਾ ਵਰਗ ਲੋਕਾਂ ਦੇ ਲੇਖੇ ਲਾਉਣ ਵਾਲੀ ਗੱਲ ਹੈ । ਜੇ ਸਰਮਾਏਦਾਰੀ ਨਿਜ਼ਾਮ ਵਿਚ ਪੈਟੀ/ ਬੁਰਜੁਆ ਬੁੱਧੀਜੀਵੀ ਆਪਣੇ ਸ਼੍ਰੇਣੀ ਚਰਿਤ੍ਰ ਨੂੰ ਤਿਆਗਣ (ਆਪਣੀ ਜਮਾਤ ਨੂੰ ਛੱਡਣ) ਦੀ ਨਿੱਜੀ ਦਲੇਰੀ ਨਹੀਂ ਕਰ ਸਕਦਾ ਤਾਂ ਉਹ ਬੁਰਜੁਆਜ਼ੀ ਦਾ ਹੱਥ-ਠੋਕਾ ਬਣਦਾ ਹੈ । ਨਾਵਲ ਦੇ ਸ਼ੁਰੂ ਵਿਚ ਹੀ ਰੈਸਤੋਰਾਂ (ਕੌਫੀ ਹਾਊਸ) ਦੇ ਬਾਹਰ, ਸੁਰਮੇਲ ਪ੍ਰੋ: ਸੰਤੋਖ ਨੂੰ ਇਹੋ ਨੁਕਤਾ ਸਮਝਾ ਰਿਹਾ ਹੈ : "ਮਾਰਕਸ, ਐਂਗਲਜ਼ ਤੇ ਲੈਨਿਨ ਕੌਣ ਸਨ ? ਸਰਮਾਏਦਾਰੀ ਜੁਗ ਵਿਚ ਹਰ ਪ੍ਰੋਫੈਸਰ ਦੁਸ਼ਮਣ ਦਾ ਹਮਾਇਤੀ ਬਣਦਾ ਏ, ਜੇ ਕਰ ਉਸ ਦੀ ਚਾਲ ਕਾਮਿਆਂ ਨਾਲ ਪੈਰ ਨਹੀਂ ਮੇਚਦੀ ।" ਤੇ ਕਾਮਿਆ ਨਾਲ ਪੈਰ ਮੇਚਣ ਦਾ ਅਰਥ ਕੇਵਲ ਹਮਦਰਦੀ ਕਰਨਾ ਨਹੀਂ ਹੈ, ਪੀਤੂ ਤੇ ਮਿੰਦਰ ਦਾ ਇਹ ਸੰਬਾਦ ਇਸ ਤੱਥ ਦੀ ਪੁਸ਼ਟੀ ਕਰਦਾ ਹੈ :

"ਪੀਤੂ ਨੇ ਖੁਲ੍ਹੀ ਸੜਕ ਤੇ ਆ ਕੇ ਆਖਿਆ : "ਚਲੋ ਯਾਰ ਕੋਈ ਸੁਆਦ ਵਾਲੀ ਚੀਜ਼ ਖਾਈਏ........."ਸੁਆਦ ਬੁਰਜੁਆ ਰੁਚੀ ਐ ਤੇ ਲੋੜ ਪ੍ਰੋਲਤਾਰੀ ।" ਮਿੰਦਰ ਨੇ ਜਾਣ ਕੇ ਸਿਧਾਂਤਕ ਚੋਟ ਮਾਰੀ । "ਮਿਡਲ ਕਲਾਸੀਆ ਨਾਂ ਦੇ ਠੱਪੇ ਨਾਲ ਪ੍ਰੋਲਤਾਰੀ ਨਹੀਂ ਹੋ ਜਾਂਦਾ ।" ਪੀਤੂ ਨੇ ਮਿੰਦਰ ਦੀ ਇੱਟ ਦਾ ਜਵਾਬ ਪੱਥਰ ਨਾਲ ਦਿੱਤਾ ।"

ਇਸ ਲਈ ਨਾਵਲ ਵਿਚ 'ਕੌਫੀ' ਸ਼ਬਦ ਕਈ ਵਾਰ ਐਵੇਂ ਨਹੀਂ ਆਇਆ । ਲੱਖਾ ਸਿੰਘ, ਮੁਖਬੈਨ ਸਿੰਘ, ਜਮਨੇ, ਬੇਲੀ ਰਾਮ, ਜੁਆਲੇ ਮਜ੍ਹਬੀ, ਮਲਕੀਤ ਬੁੱਚੇ ਤੇ ਬਾਬਾ ਮਿਰਗਿੰਦ ਤੋਂ ਛੁੱਟ, ਸਾਰੇ ਗਿਣਨ ਯੋਗ ਪਾਤਰ (ਲਾ ਪੁਲੀਸ ਕਰਮਚਾਰੀਆਂ ਤੋਂ) 'ਮਿਡਲ ਕਲਾਸੀਏ' ਹਨ । ਮਾਸਟਰਾਂ, ਪ੍ਰੋਫੈਸਰਾਂ, ਕਲਰਕਾਂ, ਵਿਦਿਆਰਥੀਆਂ ਵਿਚੋਂ ਆਏ ਪਾਤਰ ਲੱਗਭਗ ਸਾਰੇ ਦੇ ਸਾਰੇ ਪੈਟੀ-ਬੁਰਜੁਆ ਹਨ, ਜਿਹੜੇ ਮੱਧ-ਕ੍ਰਿਸਾਣੀ ਨਾਲ ਸੰਬੰਧ ਰਖਦੇ ਹਨ ਤੇ ਪੜ੍ਹ ਲਿਖ ਰਹੇ, ਪੜ੍ਹ-ਲਿਖ ਕੇ ਨੌਕਰੀ ਕਰ ਰਹੇ ਜਾਂ ਨੌਕਰੀ ਦੀ ਭਾਲ ਵਿਚ ਹਨ ।

ਇਨ੍ਹਾਂ ਵਿਚੋਂ ਪੁਲੀਸ ਅਫ਼ਸਰ, ਯੂਨੀਵਰਸਿਟੀ ਦਾ ਡੀਨ ਪ੍ਰੋਫੈਸਰ ਤੇ ਮੁੱਛਲ ਪ੍ਰੋਫੈਸਰ ਭਾਲਿੰਦਰ ਸਿੰਘ, ਆਪਣੇ ਸੁਖ-ਸੁਆਦ, ਆਪਣੀ ਜਮਾਤ ਤੇ ਆਪਣੀ ਜਮਾਤੀ ਹੋਂਦ ਨੂੰ ਕਾਇਮ ਰੱਖਣ ਲਈ ਬੁਰਜੁਆਜ਼ੀ ਦੇ ਹੱਥ ਠੋਕੇ ਬਣਦੇ ਹਨ ।

ਸੁਰਮੇਲ, ਪ੍ਰੋ: ਸੰਤੋਖ ਤੇ ਪ੍ਰੋ: ਮੱਖਣ ਲੋਕਾਂ ਤੇ ਆਪਣੇ ਕ੍ਰਾਂਤੀਕਾਰ ਦੋਸਤਾਂ/ ਰਿਸ਼ਤੇਦਾਰਾਂ ਦੇ 'ਨਿੱਗਰ ਹਮਦਰਦ' ਹੁੰਦੇ ਹੋਏ ਵੀ ਆਪਣੇ ਜਮਾਤੀ ਕਿਰਦਾਰ ਨੂੰ ਨਾਂ-ਮਾਤਰ ਹੀ ਤਿਆਗ ਸਕੇ ਹਨ ।

ਵਿਦਿਆਰਥੀ ਮੱਘਰ ਸਿੰਘ ਵਰਗੇ ਕੁਝ ਪਾਤਰ ਇਨਕਲਾਬੀਆਂ ਨਾਲ ਚਾਰ ਕਦਮ ਮੇਚ ਕੇ ਹੀ ਪਿੱਛੇ ਹਟ ਗਏ ਹਨ ।

ਮਿਹਰ ਸਿੰਘ, ਗੁਰਜੀਤ, ਮਿੰਦਰ, ਹੁਕਮਾ, ਪੀਤੂ, ਤਾਰਾ, ਗੁਲਵੰਤ, ਹਨੀਫ, ਮਾਸਟਰ ਵੇਦ, ਮਾਸਟਰ ਹਮੀਰ ਸਿੰਘ, ਧੀਰੋ ਰਾਮ, ਬਲਵਿੰਦਰ, ਸਤਿਬੀਰ, ਆਦਿ ਉਨ੍ਹਾਂ ਵਿਅਕਤੀਆਂ ਵਿਚੋਂ ਹਨ ਜੋ ਕਿਸੇ ਨਾ ਕਿਸੇ ਕਾਰਨ ਆਪਣੀ ਜਮਾਤ ਨੂੰ ਤਿਆਗਣ ਤੇ ਲੋਕਾਂ ਦੀ ਭੀੜ ਦੇ ਨਾਲ ਜੁੜਕੇ ਪ੍ਰੋਲਤਾਰੀ ਚਰਿਤ੍ਰ (ਜਿਸ ਦਾ ਜ਼ਿਕਰ ਪਹਿਲੋਂ ਹੋ ਚੁਕਾ ਹੈ) ਨੂੰ ਅਪਨਾਉਣ ਦੀ ਹਿੰਮਤ ਕਰਦੇ ਹਨ। 'ਕੌਫ਼ੀ' ਤੋਂ 'ਬਕਰੀਆਂ ਦੇ ਦੁਧ' ਤੱਕ ਪਹੁੰਚਦੇ ਹਨ । ਇਨ੍ਹਾਂ ਵਿਚੋਂ ਵੀ ਪੰਜ-ਛੇ ਪਾਤਰ ਹੀ ਵਧੇਰੇ ਚੇਤੰਨ ਤੇ ਪ੍ਰੋੜ੍ਹ ਹਨ, ਬਾਕੀ ਦੇ ਲਹਿਰ ਦੇ ਨਾਲ ਮਜਬੂਰਨ ਰਗੜੇ ਖਾ ਕੇ ਪੱਕੇ ਹੁੰਦੇ ਹਨ । ਨਾਵਲ ਵਿਚੋਂ ਇਹ ਗੱਲ ਸਿੱਧ ਹੁੰਦੀ ਹੈ ਕਿ ਇਹ 'ਹੀਰੋ' ਪਾਤਰ ਵੀ ਆਪਣੇ ਮਧ-ਵਰਗੀ/ਪੈਟੀ-

ਬੁਰਜੂਆ ਚਰਿਤ੍ਰ ਤੋਂ ਪੂਰੀ ਤਰ੍ਹਾਂ ਖਹਿੜਾ ਨਹੀਂ ਛੁਡਾ ਸਕੇ (ਧੀਰੋ ਰਾਮ ਤਾਂ ਮੁੜ ਕੇ ਉਸ ਸੁਆਦ ਵੱਲ ਝਾਕਣ ਦੀ ਸਜ਼ਾ ਵੀ ਪਾਉਂਦਾ ਹੈ)।

ਇਨ੍ਹਾਂ ਦੇ ਮਧ-ਵਰਗੀ ਚਰਿਤ੍ਰ ਦਾ ਪਹਿਲਾ ਸਬੂਤ ਇਹ ਹੈ ਕਿ ਇਹ, ਸੁਰਮੇਲ ਵਾਂਗ, ਆਪਣੀ ਮਧ-ਵਰਗੀ ਹੋਂਦ ਨੂੰ 'ਬੜਾ ਕੁਝ' ਸਮਝਦੇ ਹਨ ਤੇ ਆਮ ਲੋਕਾਂ ਦੇ ਜੀਵਨ ਤੋਂ ਉਚੇਰਾ ਵੀ ਸਮਝਦੇ ਹਨ। ਇਨ੍ਹਾਂ ਨੂੰ ਇਹ ਜਮਾਤੀ ਭੁਲੇਖਾ (class fallacay) ਹੈ ਕਿ ਅਸੀਂ 'ਆਪਣਾ ਸਾਰਾ ਜਹਾਨ' ਤੇ 'ਸੁਖ-ਸੁਆਦ' ਲੋਕਾਂ ਲਈ ਕੁਰਬਾਨ ਕਰ ਰਹੇ ਹਾਂ, ਹਾਲਾਂ ਕਿ ਗੱਲ ਇਸ ਤੋਂ ਉਲਟ ਹੈ ਕਿਉਂਕਿ ਇਨ੍ਹਾਂ ਵਿਚੋਂ ਹਰ ਕਿਸੇ ਦੀ ਜ਼ਿੰਦਗੀ ਥੁੜ, ਦਰਿਦਰਤਾ, ਕਰਜ਼ੇ, ਮਹਿੰਗਾਈ ਆਦਿ ਦੇ ਗਲਘੋਟੂ ਵਾਤਾਵਰਣ ਵਿਚ ਬੀਤ ਰਹੀ ਹੈ। ਨਾਵਲ ਦੇ ਆਰੰਭ ਵਿਚ ਹੀ ਰੈਸਤੋਰਾਂ ਦਾ ਸੰਘੱਟ ਇਸ ਗਲਘੋਟੂ ਮਾਹੌਲ ਦਾ ਪ੍ਰਤੀਕ ਹੈ :

"ਰੈਸਤੋਰਾਂ ਦੇ ਅੰਦਰ ਪਤਾ ਨਹੀਂ ਕਿਹੋ ਜਿਹਾ ਸੰਘੱਟ ਸੀ ਕਿ ਸਾਹ ਖਿੱਚ ਕੇ ਲੈਣਾ ਪੈਂਦਾ ਸੀ। ਬਾਹਰਲੀ ਤਾਜ਼ੀ ਹਵਾ ਤੇ ਰੌਣਕ ਨੇ ਦੋਹਾਂ ਨੂੰ ਇਕ ਵਾਰ ਖੇੜੇ ਵਿਚ ਲੈ ਆਂਦਾ।"

"ਪਤਾ ਨਹੀਂ ਕਿਹੋ ਜਿਹਾ ਸੰਘੱਟ ਸੀ ?" ਦਾ ਸਪਸ਼ਟੀਕਰਨ ਉਸ ਸਫ਼ੇ ਤੇਪ ੜ੍ਹੋ ਜਿਥੋਂ ਨਾਵਲ ਦੀ ਕਹਾਣੀ ਆਰੰਭ ਹੁੰਦੀ ਹੈ :

"ਮਸ਼ੀਨ ਵਾਂਗ ਕਿਉਂ ਨਹੀਂ ਚਲਦਾ, ਤੈਨੂੰ ਹੋਇਆ ਕੀ ਐ ?" ਮਾਲਕ ਨੇ ਬਹਿਰੇ ਨੂੰ ਘੂਰਿਆ। ਪੀਤੂ ਤੇ ਮਿਹਰ ਸਿੰਘ ਦਾ ਧਿਆਨ ਆਪਣੀ ਲਗਨ ਤੋੜ ਕੇ ਬਹਿਰੇ ਤੇ ਮਾਲਕ ਦੇ ਵਿਰੋਧ ਨਾਲ ਆ ਜੁੜਿਆ। ਉਹਨਾਂ ਦਾ ਕੌਫੀ ਪੀਣ ਦਾ ਸੁਆਦ ਆਤਮ-ਘਾਤ ਕਰਕੇ ਰਹਿ ਗਿਆ।"

ਭੁਲੇਖਾ ਇਹ ਹੈ ਕਿ 'ਕੌਫੀ ਪੀਣ' ਦਾ 'ਸੁਆਦ' ਬਹਿਰੇ ਦੀ ਹਮਦਰਦੀ ਵਿਚ ਆਤਮ-ਘਾਤ ਕਰਦਾ ਹੈ। (ਇਹ ਸਾਰੇ ਸਿਆਪੇ ਜਾਗਦੀ ਜ਼ਮੀਰ ਨੂੰ ਹਨ)। ਨਾਵਲਕਾਰ ਖ਼ੁਦ ਵੀ ਇਸੇ ਭੁਲੇਖੇ ਵਿਚ ਬਹਿਰੇ ਦੇ ਦੁੱਖ ਨੂੰ "ਗਵਾਂਢ ਦੇ ਕੀਰਨੇ" ਦੱਸਦਾ ਹੈ। ਪਰ ਜ਼ਰਾ ਮਧ-ਵਰਗੀ ਜਮਾਤ ਦੀ ਸਮਾਜਕ ਪੋਜ਼ੀਸ਼ਨ (ਸੰਘੱਟ) ਵੱਲ ਧਿਆਨ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਇਹ ਕੀਰਨੇ ਗਵਾਂਢ (ਬਹਿਰੇ) ਦੇ ਨਹੀਂ, ਮਿਹਰ ਸਿੰਘ ਤੇ ਪੀਤੂ ਦੇ ਆਪਣੇ ਹਨ। ਮਿਹਰ ਸਿੰਘ ਆਪਣੇ ਦਫਤਰ ਵਿਚ, ਸ਼ਾਇਦ ਕਈ ਵਾਰ, ਆਪਣੇ ਆਪ ਨੂੰ ਬਹਿਰੇ ਤੋਂ ਵੀ ਭੈੜੀ ਹਾਲਤ ਵਿਚ ਮਹਿਸੂਸ ਕਰ ਚੁਕਿਆ ਹੋਵੇ।

ਆਪਣੀ ਜਮਾਤੀ ਪੋਜ਼ੀਸ਼ਨ ਤੋਂ ਭਲੀ ਭਾਂਤ ਚੇਤੰਨ ਨਾ ਹੋਣ ਕਾਰਨ ਹੀ ਉਨ੍ਹਾਂ ਨੂੰ ਜਾਪਦਾ ਹੈ ਜਿਵੇਂ ਉਹ ਆਪਣੇ ਲਈ ਨਹੀਂ, ਇਨਕਲਾਬ ਲੋਕਾਂ ਲਈ ਲਿਆ ਰਹੇ ਹਨ। ਨਾਵਲ ਵਿਚ ਸਿਰੇ ਤੱਕ ਉਹ ਇਹ ਮਹਿਸੂਸ ਕਰਦੇ ਹਨ ਕਿ ਅਸੀ ਲੋਕਾਂ ਲਈ ਪ੍ਰਣ ਲਿਆ ਹੈ, ਪਰ ਲੋਕ ਸਾਨੂੰ ਸਮਝ ਨਹੀਂ ਸਕੇ।

ਇਹ ਵਿਅਕਤੀਵਾਦੀ ਹਉਮੈਂ ਹੀ ਉਨ੍ਹਾਂ ਨੂੰ ਵਿਅਕਤੀਗਤ ਕਤਲਾਂ, ਬਦਲੇ ਦੀ ਭਾਵਨਾ ਤੇ ਯਰਕਾਊਵਾਦ ਤੋਂ ਮੁਕਤ ਨਹੀਂ ਹੋਣ ਦਿੰਦੀ। ਤੇ ਉਹ ਕਦੇ ਵੀ ਪੂਰੀ ਤਰਾਂ ਲੋਕਾਂ ਨਾਲ ਇਕ-ਮਿਕ ਨਹੀਂ ਹੁੰਦੇ।

ਲੋਕਾਂ ਨਾਲ ਇਕ-ਮਿਕ ਨਾ ਹੋਣ ਕਰਕੇ ਉਹ ਇਖ਼ਲਾਕੀ ਸ਼ੁੱਧਵਾਦ (Moral Puritanism) ਉਤੇ ਲੋੜ ਤੋਂ ਵੱਧ ਜ਼ੋਰ ਦਿੰਦੇ ਹਨ।



ਇਨਕਲਾਬੀ ਪਾਤਰਾਂ ਦੇ ਆਪਣੀ ਜਮਾਤੀ ਹੋਂਦ ਤੋਂ ਪੂਰੀ ਤਰ੍ਹਾਂ ਮੁਕਤ ਨਾ ਹੋਣ ਦਾ ਇੱਕ ਸਬੂਤ ਇਹ ਵੀ ਹੈ ਕਿ ਆਰੰਭ ਤੋਂ ਲੈ ਕੇ ਅੰਤ ਤਕ ਉਹ ਆਰਥਿਕ ਤੌਰ ਤੇ ਆਪਣੇ ਹੀ ਵਰਗ ਉਤੇ ਨਿਰਭਰ ਰਹੇ ਹਨ। ਫੰਡ ਉਨ੍ਹਾਂ ਨੂੰ ਪ੍ਰੋਫੈਸਰਾਂ ਤੇ ਵਿਦਿਆਰਥੀਆਂ ਕੋਲੋਂ ਹੀ ਮਿਲਿਆ ਹੈ ਕਿਉਂਕਿ ਉਨ੍ਹਾਂ ਦੀ ਰਸਾਈ ਹੀ ਉਥੋਂ ਤੱਕ ਸੀ। ਇਹ ਸਾਰੀਆਂ ਗੱਲਾਂ ਉਨ੍ਹਾਂ ਦੇ ਮਧ-ਵਰਗੀ ਜਮਾਤੀ ਚਰਿਤ ਦੀਆਂ ਹੀ ਸੂਚਕ ਹਨ।

'ਲੋਕਾਂ ਦੀ ਭੀੜ' ਵੀ ਇਸ ਨਾਵਲ ਵਿਚ ਇਕ ਪਾਤਰ ਵਾਂਗ ਹੀ ਪੇਸ਼ ਹੋਈ ਹੈ ਜਿਹੜੀ ਪ੍ਰੋਲਤਾਰੀ ਵਰਗ ਦੀ ਨਹੀਂ, ਸਿਰਫ਼ ਆਮ ਜਨ-ਸਮੂਹ, ਜਿਹੜਾ ਆਪਣੀ ਹੋਣੀ ਤੋਂ ਬਿਲਕੁਲ ਅਚੇਤ ਹੈ, ਦੀ ਹੀ ਪ੍ਰਤਿਨਿਧ ਹੈ। ਇਹ ਭੀੜ ਨਕਸਲਬਾੜੀ ਯੋਧਿਆਂ ਤੇ ਜ਼ਾਲਮ ਪੋਲੀਸ ਦੋਹਾਂ ਪ੍ਰਤੀ ਨਿਰਪੱਖ ਹੈ। ਕੋਈ ਟਾਵਾਂ ਟਾਵਾਂ ਵਿਅਕਤੀ ਹਾਅ ਦਾ ਨਾਅਰਾ ਮਾਰਦਾ ਹੈ ਜਾਂ ਆਪਣੇ ਆਪ ਨੂੰ ਇਹ ਸਵਾਲ ਕਰਦਾ ਹੈ ਕਿ "ਨਕਸਲਵਾੜੀਆਂ ਨੂੰ ਹੀ ਕਿਉਂ ਮਾਰਦੇ ਐ ?"

ਆਪਣੇ ਮਧ-ਵਰਗੀ ਜੀਵਨ ਦੇ ਸੰਘੱਟ ਤੋਂ ਅੱਕ ਕੇ 'ਨਾਇਕ' ਇਸ ਭੀੜ ਦੀ ਓਟ ਭਾਲਦੇ ਹਨ। ਭੀੜ ਨੂੰ ਰਾਜਨੀਤਕ ਤੌਰ 'ਤੇ ਚੇਤੰਨ ਕਰਕੇ ਆਪਣੇ ਨਾਲ ਨਾ ਜੋੜ ਸਕਣ ਕਰਕੇ ਤੇ ਭੀੜ ਵਿਚੋਂ ਪ੍ਰੋਲਤਾਰੀ ਵਰਗ ਨੂੰ ਆਗੂ ਨਾ ਬਨਾਉਣ ਕਰਕੇ ਇਨ੍ਹਾਂ ਨਾਇਕਾਂ ਦਾ ਕਾਰਜ ਰੋਮਾਂਟਿਕ ਤੇ ਕਾਰਜ-ਵਿਧੀ ਕ੍ਰਾਂਤੀਕਾਰੀ ਹਿੰਸਾ (Revolutionary Violence) ਤਕ ਸੀਮਿਤ ਹੋ ਜਾਂਦੀ ਹੈ। ਰੋਮਾਂਟਿਕ ਇਸ ਲਈ ਹੈ ਕਿ ਇਹ ਕਾਰਜ ਨਿਰੇ ਜੋਸ਼ 'ਤੇ ਆਧਾਰਿਤ ਹੈ ਅਤੇ ਸਿੱਟੇ ਵਜੋਂ ਮਨ-ਚਾਹੀ ਸਮਾਜਿਕ ਤਬਦੀਲੀ ਲਿਆਉਣ ਦੇ ਅਸਮੱਰਥ ਰਹੀ ਹੈ। ਇਸ ਦਾ ਹਿੰਸਕ ਹੋਣਾ ਵੀ ਕੋਈ ਗੈਰ-ਕੁਦਰਤੀ ਨਹੀਂ ਕਿਉਂਕਿ ਹਿੰਸਾ ਹਰੇਕ ਸਾਰਥਕ-ਕਾਰਜ ਦਾ ਰੂਪ (Form) ਹੁੰਦਾ ਹੈ। ਪਰ ਇਹ ਕ੍ਰਾਂਤੀਕਾਰੀ ਵੀ ਹੈ ਕਿਉਂਕਿ ਇਸ ਤੋਂ ਵੀ ਪਾਤਰਾਂ ਦੀ ਸਥਿਤੀ ਵਿਚ ਕੁਝ ਉਸਾਰੂ ਤਬਦੀਲੀਆਂ ਵਾਪਰਦੀਆਂ ਹਨ।

ਪਰ ਇਹ ਕਾਰਜ-ਵਿਧੀ (Line of Action) ਕਿਉਂਕਿ 'ਹੀਰੋ' ਨੂੰ ਲੋਕਾਂ ਤੋਂ ਦੂਰ ਲਿਜਾਂਦੀ ਹੈ, ਇਸ ਲਈ ਅਠੱਤੀਵੇਂ ਅਧਿਆਇ ਵਿਚ 'ਹਥਿਆਰਬੰਦ ਇਨਕਲਾਬ' ਦੇ 'ਰੂਪ' ਨੂੰ ਠੀਕ ਮੰਨਦੇ ਹੋਏ ਵੀ ਮਿੰਦਰ (ਪਾਰਟੀ ਦਾ ਨਵਾਂ ਸਕੱਤਰ), ਪੀਤੂ ਤੇ ਤਾਰਾ ਇਸ ਕਾਰਜ-ਵਿਧੀ ਉਤੇ ਮੁੜ ਵਿਚਾਰ ਕਰਦੇ ਹਨ। ਉਹ ਪਹਿਲੀ ਵਾਰ ਇਨ੍ਹਾਂ ਸਵਾਲਾਂ ਉਤੇ ਗੌਰ ਕਰਦੇ ਹਨ : ਅਸੀਂ ਇਨਕ-ਲਾਬ ਦੇ ਕਿਹੜੇ ਦੌਰ ਵਿਚੋਂ ਲੰਘ ਰਹੇ ਹਾਂ ? ਸਾਡੇ ਸਾਥੀ ਕੌਣ-ਕੌਣ ਹੋ ਸਕਦੇ ਹਨ ? ਅਸੀਂ ਕਿੰਨ੍ਹਾਂ ਦਾ ਸਾਥ ਦੇਣਾ ਹੈ ? ਸਾਡਾ ਨਬਰ ਇਕ ਦੁਸ਼ਮਣ ਕੌਣ ਹੈ ? ਸਮਾਜਵਾਦੀ ਇਨਕਲਾਬ ਲਈ ਮੋਹਰੀ ਜਮਾਤ ਕਿਹੜੀ ਹੋਣੀ ਚਾਹੀਦੀ ਹੈ ?

ਸਿੱਟੇ ਵੱਜੋਂ ਉਹ 'ਹਥਿਆਰਬੰਦ ਇਨਕਲਾਬ' ਲਈ ਕੁਦਰਤੀ ਮੌਕਾ ਪੈਦਾ ਕਰਨ ਲਈ ਜਿਹੜਾ ਰਾਹ ਚੁਣਦੇ ਹਨ ਉਹ ਸੀ. ਪੀ. ਐਮ. ਦੇ ਨੇੜੇ-ਤੇੜੇ ਜਾ ਪਹੁੰਚਦਾ ਹੈ। ਹੁਣ ਉਹ ਆਪਣੀ ਟੇਕ (Base) ਸਨਅਤੀ ਮਜ਼ਦੂਰ ਨੂੰ ਬਣਾਉਂਦੇ ਹਨ ਤੇ ਮਾਸਟਰ ਵੇਦ ਨੂੰ ਉਹੋ ਹੀ ਕੰਮ ਸੌਂਪਦੇ ਹਨ (ਸਨਅਤੀ ਮਜ਼ਦੂਰ ਨੂੰ ਤਿਆਰ ਕਰਨ ਦਾ) ਜੋ ਕਦੀ ਸੀ. ਪੀ. ਐਮ. ਵਲੋਂ ਗੁਰਜੀਤ ਨੂੰ ਸੌਂਪਿਆ ਗਿਆ ਸੀ।

ਪਰ 'ਕੰਵਲ' ਜਿਥੇ ਜਾ ਕੇ ਤੋੜਾ ਝਾੜਦਾ ਹੈ (ਲੋਕਾਂ ਦੀ ਭੀੜ ਵਿਚ ਵੜ ਗਏ) ਉਸ ਤੋਂ ਜਿਸ ਕਿਸਮ ਦੇ ਐਕਸ਼ਨ ਦਾ ਸੁਝਾਅ ਮਿਲਦਾ ਹੈ ਉਸ ਤੋਂ ਖਤਰਾ ਹੁੰਦਾ ਹੈ ਕਿ ਨਾਵਲ ਤੋਂ ਬਾਹਰ ਕਿਤੇ ਫੇਰ ਸਭ ਕੁਝ ਪਹਿਲਾਂ ਵਾਲਾ ਹੀ ਨਾ ਦੁਹਰਾਇਆ ਜਾਵੇ।

ਅੰਤ ਵਿਚ, ਜੇ ਨਾਵਲ ਦੇ ਆਖਰੀ ਫਿਕਰੇ ਨੂੰ ਇਕੋ ਸਾਹ (ਬਿਨਾ ਤੋੜਿਆਂ) ਪੜ੍ਹੀਏ ਤਾਂ ਨਾਵਲ ਦੇ ਵਿਸ਼ੇ ਅਰਥਾਤ ਪੰਜਾਬ ਦੀ ਨਕਸਲਬਾੜੀ ਲਹਿਰ ਦੀ ਸੀਮਾ ਤੇ ਨਾਵਲ ਦੀ ਸ਼ੈਲੀ ਦਾ ਪਤਾ ਲੱਗ ਜਾਂਦਾ ਹੈ :

"ਕੌਫੀ ਪੀ ਕੇ ਉਹ ਦੋਵੇਂ ਲੋਕਾਂ ਦੀ ਭੀੜ ਵਿਚ ਵੜ ਗਏ ।"

ਜਿਵੇਂ ਉਹ ਦੋਵੇਂ (ਸੁਰਮੇਲ ਤੇ ਸੰਤੋਖ) ਬਿਨਾ ਕੋਈ ਡੂੰਘੀ ਸੋਚ-ਵਿਚਾਰ ਕੀਤਿਆਂ, ਆਪਣੇ ਮੱਤਭੇਦ ਨੂੰ ਬਿਨਾ ਦੂਰ ਕੀਤਿਆਂ, ਅੰਧਾ ਧੁੰਧ ਲੋਕਾਂ ਦੀ ਭੀੜ ਵੱਲ ਜਾ ਰਹੇ ਨਜ਼ਰ ਆ ਰਹੇ ਹਨ, ਠੀਕ ਇਸੇ ਤਰ੍ਹਾਂ ਪੰਜਾਬ ਦੀ ਨਕਸਲਬਾੜੀ ਲਹਿਰ ਕੁੱਝ ਕੌਫੀ ਪੀਣੇ ਬੁੱਧੀਜੀਵੀਆਂ ਨੇ ਆਰੰਭ ਕੀਤੀ ਲਗਦੀ ਹੈ । ਮਿਹਰ ਸਿੰਘ ਨੇ ਪਹਿਲੀ ਦੂਜੀ ਮੀਟਿੰਗ ਵਿਚ ਵਿਚ ਹੀ ਇਸ ਪਾਸੇ ਇਸ਼ਾਰਾ ਕਰ ਦਿਤਾ ਸੀ: "ਸਾਡੇ ਵਿਚੋਂ ਵੀ ਬਹੁਤੇ ਨੌਜਵਾਨ ਕਮਿਊਨਿਸਟ ਪਾਰਟੀ ਦੇ ਸਰਦਾਰਾਂ ਵਾਂਗ ਮਧ ਵਰਗ ਵਿਚੋਂ ਆਏ ਹਨ ।" ਨਾਵਲ ਵਿਚ ਸੀ. ਪੀ. ਐਮ. ਨੂੰ ਵੀ ਦਾਰੂ ਪੀਣੇ ਪੈਟੀ-ਬੁਰਜੁਆ ਵਰਕਰਾਂ (ਵਕੀਲ) ਤੇ ਲੀਡਰੀ ਹੰਢਾਉਂਦੇ ਬੁੱਧੀ-ਜੀਵੀਆਂ ਦੇ ਅੱਡੇ ਚੜ੍ਹੀ ਸਾਬਤ ਕੀਤਾ ਗਿਆ ਹੈ । ਇਸ ਪੱਖ ਤੋਂ ਨਕਸਲਬਾੜੀ ਲਹਿਰ ਕੋਈ ਵੱਖਰੀ ਨਜ਼ਰ ਨਹੀਂ ਆਉਂਦੀ ਹੈ । ਨਾਵਲ ਦੇ ਇਕ ਪਾਤਰ ਪੂੰਨੇ ਦੇ ਕਹਿਣ ਅਨੁਸਾਰ "ਬੱਸ ਲੇਬਲ ਨਵਾਂ" ਹੈ । ਦੁਨੀਆਂ ਭਰ ਦੇ ਹਥਿਆਰ ਬੰਦ ਇਨਕਲਾਬਾਂ ਵਿਚ ਮਧ-ਵਰਗ ਹੇਠਲੇ ਵਰਗਾਂ ਦਾ ਸਾਥੀ ਰਿਹਾ ਹੈ, ਨਾ ਕਿ ਆਗੂ । ਪਰ ਇਥੇ ਹਾਲਤ ਇਹ ਹੈ ਕਿ ਮਧ-ਵਰਗ ਆਗੂ ਸੀ ਜਿਸ ਦਾ ਨਤੀਜਾ ਇਹ ਹੋਇਆ ਕਿ "ਚੜ੍ਹਦੀ ਜਵਾਨੀ ਦੇ ਜੋਸ਼ ਵਿਚ ਉਹ ਪੈਰ ਤੋਂ ਹੀ ਨੱਠ ਪਏ । ਹਾਲਾਤ ਵੱਤ ਅਤੇ ਨਿਸ਼ਾਨੇ ਦਾ ਠੀਕ ਨਿਰਣਾ ਕਰਨ ਦੀ ਉਨ੍ਹਾਂ ਨੂੰ ਚੱਜ ਹੀ ਨਹੀਂ ਸੀ ।" (ਬਾਬਾ ਮਿਰਗਿੰਦ, ਜੁਆਲਾ ਤੇ ਮਲਕੀਤ ਆਗੂ ਨਹੀਂ, ਕੇਵਲ ਸਾਥੀ ਹਨ । ਪੂੰਨਾ ਤੇ ਬੂਟਾ ਸਿੰਘ ਸਾਥ ਵੀ ਨਹੀਂ ਦਿੰਦੇ) । ਇਹ ਇਸ ਲਹਿਰ ਦੀ ਸੀਮਾ ਹੈ ।

ਕਿਉਂਕਿ ਇਸ ਲਹਿਰ ਦੀ ਗਤੀ-ਵਿਧੀ ਭਾਵੁਕ ਭਾਸ਼ਣੀ ਤੇ ਰੋਮਾਂਟਿਕ ਹੈ, ਇਸ ਲਈ ਨਾਵਲ ਦੀ ਸ਼ੈਲੀ ਦਾ ਉਸ ਦੇ ਅਨੁਕੂਲ ਹੋਣਾ ਕੁਦਰਤੀ ਸੀ । ਲੇਖਕ ਹੀ ਨਹੀਂ, ਵਿਸ਼ਾ ਵੀ ਸ਼ੈਲੀ ਨੂੰ ਨਿਰਧਾਰਿਤ ਕਰਿਆ ਕਰਦਾ ਹੈ । ਇਸ ਲਹਿਰ ਦੇ ਅੱਗ ਵਰਗੇ ਸ਼ੋਰ-ਸੰਗੀਤ ਨੂੰ ਇਸੇ ਸ਼ੈਲੀ ਵਿਚ ਸੁਰ-ਬਧ ਕੀਤਾ ਜਾ ਸਕਦਾ ਸੀ ।

ਸ਼ੈਲੀ ਪ੍ਰਮੁੱਖ ਤੌਰ 'ਤੇ ਬ੍ਰਿਤਾਂਤਕ ਹੈ, ਪਰ ਇਹ ਬ੍ਰਿਤਾਂਤ ਭਾਵੁਕ ਤੇ ਰੋਮਾਂਟਿਕ ਪੱਧਰ 'ਤੇ ਹੋਇਆ ਹੈ । ਉਸ ਦਾ ਇਕ ਕਾਰਨ ਹੈ ਕਿ ਕੰਵਲ ਆਪਣੇ ਨਾਇਕਾਂ ਪ੍ਰਤੀ ਖ਼ੁਦ ਭਾਵੁਕ ਹੈ ਤੇ ਇਸ ਲਹਿਰ ਦਾ ਹਮਦਰਦ ਹੋਣ ਕਰਕੇ ਉਹ ਇਹ ਚਾਹੁੰਦਾ ਹੈ ਕਿ ਮੇਰਾ ਪਾਠਕ ਇਸ ਰੀਹਰਸਲ ਤੋਂ ਸਿਖਿਆ ਤਾਂ ਲਵੇ, ਪਰ ਲਹਿਰ ਦੀ ਅਸਫ਼ਲਤਾ ਤੋਂ ਨਿਰਾਸ਼ ਨਾ ਹੋਵੇ । ਐਂਟੀ-ਰੁਮਾਂਟਿਕ ਸ਼ੈਲੀ ਅਪਨਾ ਕੇ ਸ਼ਾਇਦ ਉਹ ਆਪਣੇ ਪਾਠਕ ਨੂੰ ਨਿਰਾਸ਼ਾ ਦੀ ਗਾਰ ਵਿਚ ਧੱਕਾ ਦੇ ਦਿੰਦਾ ।

ਲੈਨਿਨ ਨੇ ਅਮਰੀਕਨ ਨਾਵਲਕਾਰ ਅੱਪਟਨ ਸਿੰਕਲੇਅਰ ਬਾਰੇ ਕਿਹਾ ਸੀ ਕਿ ਉਹ "ਜਜ਼ਬਾਤੀ ਸਮਾਜਵਾਦੀ" ਹੈ । ਇਹ ਗੱਲ ਕੰਵਲ ਬਾਰੇ ਵੀ ਕਹੀ ਜਾ ਸਕਦੀ ਹੈ, ਪਰ "ਲਹੂ ਦੀ ਲੋਅ" ਦੀ ਰਚਨਾ ਕਰਕੇ ਉਸ ਦੀ ਸਾਹਿਤਕ ਸ਼ਖ਼ਸੀਅਤ ਨਿਸਚੇ ਹੀ ਪਹਿਲਾਂ ਨਾਲੋਂ ਵਧੇਰੇ ਨਿੱਖਰੀ ਹੈ । ਉਸ ਦਾ ਸੁਰਮੇਲ ਅਜੇ ਗੁਰੂ ਨਾਨਕ ਨਹੀਂ ਬਣ ਸਕਿਆ, ਪਰ ਉਹ ਛਾਤੀ 'ਤੇ ਹੱਥ ਮਾਰ ਕੇ ਇਹ ਜ਼ਰੂਰ ਕਹਿ ਸਕਦਾ ਹੈ ਕਿ:

ਮੇਰੇ ਅਫ਼ਲਾਸ ਨੇ ਮਾਨੀ ਨਹੀਂ ਦੌਲਤ ਸੇ ਸ਼ਿਕੱਸਤ,
ਔਰ ਇਸ ਮੁਲਕ ਕੇ ਫ਼ਨਕਾਰ ਸੇ ਕਯਾ ਚਾਹਤੇ ਹੋ ?

□ [ਪੰਜਾਬੀ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ]



## ਅੱਜ ਦੀ ਸ਼ਾਮ/ਸ਼ਹਰਯਾਰ

"ਤਖ਼ਤ ਲਾਹੌਰ ਹੀ ਕਿਉਂ
ਮਿਉਂਸਪਲ ਕਾਰਪੋ.........
ਸ਼ਹਿਰ ਦਾ ਨਾਂ ਲੈ ਕੇ
'ਕਿਉਂ ਨਹੀਂ' ਹੀ ਕਹਿਣਾ ਸੀ
"ਬੱਸ, ਬੱਸ ਕਰ, ਬੱਸ ਕਰ"
ਰਾਜ਼ਦਾਨ ਕੂਕ ਪਈ
"ਗਜ਼ਬ ਹੋ ਜਾਣਾ ਸੀ !
ਪਤਾ ਨਹੀਂ ਕਾਵਾਂ ਨੇ ਪਰ ਰੰਗਣੇ ਲਾਏ ਨੇ,
ਘੜੀਆਂ ਨੇ
ਧੀਮੀ ਰਫਤਾਰ 'ਤੇ ਚਲਦੀਆਂ ਨੇ !
ਗੱਡੀਆਂ ਤੇਜ਼ ਤੇ ! !
ਸ਼ਬਦ ਤਾਂ ਸਿੰਬਲ ਏ,
ਸਿੰਬਲ ਨਹੀਂ ਸਮਝਦਾ ?
ਅਰਥ ਵਿਸਤਾਰ ਕਿਤੇ ਪੜ੍ਹਿਆ ਨਹੀਂ ?
ਸ਼ਾਇਰ ਏਂ ?"
ਡਰਦੀ ਸੀ, ਜੇਕਰ ਚੁੱਪ ਕਰ ਗਈ
ਗਜ਼ਬ ਹੋ ਜਾਏਗਾ
'ਲੇਡੀ ਆਫ ਸ਼ੈਲਟ' ਦਾ ਦਰਪਣ ਤਿੜਕ ਜਾਏਗਾ
ਬਿੰਦ ਕੁ ਰੁਕੀ ਤਾਂ
ਮੈਂ ਜਿਵੇਂ ਨੀਂਦਰ 'ਚੋਂ ਜਾਗਿਆ
"ਅਰਥ ?
ਅਰਥ ਬਾਰੇ ਆਖਿਆ ਸੂ ?
ਕੋਸ਼ ਨੂੰ ਵਾਜ ਮਾਰਾਂ ?"
"ਨਾ" ! ਨਾ" !! ਨਾ !!!
ਗਜ਼ਬ ਹੋ ਜਾਏਗਾ"
ਸ਼ਬਦ ਬੜਾ ਭੈੜਾ ਈ,
ਸੁੱਤਾ ਰਹੇ, ਸੁੱਤਾ ਰਹੇ-ਜਾਗਿਆ ਅਵੈੜਾ ਈ
ਅੱਥਰਾ ਏ !
ਜਾਗ ਪਏ ਤਾਂ
ਜੋਗੀਆਂ ਦੇ ਜੋਗੀਆਂ ਦੀ ਬੀਨ ਮਾਤ ਹੋ ਜਾਏ,
ਨਾ ਛੇੜੀਂ"
"ਸ਼ਬਦਾਂ ਨੂੰ ਛੇੜ ਵੇਖਾਂ ?"
ਫੇਰ ਉਹੋ !

'ਸ਼ਬਦ' ਵੀ ਇਕੋ ਸ਼ਬਦ ਹੀ ਏ
ਮੇਘ ਕਹਿੰਦੇ : ਸਮਾਂ ਵੀ ਇਕ ਸ਼ਬਦ ਹੈ
ਬਾਹਰ ਕਿੰਨੀ ਸਰਦੀ ਹੈ
ਵੇਖ ਖਾਂ, ਸੜਕ ਤੇ ਖੜੀ ਧੁੱਪ ਕਿੰਨੀ ਠਰਦੀ ਹੈ,
ਅੰਦਰ ਆ ਜਾ
ਤੋਲਾ, ਤੋਲਾ ਚਾਹ ਪੀਈਏ,
ਬਾਹਰ ਤਾਂ ਸ਼ਬਦ ਵੀ ਕੁੰਗੜੇ ਕੁੰਗੜੇ ਹੋਏ ਨੇ
ਸਾਰਿਆਂ ਨੇ ਠਰੇ ਹੱਥ, ਕੱਛਾਂ 'ਚ ਲੁਕੋਏ ਨੇ,
ਤੇਰਾ ਕੀ ਐ !
ਤੂੰ ਤਾਂ ਪਾਰਦਰਸ਼ੀ ਏਂ
ਕੁੱਝ ਵੀ ਲੁਕਾਇਆ ਨਹੀਂ,
ਜਾਂ ਲੁਕਾ ਨਹੀਂ ਸਕਦਾ
ਮੇਰਾ ਤਾਂ ਖ਼ਿਆਲ ਕਰ
ਲੋਕੀ ਕੀ ਆਖਣਗੇ,
ਸਰਦੀਆਂ ਨੇ,
ਮੂੰਹ ਤਾਂ ਬਿਸ਼ੱਕ ਬੰਦ ਨੇ,
ਬੰਦ ਬੂਹੇ ਬਾਰੀਆਂ ਵੀ
ਖਿੜਕੀਆਂ 'ਚੋਂ ਜਾਂਦੀ ਨੂੰ
ਬੁਰਾ ਬੁਰਾ ਝਾਕਣਗੇ ।
ਨਾ ! ਨਾ !!
ਸ਼ਬਦਾਂ ਨੂੰ ਨਾ ਛੇੜੀਂ ।
ਅੱਜ ਦੀ ਸ਼ਾਮ ਸਿਰਫ ਅੱਜ ਦੀ
ਮੇਰੇ ਨਾਂ ਲਿਖ ਛੱਡੀਂ
ਅੱਛਾ ਮੈਂ ਚਲਦੀ ਹਾਂ ।"

☐ [ਗੁਰੂ ਨਾਨਕ ਦੇਵ ਯੂਨੀਵਰਸਿਟੀ ਲਾਇਬਰੇਰੀ, ਅੰਮ੍ਰਿਤਸਰ]

## **ਕੌਲਾਂ**/ਰਮਨ

ਬੀਜੇ ਨੇ ਕੌਲਾਂ ਤਿਆਗਤੀ
ਬਈ ਬੀਜਾ ਕੌਲਾਂ ਕਿਉਂ ਨਹੀਂ ਤਿਆਗੇਗਾ
ਬੀਜੇ ਦੀ ਦਰਬਾਰ ਵਿਚ ਸ਼ਾਨ ਹੈ
ਬੀਜੇ ਦੀ ਕੁਰਸੀ ਬਾਦਸ਼ਾਹ ਦੇ ਬਰੋਬਰ ਡਹਿੰਦੀ ਹੈ
ਕੌਲਾਂ ਤਾਂ ਪੰਜਾਂ ਵਰ੍ਹਿਆਂ 'ਚ ਜਦ ਪੰਜ ਨਿਆਣੇ ਜਣ ਚੁੱਕਦੀ ਹੈ
ਰਾਣੀ ਬਸ ਨਾਂ ਦੀ ਹੀ ਰਹਿ ਜਾਂਦੀ ਹੈ
ਬੀਜਾ ਤਾਂ ਪੰਜਾਂ ਵਰ੍ਹਿਆਂ ਬਾਅਦ ਜਦ ਕਿਸੇ ਪਰਾਈ ਦਾ ਦੁਰਕਾਰਿਆ ਆਉਂਦਾ ਹੈ
ਕੌਲਾਂ ਦਾ ਝੁਟਕੜਾਇਆ ਜਿਸਮ ਬਸ ਸ਼ੁਕਰ ਹੀ ਮਨਾਉਂਦਾ ਹੈ
...ਊਂ ਫੇਰ ਵੀ, ਬੀਜਾ ਕੌਲਾਂ ਨੂੰ ਤਿਆਗ ਦਿੰਦਾ ਹੈ ।
ਉਦੋਂ ਕੌਲਾਂ ਬੀਜੇ ਦੀ ਹਿੱਕ ਦਾ ਗੰਦ ਹੂੰਝਦੀ ਹੁੰਦੀ ਸੀ



ਬੀਜੇ ਦੀ ਕਵਿਤਾ, 'ਦੀ ਸਾਂਗ ਆਫ਼ ਦੀ ਸ਼ਰਟ' ਦਾ ਜ਼ਿਕਰ
ਦੰਦ ਕਥਾਵਾਂ ਪਾਰ ਕਰਦਾ ਦਰਬਾਰ ਜਾ ਪਹੁੰਚਿਆ
ਚੀਨਾ ਕਬੂਤਰ ਪੈਗ਼ਾਮ ਲੈਕੇ ਆਇਆ
'ਸ਼ਾਇਰ-ਏ-ਆਜ਼ਮ ! ਬਾਦਸ਼ਾਹ ਨੇ ਹਕੂਮਤ ਦੇ ਦਿਨ ਦੀ ਤਮਾਮ ਧੁੱਪ
ਤੁਹਾਡੇ ਨਾਂ ਕਰ ਦਿੱਤੀ ਹੈ'
ਫੇਰ ਏਸ ਕਦਰ ਕੜਾਕੇ ਦੀ ਧੁੱਪ ਪਈ
ਕਿ ਕੌਲਾਂ ਦੀ, ਯਾਦ ਦੀ ਕੁੱਲ ਕਸਰ
ਭਾਫ ਬਣਕੇ ਬ੍ਰਹਿਮੰਡ 'ਚ ਉੱਡ ਗਈ
ਕੌਲਾਂ, ਗਲੀਆਂ ਦੇ ਕੱਖ ਹੂੰਝਦੀ
ਡਾਢੇ ਦੀ ਲੀਲਾ ਦੇ ਨਕਸ਼ ਚਿਤਾਰਦੀ ਹੈ
ਤਾਂ ਹਰ ਵਾਰ ਰਸਾਲੂ ਦੇ ਛੜਯੰਤਰ ਦੀ ਸ਼ਕਲ ਬਣ ਜਾਂਦੀ ਹੈ ।
ਪੰਜ ਵਰ੍ਹਿਆਂ ਬਾਅਦ ਰਸਾਲੂ ਬੀਜੇ ਨੂੰ ਆਖਦਾ ਹੈ
ਕੁੱਝ ਤਾਂ ਸਬਰ ਕਰ
ਕੁਝ ਤਾਂ ਸ਼ਰਮ ਕਰ
ਪਹਿਲਾਂ ਆਪਣੀ ਖੁਰਲੀ ਦਾ ਗੁਤਾਵਾ ਮੁਕਾ ਤਾਂ ਲੈ
ਘਰ ਪਰਤਕੇ ਬੀਜਾ
ਝਟ ਨਿਆਣਿਆਂ ਦੇ ਚਿਹਰਿਆਂ 'ਚ ਰਸਾਲੂ ਭਾਲ ਲੈਂਦਾ ਹੈ
ਉਹਨੂੰ ਚਿੱਤ ਚੇਤਾ ਹੀ ਨਹੀਂ
ਕਿ 'ਕੇਰਾਂ ਉਹ ਘੋੜੇ ਖਰੀਦਣ ਇਰਾਨ ਨੂੰ ਗਿਆ ਸੀ
ਉਹ ਕੋਤਵਾਲੀ ਜਾਕੇ ਹੋਰ ਕਲਪਿਤ ਘਟਨਾਵਾਂ ਕੌਲਾਂ ਦੇ ਵਿਰੁਧ ਦਰਜ ਕਰਵਾ ਆਉਂਦਾ ਹੈ
ਤੇ ਕੌਲਾਂ ਨੂੰ ਰਸਾਲੂ ਦੀ ਰਖੇਲ ਜਿਹੀ ਕੋਈ ਹੋਰ ਸਮਝਦਾ ਹੈ
ਰਸਾਲੂ ਤਾਂ ਬੀਜੇ ਨੂੰ ਪਲ ਭਰ ਲਈ ਤਿਆਗਦਾ ਹੈ
ਬੀਜਾ ਕੌਲਾਂ ਨੂੰ ਆਪਣੇ ਚਿੱਤੋਂ ਉਮਰ ਭਰ ਲਈ
ਕੌਲਾਂ ਖੁਲ੍ਹੇ ਬ੍ਰਹਿਮੰਡ 'ਚ ਆਕੇ
ਅਸਮਾਨ 'ਤੇ ਤਰਦੀ ਬੱਦਲੀ ਬਾਰੇ ਅਨੁਮਾਨ ਲਾਉਂਦੀ ਹੈ
ਕਿ ਇਹ ਉਸਦੀ ਤਕਦੀਰ ਤੋਂ ਸਿਵਾ ਹੋਰ ਕਿਸੇ ਦੀ ਵੀ ਨਹੀਂ ਹੋ ਸਕਦੀ
ਡਾਢੇ ਦੀ ਲੀਲ੍ਹਾ ਦੇ ਨਕਸ਼ ਚਿਤਾਰਦੀ ਹੈ ਤਾਂ ਹਰ ਵਾਰ
ਰਸਾਲੂ ਦੇ ਛੜਯੰਤਰ ਦੀ ਸ਼ਕਲ ਬਣ ਜਾਂਦੀ ਹੈ
ਉਸਨੂੰ ਕੀ ਪਤਾ ਕਿ ਉਹਦੇ ਰੰਗ ਬਰੰਗੇ ਸੁਪਨਿਆ ਨੂੰ ਚੁਰਾਕੇ
ਰਾਜ ਮਹੱਲ ਦੀਆ ਕੰਧਾਂ 'ਤੇ ਸਾਕਾਰ ਕਰ ਦਿੱਤਾ ਗਿਆ ਹੈ ।
ਕੌਲਾਂ ਹੌਲੀ ਹੌਲੀ ਖਾਨਦਾਨੀ ਹਨੇਰੇ 'ਚ ਮਰਦੀ ਜਾ ਰਹੀ ਹੈ
ਕੌਲਾਂ ਹੌਲੀ ਹੌਲੀ ਵਿਦਿਆਰਥੀ ਪੁੱਤ ਦੇ
ਪਿੰਡ ਤੋਂ ਕਾਲਜ ਤਕ ਦੇ ਸਫਰ 'ਚ ਸਿੰਮਦੀ ਜਾ ਰਹੀ ਹੈ
ਕੌਲਾਂ ਕੱਲ ਜਦੋਂ ਪਰਾਣ ਤਿਆਗੇਗੀ
'ਲੂਸੀ ਗਰੇ' ਦੇ ਸਿਰਲੇਖ ਹੇਠ ਬੀਜਾ ਲੰਬਾ ਮਰਸੀਆ ਲਿਖੇਗਾ
ਤੇ ਮਰਾਸੀ ਦੇ ਰੋਂਦ ਨੂੰ ਰਾਜਧਾਨੀ 'ਚ ਸਨਮਾਨਿਆ ਜਾਵੇਗਾ।

☐ [ਜੀ. ਐਚ. ਜੀ. ਖਾਲਸਾ ਕਾਲਿਜ, ਗੁਰੂ ਸਰ ਸੁਧਾਰ, ਜ਼ਿਲਾ ਲੁਧਿਆਣਾ]

# ਪੰਜਾਬੀ ਯੂਨੀਵਰਸਿਟੀ ਪਟਿਆਲਾ

**ਵੱਲੋਂ**

**ਐਮ. ਏ. ਪੰਜਾਬੀ, ਐਮ. ਲਿਟ ਅਤੇ ਖੋਜ ਦੇ ਵਿਦਿਆਰਥੀਆਂ ਲਈ ਉਪਯੋਗੀ ਸਾਹਿ**

1. **ਨਿਰੁਕਤ-ਸ੍ਰੀ ਗੁਰੂ ਗ੍ਰੰਥ ਸਾਹਿਬ : ਡਾ. ਬਲਬੀਰ ਸਿੰਘ :** ਇਹ ਪੁਸਤਕ ਗੁਰਮਤਿ ਸਿਧਾਂਤਾਂ ਦਾ ਖੋਜ ਭਰਪੂਰ ਕੋਸ਼ ਹੈ। ਗੁਰਮਤਿ ਸਾਹਿਤ ਦੇ ਵਿਦਿਆਰਥੀਆਂ ਲਈ, ਖੋਜੀਆ ਲਈ ਅਤੇ ਸ਼ਬਦ ਰਸੀਆਂ ਲਈ ਅਨੂਪਮ ਭੇਟ ਹੈ। ਭਾਗ ਪਹਿਲਾ ਮੁੱਲ : 30-00
ਭਾਗ ਦੂਜਾ ਮੁੱਲ 40-00
2. **ਜਨਮ ਸਾਖੀ ਪਰੰਪਰਾ : ਡਾ. ਕ੍ਰਿਪਾਲ ਸਿੰਘ** : ਇਸ ਪੁਸਤਕ ਵਿਚ ਵਲਾਇਤ ਵਾਲੀ ਜਨਮ ਸਾਖੀ, ਮਿਹਰਬਾਨ ਵਾਲੀ ਜਨਮ ਸਾਖੀ, ਭਾਈ ਬਾਲੇ ਵਾਲੀ ਜਨਮ ਸਾਖੀ, ਭਾਈ ਮਨੀ ਸਿੰਘ ਦੀ ਜਨਮ ਸਾਖੀ ਵਿਚੋਂ ਮਹੱਤਵ ਪੂਰਨ ਬ੍ਰਿਤਾਂਤ ਦੇ ਕੇ ਸਾਹਿਤਕ ਅਤੇ ਇਤਿਹਾਸਿਕ ਤੁਲਨਾਤ ਮਕ ਅਧਿਐਨ ਕੀਤਾ ਹੈ। ਮੁੱਲ : 12-75
3. **ਮਸਤੀ ਦਾ ਨਮਾਜ਼ੀ : ਗੁਰੂ ਬਾਬਾ ਨਾਨਕ : ਸੰਪਾਦਕ-ਗੁਰਬਖਸ਼ ਸਿੰਘ :** ਗੁਰੂ ਨਾਨਕ ਦੇਵ ਜੀ ਦੇ ਜੀਵਨ ਤੇ ਵਿਚਾਰਾਂ ਬਾਰੇ 16 ਫਾਰਸੀ ਇਤਿਹਾਸਕਾਰਾਂ ਵਲੋਂ ਦਿਤੇ ਗਏ ਬ੍ਰਿਤਾਂਤ ਦਾ ਪੰਜਾਬੀ ਅਨੁਵਾਦ ਸੰਕਲਿਤ ਕੀਤਾ ਹੈ। ਮੁੱਲ : 5-00
4 **ਗੁਰੂ ਨਾਨਕ ਬਾਣੀ ਪ੍ਰਕਾਸ਼ : ਦੋ ਭਾਗ :** ਇਸ ਪੁਸਤਕ ਵਿਚ ਗੁਰੂ ਨਾਨਕ ਦੇਵ ਜੀ ਦੀ ਮੁਕੰਮਲ ਬਾਣੀ ਦਾ ਟੀਕਾ ਦਿਤਾ ਹੋਇਆ ਹੈ। ਮੁੱਲ : 30-00
5. **ਗੁਰੂ ਗ੍ਰੰਥ ਵਿਚਾਰ ਕੋਸ਼ : ਪਿਆਰਾ ਸਿੰਘ ਪਦਮ :** ਇਸ ਪੁਸਤਕ ਵਿਚ ਵਿਚ ਗੁਰੂ ਗ੍ਰੰਥ ਸਾਹਿਬ ਵਿਚੋਂ ਚੋਣਵੇਂ ਵਿਚਾਰਾਂ ਦੀਆਂ ਟੂਕਾਂ ਨੂੰ ਵੱਖ ਵੱਖ ਸੁਰਖੀਆਂ ਅਧੀਨ ਇਕੱਤਰ ਕੀਤਾ ਗਿਆ ਹੈ। ਇਕੋ ਵਿਚਾਰ ਤੇ ਬਹੁਤ ਸਾਰੇ ਸ਼ਬਦ ਮਿਲ ਜਾਂਦੇ ਹਨ। ਮੁੱਲ : 12-00
6. **ਸਿਖ ਧਰਮ ਦਰਸ਼ਨ : ਸਰਦੂਲ ਸਿੰਘ :** ਗੁਰਬਾਣੀ ਦੇ ਭਾਵਾਂ ਨੂੰ ਸਮਝਣ ਲਈ ਇਸ ਪੁਸਤਕ ਦਾ ਅਧਿਐਨ ਬਹੁਤ ਜ਼ਰੂਰੀ ਹੈ। ਵਿਚਾਰ ਬੜੇ ਸਪਸ਼ਟ ਤੇ ਭਾਸ਼ਾ ਬਹੁਤ ਸਰਲ ਹੈ। ਮੁੱਲ 10-00
7. **ਲੋਕ ਨਾਟਕ : ਬਲਵੰਤ ਗਾਰਗੀ :** ਜੀਵਨ ਦੇ ਵਖ ਵਖ ਪੱਖਾਂ ਨੂੰ ਮੁਢਲੇ ਰੂਪਾਂ ਵਿਚ ਨਾਟਕ ਰਾਹੀਂ ਹੀ ਦਰਸਾਇਆ ਜਾਂਦਾ ਸੀ। ਇਸ ਮਾਧਿਅਮ ਨੂੰ ਪਹਿਲੀ ਵਾਰੀ ਲੋਕ ਜੀਵਨ ਦਾ ਅੰਗ ਬਣਾ ਕੇ ਵਿਅਕਤ ਕੀਤਾ ਹੈ। ਮੁੱਲ : 35-00
8. **ਪਿਲਗ੍ਰਿਮਜ਼ ਪ੍ਰੋਗਰੈਸ ਦਾ ਪੰਜਾਬੀ ਅਨੁਵਾਦ ਅਤੇ ਪਾਦਰੀਆਂ ਦੀ ਪੰਜਾਬੀ** ਸੰਪਾਦਕ ਭੁਪਿੰਦਰ ਸਿੰਘ ਢਿਲੋਂ : 19ਵੀਂ ਸਦੀ ਦੇ ਅੰਤਲੇ ਸਮੇਂ ਦੀ ਵਾਰਤਕ ਦਾ ਨਮੂਨ ਅਤੇ ਪੁਸਤਕ ਦੇ ਮੁੱਢ ਵਿਚ **ਪੰਜਾਬੀ ਗੱਦ** ਬਾਰੇ ਆਲੋਚਨਾਤਮਕ ਜਾਣਕਾਰੀ ਦਿਤੀ ਹੋਈ ਹੈ ਜੋ ਵਿਦਿਆਰਥੀਆਂ ਲਈ ਅਤਿਅੰਤ ਉਪਯੋਗੀ ਹੈ। ਮੁੱਲ : 6-25
9. **ਪੰਜਾਬੀ ਦੀਆਂ ਭਾਸ਼ਾਈ ਵਿਸ਼ੇਸ਼ਤਾਵਾਂ : ਹਰਕੀਰਤ ਸਿੰਘ :** ਪੰਜਾਬੀ ਦੀਆਂ ਵਿਸੇਸ਼ਤਾਵਾਂ ਦਾ ਇਸ ਪੁਸਤਕ ਵਿਚ ਬੜੀ ਗੰਭੀਰਤਾ ਨਾਲ ਅਧਿਐਨ ਕੀਤਾ ਹੈ ਜੋ ਭਾਸ਼ਾ ਵਿਗਿਆਨ ਦੇ ਵਿਦਿਆਰਥੀਆਂ ਲਈ ਮੁੱਢਲੀ ਜਾਣਕਾਰੀ ਦੇਂਦਾ ਹੈ। ਮੁੱਲ : 2 50
10. **ਪੰਜਾਬੀ ਸਾਹਿਤ ਕੋਸ਼ :** ਸਾਹਿਤ ਵਿਚ ਵਰਤੇ ਜਾਣ ਵਾਲੇ ਭਿੰਨ ਭਿੰਨ ਪਰਿਭਾਸ਼ਿਕ ਸ਼ਬਦਾਂ ਦੀ ਵਿਆਖਿਆ ਅਤੇ ਸਾਹਿਤਕ ਰੂਪਾਂ ਦਾ ਵਿਸ਼ਲੇਸ਼ਣ ਤੇ ਇਤਿਹਾਸ ਇਸ ਪੁਸਤਕ ਵਿਚ ਅੱਖਰ-ਰੂਪ ਅਨੁਸਾਰ ਦਰਜ ਹੈ। ਮੁੱਲ : 9-50

**ਹੋਰ ਪੁਸਤਕਾਂ ਦੀ ਵਧੇਰੇ ਜਾਣਕਾਰੀ ਲਈ ਲਿਖੋ ਯਾ ਮਿਲੋ :**

**ਪ੍ਰਕਾਸ਼ਨ ਤੇ ਬਿਕਰੀ ਅਫਸਰ, ਪੰਜਾਬੀ ਯੂਨੀਵਰਸਿਟੀ, ਪਟਿਆਲ**




**ਛਣਕਾਰ/ਰਘੁਬੀਰ ਢੰਡ**

(ਸੰਤ ਸਿੰਘ ਸੇਖੋਂ ਦੀ ਨਜ਼ਰ)

ਦੁਨੀਆਂ ਦੇ ਖੂਬਸੂਰਤ ਸ਼ਹਿਰਾਂ 'ਚੋਂ ਇਕ ਸ਼ਹਿਰ !

ਉਸ ਸ਼ਹਿਰ ਦਾ ਅਤਿ ਸੁੰਦਰ ਇਲਾਕਾ ! ਬਹਿਸ਼ਤ 'ਚ ਇਕ ਮਿੰਨੀ ਬਹਿਸ਼ਤ !

ਹਰ ਸ਼ੈਅ, ਹਾਂ ਹਰ ਸ਼ੈਅ, ਕਰੀਨੇ ਨਾਲ, ਸੁਘੜਤਾ ਨਾਲ ਤਰਾਸ਼ੀ ਹੋਈ, ਘੜੀ ਹੋਈ ਜਿਵੇਂ ਘੁਮਿਆਰ ਨੇ ਆਪਣੇ ਜਾਦੂ-ਚੱਕ ਨਾਲ ਭਾਂਡਾ ਘੜ ਦਿੱਤਾ ਹੋਵੇ—ਜਾਂ ਨੈਣ ਦੇ ਕਲਾਕਾਰ-ਹੱਥ ਨੇ ਕਿਸੇ ਲੈਰੀ ਸੁੰਦਰ ਮੁਟਿਆਰ ਦੇ ਸਿਰ ਵਿਚ ਸੱਗੀ-ਫੁੱਲ ਗੁੰਦ ਕੇ ਉਹਨੂੰ ਕੁੜੀ ਤੋਂ ਵਹੁਟੀ ਬਣਾ ਦਿੱਤਾ ਹੋਵੇ।

ਮਹੀਨਾ ਭਾਵੇਂ ਸ਼ੁਰੂ ਜੁਲਾਈ ਦਾ ਸੀ, ਪਰ ਅਸਮਾਨ 'ਤੇ ਤਰਦੇ ਬੱਦਲਾਂ ਅਤੇ ਪਹਾੜੀ ਗੀਤਾਂ ਨਾਲ ਗਰਭਵਤੀ ਹੋਈ ਠੰਡੀ ਰੁਮਕਦੀ ਪੌਣ ਨੇ ਮੌਸਮ ਬਹੁਤ ਖੁਸ਼ਗਵਾਰ ਬਣਾ ਦਿੱਤਾ ਸੀ।

ਅਤੇ ਕਾਲੀਦਾਸ ਥੇਟਰ ਨੂੰ ਜਾਂਦੀ ਵਿਸ਼ਾਲ ਸੜਕ ਉਤੇ ਉਸ ਸ਼ਹਿਰ ਦਾ ਦਿਮਾਗ਼ ਤੁਰਿਆ ਜਾ ਰਿਹਾ ਸੀ।

ਉੱਚੇ ਦਰਖ਼ਤ ਦੇ ਹਰੇ ਝੁੰਡ ਵਿਚ ਬਣਾਏ ਆਪਣੇ ਆਲ੍ਹਣੇ ਵਿਚੋਂ ਉੱਡ ਚਕਵੀ ਦਰਖ਼ਤ ਦੀ ਟੀਸੀ 'ਤੇ ਆ ਬੈਠੀ ਅਤੇ ਸੈਨਤ ਨਾਲ ਚਕਵੇ ਨੂੰ ਵੀ ਕੋਲ ਸੱਦ ਲਿਆ। ਚਕਵੀ ਨੇ ਲੰਮੀ ਅੰਗੜਾਈ ਲੈਂਦਿਆਂ ਜਾਣਕੇ ਚਕਵੇ ਦੇ ਪਿੰਡੇ ਨਾਲ ਪਿੰਡਾ ਛੁਹਾਇਆ—ਏਸ ਆਸ ਨਾਲ ਕਿ ਚਕਵਾ ਹੁਣੇ ਹੀ ਆਪਣੀ ਚੁੰਝ ਉਹਦੀ ਚੁੰਝ ਵਿਚ ਫਸਾ ਦੇਵੇਗਾ, ਅਤੇ ਅਜਿਹੇ ਮੌਸਮ ਵਰਗਾ ਹੀ ਇਕ ਮੌਸਮ ਉਹਨਾਂ ਦੀ ਜ਼ਿੰਦਗੀ ਵਿਚ ਵੀ ਘੁਲ ਜਾਵੇਗਾ। ਪਰ ਚਕਵਾ ਉਸੇ ਤਰ੍ਹਾਂ ਬੇਹਿਸ ਬੈਠਾ ਰਿਹਾ। ਮਾਲਵੇ ਦੀ ਅਣਖੀਲੀ ਚਕਵੀ ਨੇ ਇਕੋ ਝਟਕੇ ਨਾਲ ਮੂੰਹ ਭੁਆ ਲਿਆ ਅਤੇ ਮਨ ਹੀ ਮਨ 'ਚ ਆਖਿਆ—ਹੂੰ ! ਕੇਡੀ ਨਮੋਹੀ ਹੁੰਦੀ ਐ ਮਰਦ ਜਾਤ। ਇਹ ਹਮੇਸ਼ਾ ਹੀ ਔਰਤ ਦੇ ਜਜ਼ਬਾਤ ਉਤੇ ਆਪਣੇ ਮੂਡ ਦਾ ਸੈਂਸਰ ਲਾਕੇ ਰਖਦੀ ਐ।

ਚਕਵੇ ਨੇ ਜਾਚ ਲਿਆ ਉਹਦੀ ਰਾਣੋ ਵੱਟ ਖਾ ਗਈ ਸੀ। ਉਹਨੇ ਉਹਦੀ ਪਿੱਠ 'ਤੇ ਆਪਣੀ ਚੁੰਝ ਪੋਲੀ ਜਿਹੀ ਰਗੜੀ ਤੇ ਬੋਲਿਆ—ਮੇਰੀ ਚੱਕੋ ਵੱਟ ਕਿਉਂ ਖਾ ਗਈ ? ਮੈਂ ਤਾਂ ਮੌਸਮ ਬਾਰੇ ਸੋਚ ਰਿਹਾਂ।

—ਕਿਉਂ ? ਕੀ ਹੋਇਐ ਮੌਸਮ ਨੂੰ ? ਸਾਵਣ ਦੀ ਰੁੱਤ ਐ। ਸਾਰੀ ਧਰਤੀ ਮੱਛਰੀ ਖਲੋਤੀ ਐ। ਇਹ ਤਾਂ..... ਇਹ ਤਾਂ ਉਡਾਰੀਆਂ ਲਾਉਣ ਦਾ ਮੌਸਮ ਐ। ਔਹਨਾਂ ਗੇਰੂਏ ਪਹਾੜਾਂ ਉਤੋਂ ਦੀ ਉਡਣ ਦਾ। ਚਸ਼ਮਿਆਂ 'ਤੇ ਨ੍ਹਾ ਕੇ ਪਿੰਡੇ ਛੰਡਣ ਦਾ ਤੇ ਫਿਰ ਬੱਦਲਾਂ ਦੀਆਂ ਚਾਦਰਾਂ ਉਤੇ ਲੇਟਣ ਦਾ। ਉਹਨਾਂ 'ਚ ਉਲਝਣ ਦਾ ਤੇ ਉਲਝ ਉਲਝ ਡਿੱਗਣ ਦਾ......

—ਚੱਲ ਬੱਸ ਕਰ, ਐਵੇਂ ਝੱਲ ਨਾ ਖਿਲਾਰੀ ਜਾਹ ! ਤੂੰ ਕਿਉਂ ਐਵੇਂ ਅਣਹੋਣੀਆਂ ਗੱਲਾਂ ਪਈ ਕਰਨੀ ਏਂ ? ਏਹ ਤਾਂ ਉਥੇ ਹੁੰਦਾ ਏ ਜਿਥੇ ਖੂਨ ਪਿਘਲਦਾ ਹੋਵੇ, ਖੂਨ ਜਲਦਾ ਹੋਵੇ—

ਪਰ ਏਥੇ ਤਾਂ.. .. ਮੇਰਾ ਮਤਲਬ ਐ ਇਸ ਬਸਤੀ 'ਚ ਤਾਂ ਜਾਂ ਸਾਧ ਰਹਿੰਦੇ ਨੇ ਜਾਂ......

—ਹੀਜੜੇ ! ਏਹੀ ਕਹਿਣਾ ਸੀ ਨਾ ਤੂੰ ? ਮੈਂ ਤੇਰੀ ਨਾੜ ਨਾੜ ਦੀ ਵਾਕਫ ਆਂ.. .. ਪਰ ਅੜਿਆ, ਪਤਾ ਨੀ ਕੁਸ਼ ਦਿਨਾਂ ਤੋਂ ਤੈਨੂੰ ਕੀ ਹੋ ਗਿਐ—ਤੂੰ ਸਿੱਧੀਆਂ-ਪੱਧਰੀਆਂ ਗੱਲਾਂ ਦੀ ਥਾਂ ਐਵੇਂ ਕਮਰੀਕੀਆਂ ਜਿਹੀਆਂ ਛਾਂਟਣ ਲੱਗ ਪਿਐਂ......

ਚਕਵੀ ਨੂੰ ਰਉਂ ਸਿਰ ਆਉਂਦੀ ਵੇਖ ਚਕਵੇ ਨੇ ਆਪਣੀ ਚੁੰਝ ਦੀ ਕੁਲਿੱਤਣ ਉਹਦੇ ਪਿੰਡੇ ਨਾਲ ਰਗੜੀ ਤੇ ਬੋਲਿਆ—ਪਰ ਤੈਨੂੰ ਸਮਝ ਤਾਂ ਪੈ ਜਾਂਦੀ ਐ ਨਾ ?

ਚਕਵੀ ਨੇ ਚਕਵੇ ਦੀਆਂ ਅੱਖਾਂ 'ਚ ਤੱਕ ਸਾਰਾ ਪਿਆਰ ਘੋਲ ਦਿੱਤਾ ਪਰ ਸੰਗ ਗਈ। ਨੀਵੀਂ ਪਾ ਐਵੇਂ ਹੀ ਹਰੇ ਪੱਤੇ ਨੂੰ ਛੇੜਦੀ ਕਹਿਣ ਲੱਗੀ—ਹਾਂ, ਖ਼ੈਰ ਸਮਝ ਤਾਂ ਆ ਈ ਜਾਂਦੀ ਐ। ਪਰ ਅੜਿਆ, ਆਏਂ ਚਿੰਨ੍ਹਾਂ ਜਿਹਾਂ ਨਾਲ ਗੱਲਾਂ ਕਰਨ ਦੀ ਮੈਨੂੰ ਵੀ ਆਦਤ ਪੈਂਦੀ ਜਾਂਦੀ ਐ। ਕਲ੍ਹ ਸੂਰਜ ਗ੍ਰਹਿਣ ਵਾਲੇ ਦਿਨ ਮੈਂ ਆਪਣੀ ਸਹੇਲੀ ਨੂੰ ਆਖਿਆ—ਅੜੀਏ, ਬੜਾ ਗੁੰਮ ਐ। ਚੱਲ ਝੀਲ 'ਚ ਨ੍ਹਾਹੀਏ। ਉਹ ਕਹਿਣ ਲੱਗੀ—ਨਾ ਭੈਣੇਂ, ਮੈਂ ਤਾਂ ਨ੍ਹਾਉਣਾ ਨੀ। ਮੇਰੀ ਕੁੱਖ 'ਚ ਬੱਚਾ ਵੀ ਗ੍ਰਹਿਣਿਆ ਜਾਵੇਗਾ...... ਮੈਂ ਪਤੈ ਕੀ ਆਖਿਆ ? ਮੈਂ ਆਖਿਆ - ਸਰਜ ਤਾਂ ਆਪ ਸੈਂਸਰ ਹੋਇਆ ਪਿਐ । ਏਹਨੇ ਖਸਮਾਂ ਨੂੰ ਖਾਣੇ ਨੇ ਗਾਹਾਂ ਕਿਸੇ ਨੂੰ ਕੀ ਸੈਂਸਰ ਕਰਨੈ ?

ਚਕਵਾ ਇਕ ਹੁਲਾਰੇ ਜਿਹੇ 'ਚ ਉਹਦੇ ਹੋਰ ਕੋਲ ਹੋ ਗਿਆ। ਉਹਨੇ ਚਕਵੀ ਵਲ ਆਪਣੀ ਚੁੰਝ ਵਧਾਈ । ਚਕਵੀ ਵੀ ਆਪਣੀ ਚੁੰਝ ਉਹਦੇ ਮੇਚ ਦੀ ਕਰਨ ਲਈ ਪੱਬਾਂ ਭਾਰ ਖਲੋ ਗਈ । ਪਰ ਉਹਦੀ ਨਜ਼ਰ ਸੜਕ 'ਤੇ ਤੁਰੇ ਜਾਂਦੇ ਬੰਦਿਆਂ ਦੀ ਠਾਠ-ਬਾਠ ਨੇ ਖਿੱਚ ਲਈ।

—ਚਕਵਿਆ ! ਔਹ ਰੰਗ-ਬਰੰਗੇ ਲੋਕ ਕੌਣ ਨੇ ?

—ਏਸ ਬਸਤੀ ਦਾ ਦਿਮਾਗ ਐ।

—ਫੇਰ ਉਹੀ ਗੱਲ ? ਤੈਨੂੰ ਕਿੰਨੀ ਵਾਰ ਆਖਿਐ ਬਈ ਮੇਰੇ ਨਾਲ ਬਹੁਤੀਆਂ ਕਮਰੀਕੀਆਂ ਨਾ ਛਾਂਟਿਆ ਕਰ । ਮੈਂ ਸਿੱਧੀ-ਸਾਦੀ ਮਲਵੈਣ ਆਂ । ਕੋਈ ਇੰਦਰ ਪੁਰੀ ਦੀ ਅਪੱਛਰਾਂ ਨੀ।

ਚਕਵੀ ਨੇ ਪਿਆਰ-ਭਰੇ ਗੁੱਸੇ ਨਾਲ ਪਿੱਠ ਭੁਆ ਲਈ । ਚਕਵਾ ਵੀ ਜ਼ਰਾ ਰੜਕਾਕੇ ਉਹਦੀ ਪਿੱਠ 'ਤੇ ਚੁੰਝ ਘਸਾਉਣ ਲਗਿਆ ਅਤੇ ਨਾਲ ਨਾਲ ਤਬਸਰਾ ਵੀ ਕਰਦਾ ਗਿਆ...... ਮਲਵੈਣਾਂ ਦਾ ਨਖ਼ਰਾ ਵੀ ਕਿਹੜਾ ਘੱਟ ਹੁੰਦੈ...... ਚੰਗਾ ਨਖ਼ਰੇਲੋ ! ਲੈ ਸਿੱਧੀ ਤਰ੍ਹਾਂ ਹੀ ਸੁਣ ਲੈ......

ਜੇਠ ਹਾੜ੍ਹ ਦਾ ਮਹੀਨਾ ਸੀ । ਧਰਤੀ ਤਾਂਬੇ ਵਾਂਗ ਤਪੀ ਪਈ ਸੀ । ਲੂਅ ਕਾਮਿਆਂ ਦੇ ਪਿੰਡਿਆਂ ਨੂੰ ਲੂਹ ਰਹੀ ਸੀ । ਪਰ ਇੰਦਰ ਪੁਰੀ ਵਿਚ ਨਾਚ ਦਾ ਲੋਹੜਾ ਉਠਿਆ ਪਿਆ ਸੀ। ਭਾਂਤ ਭਾਂਤ ਦੇ ਪੱਤਿਆਂ 'ਚ ਲਿਪਟੇ ਪਰੀਆਂ ਦੇ ਮਖਣੀਆਂ ਵਰਗੇ ਪਿੰਡੇ। ਸਿਆਲ ਦੀ ਮਸਿਆ ਵਰਗੇ ਕੋਹ ਕੋਹ ਲੰਮੇ ਵਾਲ । ਛਣਕਦੇ ਘੁੰਘਰੂ ; ਉਲਰ ਉਲਰ ਪੈਂਦੀਆਂ ਬਾਹਾਂ—ਮੂਨਾਂ ਵਰਗੀਆਂ ਲਚਕੀਲੀਆਂ ਧੌਣਾਂ ਮੁੇਲ ਮੁੇਲ ਆਉਂਦੀਆਂ । ਇੰਦਰ ਦੇਵਤਾ ਮਸਤ ਹੋਏ ਝੂਮ



ਰਹੇ ਸਨ। ਉਹਨਾਂ ਦੇ ਸਰੀਰ ਵਿਚ ਏਨੀ ਸੈਨਸੇਸ਼ਨ, ਮੇਰਾ ਮਤਲਬ ਐ ਕੁਤਕੁਤਾੜੀਆਂ ਉਠਣ ਲਗ ਪਈਆਂ। ਉਹਨਾਂ ਨੂੰ ਏਨੀ ਮਸਤੀ ਚੜ੍ਹੀ ਕਿ ਉਹਨਾਂ ਨੇ ਨਾਲ ਬੈਠੀ ਅਪੱਛਰਾ ਨੂੰ ਇਕੋ ਝਟਕੇ ਨਾਲ ਆਪਣੇ ਉਤੇ ਸੁੱਟ ਲਿਆ......

—ਝੂਠਾ ਕਿਸੇ ਥਾਉਂ ਦਾ, ਚਕਵੀ ਨੇ ਬੇ-ਯਕੀਨੀ ਨਾਲ ਚਕਵੇ ਨੂੰ ਟੋਕਿਆ। ਇੰਦਰ ਦੇਵਤਾ ਹੈ ਦੇਵਤਾ। ਨਾਲੇ ਦੇਵਤਾ ਵੀ ਸਾਰਿਆਂ ਤੋਂ ਵੱਡਾ। ਉਹ ਸ਼ਰੇ ਆਮ ਏਹੋ ਜਿਹੀਆਂ ਬੇਸ਼ਰਮ ਗੱਲਾਂ ਨੀ ਕਰ ਸਕਦਾ।

ਚਕਵਾ ਹੱਸਿਆ ਅਤੇ ਰਤਾ ਨਹੋਰੇ ਨਾਲ ਬੋਲਿਆ—ਬੱਸ ਮਲਵੈਣੇ ਚਿਭੜਾਂ ਦੀ ਚਟਣੀ ਖਾਣ ਈ ਜਾਣਦੀ ਏਂ ਨਾ। ਸੁਦੈਣੇ, ਬੇਸ਼ਰਮ ਗੱਲਾਂ ਦਾ ਤਾਂ ਆਮ ਲੋਕਾਂ ਨੂੰ ਮਿਹਣਾ ਹੁੰਦੈ। ਵੱਡੇ ਆਦਮੀਆਂ ਦੀ ਛੂਹ ਨਾਲ ਸਭ ਬੇਸ਼ਰਮ ਗੱਲਾਂ ਯਾਦਗਾਰੀ ਕਹਾਣੀਆਂ ਬਣ ਜਾਂਦੀਆਂ ਨੇ। ਸਖੀਆਂ ਨਾਲ ਰਾਸ ਲੀਲਾ ਰਚਾਉਣੀ ; ਗੋਰੀਆਂ ਦੀਆਂ ਨੰਗੀਆਂ ਦੁਧੀਆਂ ਫੜ ਫੜ ਮਹਿਲ ਦੀ ਛੱਤ 'ਤੇ ਚੜ੍ਹਨਾ ਅਤੇ ਫਿਰ ਬਾਹਰ ਖਲੋਤੀ ਗ਼ਰੀਬ-ਗੁਰਬਿਆਂ ਦੀ ਡਾਰ ਨੂੰ ਦਾਨ ਬੁਰਕੀਆਂ ਸੁੱਟਣੀਆਂ ਇਹ ਵੱਡੇ ਆਦਮੀਆਂ ਦੇ ਜਲੌ ਹੁੰਦੇ ਨੇ। ਏਨੇ ਸਾਲ ਮੇਰੇ ਨਾਲ ਰਹਿਕੇ ਕਈ ਵਾਰ ਤੈਨੂੰ ਆਮ ਗੱਲਾਂ ਦੀ ਵੀ ਸਮਝ ਨੀ ਆਉਂਦੀ। ਲੈ ਬੜੀ ਸਿੱਧੀ ਗੱਲ ਐ ਗਰੀਬ ਦੀ ਧੀ ਸਭ ਦੀ ਜੋਰੋ ਹੁੰਦੀ ਐ ਪਰ ਸਰਕਾਰੀ ਸਾਨ੍ਹ ਨੂੰ ਹਰ ਪੈਲੀ 'ਚ ਵੜਨ-ਚਰਨ ਦੀ ਖੁਲ੍ਹ ਹੁੰਦੀ ਹੈ । ਪਾਗਲੇ, ਇਹ ਸੋਸਾਇਟੀ ਦੇ ਅਕਸੈਪਟਿਡ ਨਾਰਮਜ਼ ਹੁੰਦੇ ਨੇ—

—ਚੰਗਾ, ਚੰਗਾ ! ਗਾਹਾਂ ਚੱਲ। ਕੇਹੋ ਜਿਹੀ ਬੋਲੀ ਬੋਲਦੈ ਢਾਏ ਜਾਣਾ । ਇੰਝ ਕਹਿ ਚਕਵੀ ਉਹਤੋਂ ਗਿੱਠ ਭਰ ਪਰ੍ਹਾਂ ਹਟ ਗਈ।

—ਮਾਫ ਕਰੀਂ, ਸੋਹਣੀਏਂ ਕੀ ਕਰੀਏ ਹੁਣ ਆਪਣਾ ਆਲ੍ਹਣਾ ਈ ਬੁਧੀਜੀਵੀਆਂ ਦੀ ਬਸਤੀ 'ਚ ਐ। ਮੇਰੀ ਬੋਲੀ 'ਚ ਹਾਸ਼ਮ ਮਰਦਾ ਜਾ ਰਿਹੈ ..ਖੈਰ ਤੂੰ ਆਪਣੀ 'ਚੋਂ ਗੁਰਦਿਆਲ ਨੂੰ ਨਾ ਮਰਨ ਦੇਈਂ। ਇੰਝ ਕਹਿ ਚਕਵੇ ਦੀ ਅੱਖੋਂ ਹੰਝੂ ਕਿਰ ਗਿਆ। ਹਾਇ ਜਾਨਵਰਾਂ ਦਾ ਵੀ ਆਪਣੀ ਬੋਲੀ ਨਾਲ ਮੋਹ ਕੇਡਾ ਬਲਵਾਨ ਹੁੰਦਾ ਹੈ।

ਖੈਰ ਉਹਨੇ ਗੱਲ ਜਾਰੀ ਰੱਖੀ . ਭਾਣਾ ਕਰਤਾਰ ਦਾ ਕੀ ਵਰਤਿਆ ਕਿ ਨਚਦੀਆਂ ਪਰੀਆਂ ਦੇ ਪੈਟ ਉਖੜਨ ਲਗ ਪਏ—ਪਿੰਡਿਆਂ ਤੋਂ ਪੱਤੇ ਉਡਣ ਲਗ ਪਏ ਅਤੇ ਆਣ ਦੀ ਆਣ 'ਚ ਇੰਦਰ ਦੇ ਸਿੰਘਾਸਣ ਦੀਆਂ ਲੱਤਾਂ ਕੰਬਣ ਲੱਗ ਪਈਆਂ । ਇੰਦਰ ਦੀਆਂ ਬਾਹਾਂ 'ਚੋਂ ਟੁੱਟ ਅਪੱਛਰਾਂ ਫਰਸ਼ 'ਤੇ ਜਾ ਢੱਠੀ ਪਰ ਡਿੱਗੀ ਪੈਰਾਂ ਭਾਰ। ਰੂਬੋਟ ਕਿਸਮ ਦੇ ਮਾਰਸ਼ਲਾਂ ਨੇ ਇੰਦਰ ਨੂੰ ਮਸੀਂ ਮਸੀਂ ਡਿਗਣੋ ਬਚਾਇਆ। ਚਕਵੀਏ। ਇਹ ਵੀ ਤੂੰ ਸ਼ੁਕਰ ਕਰ ਇੰਦਰ ਦੇਵਤਾ ਡਿਗਣੋ ਬਚਾ ਲਿਆ : ਨਹੀਂ ਤਾਂ ਦੇਵਤੇ ਜਦੋਂ ਵੀ ਡਿਗਦੇ ਨੇ ਸਿਰ ਭਾਰ ਹੀ ਡਿਗਦੇ ਨੇ। ਪਰ ਧੱਕਾ ਕਾਫੀ ਵੱਡਾ ਹੋਣ ਕਰਕੇ ਤਾਜ ਉਹਦਾ ਫੇਰ ਵੀ ਫਰਸ਼ 'ਤੇ ਲੁੜ੍ਹਕ ਗਿਆ।

ਚਕਵੀ ਨੇ ਉਤਸੁਕ ਹੋ ਟਿਪਣੀ ਕੀਤੀ— ਚਕਵਿਆ। ਏਹੋ ਜਿਹਾ ਕੀ ਭਾਣਾ ਵਰਤਿਆ ਹੋਵੇਗਾ ? ਹਾਂ ਸੱਚ, ਸਮਝ ਗੀ . ਧੌਲ ਨੇ ਸਿੰਗ ਬਦਲਿਆ ਹੋਣੈ ....

—ਹੂੰ ਸਮਝਗੀ ਆਪਣੀ ਮਾਂ ਦਾ ਸਿਰ। ਸੁਦੈਣੇ ! ਧੌਲ ਸਿੰਗ ਬਦਲਣ ਲਗਿਆਂ ਵੱਡੇ ਆਦਮੀਆਂ ਨੂੰ ਧਿਆਨ 'ਚ ਰਖਦੈ । ਇਹੀ ਹਾਲ ਸਾਰੇ ਦੇਵਤਿਆਂ ਦਾ ਹੈ । ਤੂੰ ਅਗਨੀ ਦੇਵਤੇ ਨੂੰ ਈ ਵੇਖ ਲੈ ...... ਤੂੰ ਸੈਂਕੜੇ ਵਾਰ ਸੁਣਿਆ ਹੋਵੇਗਾ ਕਿ ਅਗਨੀ ਦੇਵਤਾ ਕਰੋਪ ਹੋ ਗਿਆ ਤੇ ਸੈਂਕੜੇ ਝੁਗੀਆਂ ਸੜਕੇ ਸੁਆਹ ਹੋ ਗਈਆਂ—ਤੂੰ ਕਦੇ ਸੈਕਟਰ ਸੜਦੇ

ਵੀ ਸੁਣੇ ਨੇ......ਖੈਰ ਇੰਦਰ ਦੇਵਤਾ ਬਾਹਰ ਤਪਦੀ ਧਰਤੀ ਵਾਂਗ ਮੱਚਣ ਲਗ ਪਿਆ। ਅੱਖਾਂ ’ਚ ਅੰਗਿਆਰ ਮਘਣ ਲਗੇ ਅਤੇ ਮੂੰਹ ’ਚੋਂ ਜਵਾਲਾਮੁਖੀ ਫੁੱਟ ਨਿਕਲਿਆ । ਤੇ ਚਕਵੀਏ ਉਹਨੇ ਖੰਡਾ ਧੂਹ ਹੋਕਰਾ ਮਾਰਿਆ—ਮੇਰਾ ਸਿੰਘਾਸਣ ਡੁਲਾਉਣ ਵਾਲੇ ਦਾ ਮੈਂ ਟੋਕਾ ਕਰ ਦਿਆਂਗਾ।

ਬੱਸ ਚਾਰੇ ਪਾਸੇ ਸੱਨਾਟਾ ਛਾ ਗਿਆ। ਕੌਣ ਬੋਲੇ ਇੰਦਰ ਮੂਹਰੇ ? ਫਿਰ ਝਾਂਜਰ ਛਣਕੀ। ਸਾਰੀਆਂ ਨਜ਼ਰਾਂ ਅਪੱਛਰਾਂ ’ਤੇ ਜਾ ਟਿਕੀਆਂ । ਉਹਨੇ ਮੁਸਕਾਣ ਲਿਆਂਦੀ, ਅੱਖਾਂ ’ਚ ਸ਼ਰਾਬ ਛਲਕਾਈ ਤੇ ਇੰਦਰ ਵੱਲ ਨੂੰ ਇਸ ਅੰਦਾਜ਼ ਵਿਚ ਤੁਰਕੇ ਆਈ ਕਿ ਇੰਦਰ ਸਿਲ ਪੱਥਰ ਬਣ ਗਿਆ। ਕੋਲ ਆ ਰੁਕੀ ਅਤੇ ਹੱਥ ਅਗਾਂਹ ਵਧਾ ਇੰਦਰ ਦਾ ਖੰਡਾ ਉਹਨੇ ਆਪ ਫੜ ਲਿਆ । ਖੰਡੇ ਦੇ ਹੱਥ ਬਦਲਣ ਦੀ ਦੇਰ ਸੀ ਕਿ ਉਹਨੇ ਮਾਰਸ਼ਲਾਂ ਨੂੰ ਹੁਕਮ ਦਿੱਤਾ ਕਿ ਇੰਦਰ ਨੂੰ ਆਰਾਮ ਨਾਲ ਸਿੰਘਾਸਣ ’ਤੇ ਬਿਠਾ ਦੇਵੋ। ਫਿਰ ਅਪੱਛਰਾਂ ਨੇ ਸਨਾਟਾ ਤੋੜਿਆ—ਮਹਾਰਾਜ । ਐਵੇਂ ਹਵਾ ’ਚ ਤਲਵਾਰਾਂ ਨਾ ਮਾਰੋ। ਤੁਹਾਡਾ ਸਿੰਘਾਸਣ ਡੁਲਾਉਣ ਵਾਲਾ ਕੋਈ ਵਿਸ਼ਵਾਮਿੱਤਰ ਰਿਸ਼ੀ ਨਹੀਂ ਬਲਕਿ ਇਸ ਸਦੀ ਦਾ ਮੌਬ ਵਿਗੜਿਆ ਹੋਇਆ ਹੈ। ਚਕਵੀਏ ! ਅਪੱਛਰਾਂ ਕਪੜੇ ਤਾਂ ਆਪਣੇ ਮੁਲਕ ਦੇ ਹੀ ਪਾਉਂਦੀ ਸੀ ਪਰ ਬਾਹਰਲੇ ਮੁਲਕ ਦੀ ਪੜ੍ਹੀ ਹੋਣ ਕਰਕੇ ਲੋਕਾਂ ਨੂੰ ਮੌਬ ਕਹਿੰਦੀ ਹੁੰਦੀ ਸੀ।

ਬੱਸ ਚਕਵੀਏ, ਇੰਦਰ ਦੇਵਤਾ ਮੂਤ ਦੀ ਝੱਗ ਵਾਂਗ ਸਿੰਘਾਸਣ ’ਤੇ ਬਹਿ ਗਏ । ਅਪੱਛਰਾਂ ਨੇ ਫੁਰਮਾਨ ਆਪ ਡਰਾਫਟ ਕੀਤੇ ਅਤੇ ਫਿਰ ਦਸਖਤਾਂ ਲਈ ਇੰਦਰ ਦੇ ਅੱਗੇ ਕਰ ਦਿਤੇ। ਇੰਦਰ ਨੇ ਅਪੱਛਰਾਂ ਦੇ ਹੱਥ ’ਚ ਫੜੇ ਖੰਡੇ ਵਲ ਤਕਿਆ ਅਤੇ ਫਿਰ ਫੌਰਨ ਬਿਨਾਂ ਪੜ੍ਹਿਆਂ ਸਾਰੇ ਕਾਗਜ਼ਾਂ ’ਤੇ ਦਸਖਤ ਕਰ ਦਿਤੇ.....

ਚਕਵੀ ਨੂੰ ਗੱਲ ਸ਼ਾਇਦ ਬਣਾ ਕੇ ਸਮਝ ਨਾ ਆਈ। ਪੁੱਛਣ ਲਗੀ—ਚਕਵਿਆ, ਦਸਖਤ ਕਿਉਂ ਕਰਵਾਏ ?

—ਬਈ ਇੰਦਰ ਭਾਵੇਂ ਸੀ ਤਾਂ ਖਿੰਘਰ ਏ ਈ, ਪਰ ਨਾਂ ਤਾਂ ਉਹਦਾ ਹੀ ਬੋਲਦਾ ਸੀ ਨਾ, ਉਂਝ ਵੀ ਕਮਲੀਏ, ਓਟ ’ਚੋਂ ਮਾਰਿਆ ਤੀਰ ਕਦੀ ਖਤਾ ਨੀ ਜਾਂਦਾ ਹੁੰਦਾ......ਹਾਂ ਸੱਚ, ਮੈਂ ਇਕ ਗੱਲ ਦੱਸਣੀ ਤੈਨੂੰ ਭੁਲ ਹੀ ਗਿਆ—ਅਪੱਛਰਾਂ ਨੇ ਕਿਹਾ : ਜੇ ਮੈਨੂੰ ਹੋਰ ਦਸਖਤਾਂ ਦੀ ਫੌਰੀ ਲੋੜ ਪਈ ਤਾਂ ਰਾਕਟ ਦੀ ਜ਼ਰੂਰਤ ਪਵੇਗੀ। ਇੰਦਰ ਨੇ ਫ਼ੌਰਨ ਮਾਸਕੋ ਨੂੰ ਡਾਇਰੈਕਟ ਡਾਇਲ ਕੀਤਾ ਤੇ ਉਹਨਾਂ ਫ਼ੌਰਨ ਹਰੀ ਝੰਡੀ ਵਿਖਾ ਦਿੱਤੀ। ਚਕਵੀਏ, ਇਹ ਪਤਾ ਨੀ ਕੀ ਗੱਲ ਐ ਮਾਸਕੋ ਤੋਂ ਹੁਣ ਹਰੀਆਂ ਝੰਡੀਆਂ ਹੀ ਬਹੁਤੀਆਂ ਆਉਂਦੀਆਂ ਨੇ । ਲਾਲ ਝੰਡੀਆਂ ਖਬਰਨੀ ਉਥੇ ਹੁਣ ਬਣਨੋ ਹੀ ਹਟ ਗਈਆਂ ਨੇ.....

ਖ਼ੈਰ ਰੱਬ ਤੇਰਾ ਭਲਾ ਕਰੇ। ਅਪੱਛਰਾਂ ਰੂਸੀ ਰਾਕਟ ’ਤੇ ਚੜ੍ਹ ਆਪਣੇ ਟਿਕਾਣੇ ਆ ਲੱਗੀ। ਫ਼ੌਰਨ ਤਿੰਨ ਬੰਦੇ ਤਲਬ ਕੀਤੇ, ਫੌਜੀ ਵਰਦੀ ਵਾਲੇ ਨੂੰ ਸੱਜੇ ਪਾਸੇ ਬਿਠਾ ਲਿਆ ; ਪੁਲਸੀ ਵਰਦੀ ਵਾਲੇ ਨੂੰ ਖੱਬੇ ਪਾਸੇ ਅਤੇ ਦਫਤਰੀ ਵਰਦੀ ਵਾਲਾ ਕੰਨ ’ਚ ਕਲਮ ਟੁੰਗ ਸਾਹਮਣੇ ਬਹਿ ਗਿਆ । ਏਨੇ ਨੂੰ ਚੌਹਾਂ ਕੂਟਾਂ ’ਚੋਂ ਪਤਵੰਤੇ ਸੱਜਣ ਵੀ ਆ ਪੁੱਜੇ—ਸ਼ੇਖ, ਜ਼ੈਲਦਾਰ, ਜਸ ਵਾਲੇ ਸ਼ਹਿਜ਼ਾਦੇ ਸਿਧਾਰਥ, ਬੰਸੀ ਵਾਲੇ, ਸਵਰਨਕਾਰ, ਭੜੂਏ, ਡਾਂਗ ਬਹਾਦਰ ਆਦਿਕ !

ਚਕਵੀਏ, ਅੰਦਰ ਐਮਰਜੈਂਸੀ ਮੀਟਿੰਗ ਚਲਦੀ ਰਹੀ ਅਤੇ ਬਾਹਰ ਬੇੜੀਆਂ ਛਣਕਦੀਆਂ ਰਹੀਆਂ। ਅੰਤ ਵਿਚ ਅਪੱਛਰਾਂ ਨੇ ਸੁਰੀਲੀ ਪਰ ਦ੍ਰਿੜ ਆਵਾਜ਼ ’ਚ ਭੋਗ ਪਾਇਆ—ਇਹ ਵੀਹ



ਟੀਕਿਆਂ ਦਾ ਪੂਰਾ ਕੋਰਸ ਹੈ। ਇਹਦੇ ਨਾਲ ਹਰ ਬੰਦੇ ਦੀ ਕਾਇਆ ਕਲਪ ਹੋ ਜਾਵੇਗੀ—ਖ਼ਾਸ ਕਰ ਕਮਜ਼ੋਰ ਵਰਗ ਦੀ। ਪਹਿਲਾਂ ਤੁਸੀਂ ਆਪ ਵਰਤਕੇ ਆਪਣੇ ਪ੍ਰਭਾਵ ਦੱਸੋ......

ਅਪੱਛਰਾਂ ਦਾ ਹੁਕਮ ਸਾਰਿਆਂ ਨੂੰ ਪੰਜ ਮਿੰਟ ਪਜਾਮੇ-ਕੁੜਤੇ ਲਾਹੁਣ ਨੂੰ ਲੱਗੇ ਅਤੇ ਪੰਜੋ ਮਿੰਟ ਪੂਰਾ ਕੋਰਸ ਲਵਾਉਣ ਨੂੰ। ਦਸਾਂ-ਪੰਦਰਾਂ ਮਿੰਟਾਂ ਬਾਅਦ ਜਦੋਂ ਮਹਿਫਲ ਫਿਰ ਜੁੜੀ ਤਾਂ ਅਪੱਛਰਾਂ ਨੇ ਪੁਛਿਆ—ਕੀ ਅਸਰ ਹੋਇਆ ਤੁਹਾਡੇ ’ਤੇ ?

ਡਾਂਗ ਬਹਾਦਰ ਸਭ ਤੋਂ ਕਾਹਲਾ ਸੀ । ਬੋਲਿਆ—ਮੈਡਮ । ਮੈਨੂੰ ਜਾਪਦੈ ਜਿਵੇਂ ਮੈਨੂੰ ਲੈਨਿਨ ਪੀਸ ਪਰਾਈਜ਼ ਮਿਲ ਗਿਆ ਹੋਵੇ ਅਤੇ ਝੁਗੀਆਂ ’ਚ ਗੈਸ ਜਗ ਪਏ ਹੋਣ।

—ਮੁਹਤਰਮਾ। ਮੇਰੀ ਤਬੀਅਤ ਮੇਂ ਸ਼ੋਖੀ ਮਚਲ ਰਹੀ ਹੈ। ਸ਼ੇਖ ਸਾਹਿਬ ਨੇ ਆਖਿਆ ।

—ਮੇਰੇ ਸਾਹਵੇਂ ਦੁੱਧ ਦੀਆਂ ਨਦੀਆਂ ਤੇ ਹਰਾ ਇਨਕਲਾਬ ਨੱਚ ਰਿਹਾ ਹੈ, ਪੂਜਨੀਕ । ਜ਼ੈਲਦਾਰ ਜੀ ਪੱਗ ਸੰਵਾਰਦੇ ਬੋਲੇ।

—ਮੇਰੇ ਕਾਨੋਂ ਮੇਂ ਕਨ੍ਹਈਆ ਜੀ ਕੀ ਬਾਂਸਰੀ ਬੱਜ ਰਹੀ ਹੈ, ਜੀ ! ਬੰਸੀ ਵਾਲੇ ਬੋਲੇ ।

ਸਵਰਨਕਾਰ ਤਾਂ ਨੱਚਣ ਹੀ ਲੱਗ ਪਿਆ। ਆਲੂਆਂ ਦੀ ਰੇੜ੍ਹੀ ਧੱਕੀ ਆ ਰਹੇ ਮੁੜ੍ਹਕੋ ਮੁੜ੍ਹਕੀ ਹੋਏ ਭਈਏ ਵਲ ਤਕ ਚੀਕੇ—ਅਪੱਛਰਾਂ ਜੀ ! ਕਮਾਲ ਹੋ ਗਈ। ਔਹ ਵੇਖੋ, ਲੋਕ ਦਬਿਆ ਹੋਇਆ ਸੋਨਾ ਕੱਢ ਕੱਢ ਲਿਆ ਰਹੇ ਨੇ...

ਤਾੜੀਆਂ ਦੀ ਗੂੰਜ ਵਿਚ ਆਲੀਸ਼ਾਨ ਹਾਲ ਦੀਆਂ ਕੰਧਾਂ ਵੀ ਧੜਕਣ ਲੱਗ ਪਈਆਂ।

ਅਪੱਛਰਾਂ ਮੀਟਿੰਗ ਬਰਖਾਸਤ ਕਰਨ ਹੀ ਲੱਗੀ ਸੀ ਕਿ ਡਾਂਗ ਬਹਾਦਰ ਨੇ ਹੱਥ ਖੜ੍ਹਾ ਕਰਕੇ ਆਖਿਆ—ਇਕ ਸਵਾਲ ਮੈਡਮ। ਜਿਹੜਾ ਇਹਨਾਂ ਟੀਕਿਆਂ ਲਈ ਅਲਰਜਕ ਹੋਵੇ ?

ਇਹਦੇ ਜਵਾਬ ਵਿਚ ਅਪੱਛਰਾਂ ਨੇ ਮੂੰਹੋਂ ਤਾਂ ਕੁੱਝ ਨਾ ਬੋਲਿਆ—ਪਰ ਹਾਂ, ਤਿਰਛੀਆਂ ਅੱਖੀਆਂ ਤੇ ਮੁਸਕਾਂਦੀਆਂ ਬੁਲ੍ਹੀਆਂ ਨਾਲ ਸਵਾਲ ਕਰਨ ਵਾਲੇ ਵਲ ਤਕਿਆ ਅਤੇ ਨਾਲ ਦੀ ਨਾਲ ਆਪਣੀਆਂ ਬਾਹਾਂ ਵਿਚ ਪਾਈਆਂ ਲੋਹੇ ਦੀਆਂ ਚੂੜੀਆਂ ਛਣਕਾ ਦਿੱਤੀਆਂ......

ਇੱਕਾ ਇਕ ਅਸਮਾਨ ਉਤੇ ਰੋਹ ਲੱਦੇ ਬਦਲ ਭਿੜ ਪਏ। ਬਿਜਲੀ ਅਕਾਸ਼ ਦਾ ਕਾਲਜਾ ਚੀਰਦੀ ਲੰਘ ਗਈ। ਸਾਹਮਣੇ ਪਹਾੜੀ ਖੇਤਾਂ ਵਿਚ ਕਿਸੇ ਕਿਸਾਨ ਦੇ ਪੁੱਤ ਵਾਂਗ ਪਾਲੇ ਦਰਖਤ ਦਾ ਕਤਲ ਹੋ ਗਿਆ। ਚਕਵੀ ਦਹਿਲਕੇ ਚਕਵੇ ਦੀ ਹਿੱਕ ਨਾਲ ਆ ਲੱਗੀ—ਚਕਵਿਆ, ਬੜਾ ਭਿਆਨਕ ਮੌਸਮ ਐ। ਮੇਰੀ ਕਾਇਆ ਦਹਿਲ ਰਹੀ ਐ..

ਚਕਵੇ ਨੇ ਸਾਰੇ ਮੋਹ ਨਾਲ ਚਕਵੀ ਨੂੰ ਪਲੋਸਿਆ। ਦਿਲਾਸਾ ਦਿੰਦਾ ਬੋਲਿਆ—ਘਬਰਾ ਨਾ ਰੀ ਚਕੋ ; ਕਾਲੀਦਾਸ ਥੇਟਰ ਦਾ ਇਕੱਠ ਮੁੱਕ ਲਵੇ, ਇਕ ਕੋਰਸ ਤੂੰ ਵੀ ਲਵਾ ਲਈਂ । ਤੇਰੀ ਵੀ ਕਾਇਆ ਕਲਪ ਹੋ ਜਾਵੇਗੀ।

ਚਕਵੀ ਸਾਰੀ ਗੱਲ ਸਮਝਦਿਆਂ ਕਹਿਣ ਲੱਗੀ—ਹਾਂ, ਹੁਣ ਸਮਝੀ ਇਹ ਲੋਕ ਕਾਲੀਦਾਸ ਥੇਟਰ ਵਿਚ ਕੀ ਕਰਨ ਜਾ ਰਹੇ ਨੇ। ਅੜਿਆ ਚਲ ਆਪਾਂ ਵੀ ਇਹਨਾਂ ਦੇ ਰੰਗ ਵੇਖੀਏ।

ਚਕਵਾ ਮੁਸਕਰਾਇਆ ਜ਼ਰੂਰ, ਪਰ ਗੰਭੀਰ ਮੁਸਕਾਣ ਜਿਹੜੀ ਉਹਨਾਂ ਬੁਲ੍ਹਾਂ ’ਤੇ ਹੀ ਤੜਫਦੀ ਹੈ ਜੀਹਨਾਂ ਨੂੰ ਚੀਜ਼ਾਂ ਦੇ ਬਾਹਰਲੇ ਰੂਪ ਨਾਲੋਂ ਅੰਦਰਲੇ ਦੀ ਬਹੁਤੀ ਸਮਝ ਹੁੰਦੀ ਹੈ । ਕਹਿਣ ਲਗਿਆ—ਇਹਨਾਂ ਦੇ ਤੂੰ ਕੀ ਰੰਗ ਵੇਖੇਂਗੀ ? ਇਹਨਾਂ ਦੇ ਏਨੇ ਰੰਗ ਹੁੰਦੇ ਨੇ ਕਿ ਇਹਨਾਂ ਦਾ ਕੋਈ ਰੰਗ ਨਹੀਂ ਹੁੰਦਾ। ਖੈਰ ਇਹ ਬੰਦੇ ਦਿਲਚਸਪ ਹੁੰਦੇ ਨੇ ਕਿਉਂਕਿ ਇਹ ਬਹੁਤ ਵੱਡੇ

ਅਦਾਕਾਰ, ਮਹਾਨ ਐਕਟਰ ਹੁੰਦੇ ਨੇ ਜਿਹੜੇ ਡਬਲ ਰੋਲ ਵੀ ਕਮਾਲ ਨਾਲ ਨਿਭਾ ਸਕਦੇ ਨੇ...... ਦਫਤਰ 'ਚੋਂ ਆਪਣੀ ਪਤਨੀ ਨੂੰ ਘੰਟੇ ਘੰਟੇ ਬਾਅਦ ਟੈਲੀਫੂਨ ਕਰਨਗੇ—ਹੈਲੋ, ਡਾਰਲਿੰਗ ! ਕੀ ਹਾਲ ਏ ? ਤੇਰੀ ਯਾਦ ਏਨੀ ਸਤਾ ਰਹੀ ਐ ਕਿ ਕੰਮ 'ਚ ਬਿਲਕੁਲ ਮਾਈਂਡ ਨਹੀਂ ਲਗ ਰਿਹਾ .. ਫਿਰ ਟੈਲੀਫੂਨ ਰਖ ਆਪਣੇ ਅਸਰ ਹੇਠ ਆ ਰਹੀ ਕੋਲ ਬੈਠੀ ਕੁੜੀ ਨੂੰ ਸੰਬੋਧਨ ਹੋਣਗੇ—ਲਾਇਕ ਵੀ ਬਹੁਤ ਹੋ ਗਏ ਆ, ਜੌਬ ਵੀ ਚੰਗੀ ਹੈ, ਪਰ ਸੁਪਨ-ਕੁੜੀ ਕਦੀ ਨਾ ਮਿਲੀ...ਉਹਦੇ ਨਕਸ਼ ਕਿੰਨੇ ਮਿਲਦੇ ਸਨ ਤੇਰੇ ਨਾਲ ! ਬੈੱਡ ਰੂਮਾਂ 'ਚ ਚਸਕੇ ਲੈ ਲੈ ਬਲੂ ਫਿਲਮਾਂ ਨਾਲ ਮਾਲਾ ਮਾਲ ਹੋਣਗੇ ਪਰ ਕਮਰੇ ਦੋਂ ਬਾਹਰ ਨਿਕਲਣ ਲਗਿਆਂ ਡਰੈਸਿੰਗ ਗਾਊਨ ਜ਼ਰੂਰ ਪਾਉਣਗੇ। ਠੰਢ ਕਰਕੇ ਨੀ—ਤਹਿਜ਼ੀਬ ਕਰਕੇ—ਜੀਹਨੂੰ ਮੈਨਰਜ਼ ਕਹਿੰਦੇ ਨੇ...ਖੈਰ ਮੈਂ ਤੈਨੂੰ ਇਹਨਾਂ ਦੇ ਰੰਗ ਯਾਨੀ ਕਾਲੀਦਾਸ ਥੇਟਰ ਦੀ ਫਿਲਮ ਏਥੇ ਈ ਵਿਖਾ ਦਿੰਦਾ ਹਾਂ... ..

—ਕਿਉਂ ਐਵੇਂ ਪੱਥਰ ਤੋਲੀ ਜਾਨੈਂ ? ਚਕਵੀ ਨੇ ਆਪਣੀ ਚੁੰਝ ਚਕਵੇ ਦੀ ਗਰਦਨ 'ਤੇ ਦੇ ਮਾਰੀ।

—ਬੱਸ ਏਹੀ ਤਾਂ ਦੁਖ਼ ਐ ਕਿ ਔਰਤਾਂ ਦੇ ਸਾਲ 'ਚ ਔਰਤਾਂ ਨੇ ਆਪਣੇ ਮਰਦਾਂ ਦੀ ਸ਼ਕਤੀ ਨੂੰ ਬਹੁਤ ਘਟਾ ਕੇ ਵੇਖਣਾ ਸ਼ੁਰੂ ਕਰ ਦਿੱਤਾ ਹੈ...ਤੈਨੂੰ ਪਤੈ ਨਾ ਕਿ ਮੈਂ ਭਿਰਗੂ ਸ਼ਾਸਤਰੀ ਨੂੰ ਟੇਵਾ ਵਿਖਾਇਆ ਸੀ ਅਤੇ ਉਹਨੇ ਦਸਿਆ ਸੀ ਕਿ ਮੈਂ ਸੰਜੇ ਦਾ ਅਵਤਾਰ ਹਾਂ—ਧਿਰਤਰਾਸ਼ਟਰ ਅੰਨ੍ਹਾ ਸੀ—ਉਹਨੇ ਆਖਿਆ ਸੀ—

ਧਰਮ ਕੇ ਮੈਦਾਨ ਕੁਰਕਸ਼ੇਤਰ ਮੇਂ ਆਏ ਸੰਜੇ ਬਤਾ
ਮੇਰੇ ਔਰ ਪਾਂਡੂਏ ਕੇ ਪੁਤਰੋਂ ਨੇ ਵਹਾਂ ਕਿਆ ਕਿਆ ਕੀਆ ?

ਤੇ ਸੰਜੇ ਨੇ ਲੜਾਈ ਦਾ ਸਾਰਾ ਦ੍ਰਿਸ਼ ਉਹਦੇ ਸਾਹਵੇਂ ਰੂਪਮਾਨ ਕਰਕੇ ਰੱਖ ਦਿੱਤਾ ਸੀ। ਲੈ ਫੇਰ ਤੂੰ ਆਪਣੇ ਸੰਜੇ ਦਾ ਚਮਤਕਾਰ ਵੀ ਵੇਖ...

× × ×

—ਸ਼ੁਕਰੀਆ ਡਾਕਟਰ ਸਾਹਿਬ ! ਹੁਣ ਸਾਰਿਆਂ ਦੇ ਟੀਕੇ ਲਗ ਚੁੱਕੇ ਨੇ। ਠੀਕ ਹੈ। ਤੁਸੀਂ ਆਓ ਬੈਠੋ। ਮੈਂ ਕੁਝ ਅਰਜ਼ ਕਰਨਾ ਚਾਹਾਂਗਾ—ਹਾਂ ਦੋਸਤੋ। ਤੁਸੀਂ ਇਸ ਬਸਤੀ ਦਾ ਦਿਮਾਗ ਹੋ। ਸਾਰੇ ਅਦਾਰਿਆਂ ਦੇ ਤੁਸੀਂ ਸੰਚਾਲਕ ਹੋ। ਤੁਹਾਡੀ ਕਲਮ ਤੇ ਤੁਹਾਡੀ ਜ਼ਬਾਨ ਹੀ ਦੇਸ਼ ਦਾ ਨਿਰਮਾਣ ਕਰ ਸਕਦੀ ਐ। ਤੁਸੀਂ ਇਹਨਾਂ ਟੀਕਿਆਂ ਬਾਰੇ ਆਪਣੇ ਪ੍ਰਭਾਵ ਦੱਸੋ।

ਚਕਵੇ ਨੇ ਚਕਵੀ ਦੇ ਕੋਲ ਮੂੰਹ ਕਰਕੇ ਆਖਿਆ—ਔਹ ਵੇਖ, ਕਿਵੇਂ ਰੌਲਾ ਪੈ ਗਿਆ ਹੈ। ਇਹ ਤਾਂ ਹੈ ਕਿ ਹਰ ਇਕ ਬੋਲਣ ਲਈ ਕਾਹਲਾ ਹੈ। ਇਹਨਾਂ ਬੰਦਿਆਂ ਦੀ ਜੀਭ ਨਲੂਏ ਦੇ ਖੰਡੇ ਜੇਡੀ ਲੰਮੀ ਹੁੰਦੀ ਐ ਅਤੇ ਜਦੋਂ ਚਲਦੀ ਹੈ ਸਫਾਂ ਦੀਆਂ ਸਫਾਂ ਪਲਟਕੇ ਰੱਖ ਦਿੰਦੀ ਹੈ। ਮੈਂ ਤਾਂ ਖ਼ੈਰ ਚਲਦੀ ਵੇਖੀ ਐ ਨਾ . ਤੂੰ ਹੁਣ ਵੇਖ ਲਈਂ...ਸ਼ਾ...!

—ਮੈਂ ਤੁਹਾਡੇ ਜੋਸ਼ ਦੀ ਕਦਰ ਕਰਦਾ ਹਾਂ। ਬੱਟ ਵਨ ਐਟ ਏ ਟਾਈਮ ਪਲੀਜ਼ !

ਸਰ ! ਸ੍ਰੀਮਤੀ ਅਪੱਛਰਾਂ ਜੀ ਦੇ ਤਿਆਰ ਕਰਦਾ ਕੋਰਸ ਨੇ ਮੇਰੇ ਬਰੇਨ ਨੂੰ ਵੀ ਮੇਰੀ ਠੋਡੀ ਜੇਡਾ ਫਰਟਾਈਲ ਬਣਾ ਦਿਤਾ ਹੈ . ਮੈਨੂੰ ਜਾਪ ਰਿਹਾ ਹੈ ਜਿਵੇਂ ਮੈਂ ਵਿਸ਼ਵ ਦਾ ਨਾਥ ਬਣ ਗਿਆ ਹੋਵਾਂ—ਜਾਂ ਘੱਟੋ ਘੱਟ ਯੂਨੀਵਰਸਿਟੀ ਦਾ ਵਾਈਸਚਾਂਸਲਰ ਤਾਂ ਜ਼ਰੂਰ ਹੀ ਬਣ ਗਿਆ ਹੋਵਾਂ। ਇਹ ਕੋਰਸ ਇਕ ਅਕਸੀਰ ਹੈ ਇਕ ਕ੍ਰਿਸ਼ਮਾ, ਇਕ ਮਿਰਾਕਲ। ਮੈਂ ਇਹਨੂੰ ਸੰਜੀਵਨੀ ਬੂਟੀ ਦਾ ਨਾਂ ਦੇਣਾ ਪ੍ਰੋਪੋਜ਼ ਕਰਾਂਗਾ—ਤੇ ਸਟਰੋਂਗਲੀ ਰੁਕਮੈਂਡ ਕਰਾਂਗਾ ਕਿ ਅਪੱਛਰਾਂ ਜੀ ਨੂੰ ਸਾਡੇ ਲੋਕਾਂ ਨੂੰ ਇਸ ਸੰਜੀਵਨੀ ਦਾ ਤੁਹਫ਼ਾ ਦੇਣ ਬਦਲੇ ਖ਼ੂਨ ਨਾਲ ਦਸਖਤ ਕਰਕੇ ਧੰਨਵਾਦ ਪੱਤਰ ਘਲਾਇਆ ਜਾਵੇ।



ਚਕਵੀ ਨੇ ਚਕਵੇ ਦਾ ਪੈਰ ਨਪਦਿਆਂ ਆਖਿਆ—ਚਕਵਿਆ ਇਹ ਔਤਾਂ ਦਾ ਝੋਟਾ ਜਿਹਾ ਅੰਗ੍ਰੇਜ਼ੀ ਦੇ ਲਫਜ਼ ਬੋਲੀ ਜਾਂਦੈ—ਬਣਾਕੇ ਸਮਝ ਨੀ ਪੈਂਦੀ। ਜ਼ਰਾ ਤਰਜਮਾ ਕਰੀ ਜਾਈਂ ਨਾਲ ਦੀ ਨਾਲ।

ਚਕਵੇ ਨੇ ਦੂਜੇ ਪੈਰ ਨਾਲ ਆਪਣਾ ਪੈਰ ਪਲੋਸਿਆ ਤੇ ਕਹਿਣ ਲਗਿਆ—

ਇਹ ਮੈਥੋਂ ਨੀ ਹੋ ਸਕਣਾ—ਇਹ ਪੰਜਾਬੀ ਦੇ ਵਿਦਵਾਨ ਨੇ...ਏਦੂੰ ਸੌਖੀ ਪੰਜਾਬੀ ਨੀ ਬੋਲ ਸਕਦੇ...ਚੁਪ ..ਔਹ ਵੇਖ ਇਕ ਮਸ਼ਹੂਰ ਲੇਖਿਕਾ ਬੋਲਣ ਲੱਗੀ ਹੈ।

—ਬਿਲਕੁਲ ਠੀਕ। ਮੈਂ ਸੈਕਿੰਡ ਕਰਦੀ ਹਾਂ। ਇਹਨਾਂ ਟੀਕਿਆਂ ਨੇ ਮੇਰੇ ਅੰਦਰ ਅੰਮ੍ਰਿਤ ਘੋਲ ਦਿੱਤਾ ਹੈ। ਮੈਂ ਅਪੱਛਰਾਂ ਜੀ ਦੀ ਸ਼ਖਸੀਅਤ ਨੂੰ ਨੇੜਿਉਂ ਵੇਖਣ ਦਾ ਯਤਨ ਕੀਤਾ ਹੈ। ਉਹਨਾਂ ਦੀਆਂ ਅੱਖਾਂ ਵਿਚ ਨਾਗਮਣੀਆਂ ਡਲ੍ਹਕ ਰਹੀਆਂ ਨੇ ਅਤੇ ਮੱਥੇ ਦੀਆਂ ਲਕੀਰਾਂ 'ਚ ਲੋਕਾਈ ਦਾ ਦਰਦ ਹੈ। ਮੇਰੀ ਕਲਮ 'ਚ ਕਦੀ ਏਨੀ ਰਵਾਨੀ ਨਹੀਂ ਆਈ।

—ਅਪੱਛਰਾਂ ਜੀ ਦੀ ਜਿੰਨੀ ਸੁਹਣੀ ਸ਼ਖਸੀਅਤ ਹੈ ਉੱਨਾ ਸੁਹਣਾ ਸਾਡੇ ਲੋਕਾਂ ਦੇ ਅਹੁਰ ਲਈ ਤੁਹਫ਼ਾ ਦਿੱਤਾ ਹੈ। ਪ੍ਰੀਤ-ਭਿੰਨੜੇ ਮੇਰੇ ਦਿਲ ਵਿਚ ਕੋਈ ਜਾਦੂ ਮਚਲ ਪਿਆ ਹੈ। ਮੈਂ ਕਲਪਣਾ ਵਿਚ ਇਹਨਾਂ ਦੇ ਸੁਹਣੇ ਹੱਥਾਂ ਨੂੰ ਚੁੰਮਣ ਦੇਣ ਦੀ ਖੁਸ਼ੀ ਲੈਂਦਾ ਹਾਂ।

—ਦੋਸਤੋ। ਮੈਂ ਤਾਂ ਆਖਾਂਗਾ ਕਿ ਇਹ ਅਪੱਛਰਾਂ ਨਹੀਂ ਬਲਕਿ ਸਾਖਸ਼ਾਤ ਦੁਰਗਾ ਹੈ ਜਿਹੜੀ ਰਾਕਸ਼ਾਂ ਦਾ ਸੰਘਾਰ ਕਰਨ ਆਈ ਹੈ। ਇਸ ਕੋਰਸ ਨਾਲ ਸਿਰਫ਼ ਕਮਜ਼ੋਰ ਵਰਗ ਦੇ ਕਸ਼ਟ ਹੀ ਨਹੀਂ ਕੱਟੇ ਜਾਣਗੇ ਬਲਕਿ ਉਹਨਾਂ ਦੀਆਂ ਬਸਤੀਆਂ ਵਿਚ ਅਤਰ ਛਿੜਕਿਆ ਜਾਵੇਗਾ। ਮੇਰੀ ਅਗਵਾਈ ਵਿਚ ਤਿਆਰ ਕੀਤੇ ਜਾ ਰਹੇ ਦੇਵ-ਕੱਦ ਕੋਸ਼ ਵਿਚ ਮੈਂ ਅਲਿਕਸਰ ਸ਼ਬਦ ਦੇ ਅਰਥ ਹੀ—ਅਪੱਛਰਾਂ ਜੀ ਦਾ ਵੀਹ-ਟੀਕਾ ਕੋਰਸ ਲਿਖਵਾਵਾਂਗਾ।

—ਸਾਥੀਓ ! ਇਸ ਕੋਰਸ ਨੇ ਮੇਰਾ ਤਾਂ ਜੀਵਨ ਹੀ ਬਦਲਕੇ ਰੱਖ ਦਿਤਾ ਹੈ। ਮੇਰੀਆਂ ਹਸਰਤਾਂ ਏਨੀਆਂ ਸੀਖੀਆਂ ਗਈਆਂ ਹਨ ਕਿ ਮੇਰੀ ਲਿਖਤ ਵਿਚ ਸ਼ਕਤੀ ਦਾ ਹੋਰ ਵੀ ਹੜ੍ਹ ਆ ਗਿਆ ਹੈ। ਲੋਕਾਂ ਦੀ ਜਾਗ੍ਰਤੀ ਏਨੀ ਵਧ ਗਈ ਹੈ ਕਿ ਅਖਬਾਰਾਂ ਵਾਲੇ ਜੇ ਪੱਚੀ ਪੈਸੇ ਦੀ ਭਾਨ ਨਾ ਹੋਵੇ ਤਾਂ ਜਾਗ੍ਰਤੀ ਹੀ ਦੇ ਦਿੰਦੇ ਹਨ। ਆਮੀਨ !

—ਦੋਸਤੋ ! ਤੁਹਾਨੂੰ ਪਤਾ ਹੀ ਹੈ ਮੇਰੀਆਂ ਰਗਾਂ 'ਚ ਇਕ ਮਿਸਲ ਦਾ ਖ਼ੂਨ ਠਾਠਾਂ ਮਾਰਦਾ ਹੈ। ਮੇਰੀ ਜ਼ਿੰਦਗੀ ਦਾ ਇਤਿਹਾਸ ਪ੍ਰਯੋਗਾਂ ਦਾ ਇਤਿਹਾਸ ਹੈ। ਇਸ ਕੋਰਸ ਨੇ ਮੇਰੀ ਸਾਰੀ ਭਟਕਣਾ ਖਤਮ ਕਰ ਦਿੱਤੀ ਹੈ। ਹੁਣ ਮੇਰੀ ਕਵਿਤਾ ਵਿਚ ਕਮਜ਼ੋਰ ਵਰਗ ਵਿਚੋਂ ਹੀ ਬਿੰਬ ਲਏ ਜਾਣਗੇ ਤੇ ਉਹਨਾਂ ਦੇ ਸਮਝ ਆਉਣ ਵਾਲੇ ਹੀ ਵਿਚਾਰ ਹੋਣਗੇ। ਵੇਖੋ ਇਸ ਕੋਰਸ ਦਾ ਅਸਰ—ਹੁਣੇ ਹੀ ਇਕ ਸ਼ਿਅਰ ਉਤਰਿਆ ਹੈ—

ਪਾਥੀਆਂ ਪਥਦੀ ਗੋਰੀ ਦੇ ਕੋਕੇ ਦਾ ਸੰਗੀਤ
ਬਲਦਾਂ ਦੀਆਂ ਟੱਲੀਆਂ ਦੀ ਮਹਿਕ ਦੇ ਵਿਚ ਖੁਰ ਗਿਆ।

—ਹੈਂ ਆਹ, ਆਹ ਕੀ ਗੱਲ ? ਇਹ ਏਥੇ ਕਿਵੇਂ ? ਇਕ ਸੱਠ-ਪੈਂਹਠ ਸਾਲਾਂ ਦੇ ਬੱਗੀ ਦਾਹੜੀ ਤੇ ਬੱਗੇ ਚਿਹਰੇ ਵਾਲੇ ਬਜ਼ੁਰਗ ਨੂੰ ਉਠਦਿਆਂ ਵੇਖ ਚਕਵੇ ਨੇ ਹੈਰਾਨੀ ਭਰਿਆ ਤਬਸਰਾ ਕੀਤਾ।

ਚਕਵੀ ਨੂੰ ਚਕਵੇ ਦੀ ਹੈਰਾਨੀ ਬੜੀ ਅਜੀਬ ਲੱਗੀ । ਉਹ ਇਹਦਾ ਕਾਰਣ ਪੁਛਣ ਹੀ ਲੱਗੀ ਸੀ ਕਿ ਚਕਵੇ ਨੇ 'ਸ਼ੀ' ਕਹਿਕੇ ਉਹਨੂੰ ਚੁੱਪ ਕਰਵਾ ਦਿੱਤਾ । ਉਹ ਬਜ਼ੁਰਗ ਬੋਲਣ ਲੱਗ ਪਿਆ ਸੀ......ਮੈਂ ਲਫਜ਼ਾਂ ਨੂੰ ਨਹੀਂ ਬਲਕਿ ਅਮਲਾਂ ਨੂੰ ਵੇਖਦਾ ਹਾਂ—ਚੀਜ਼ਾਂ ਨੂੰ ਉਪਰੋਂ ਉਪਰੋਂ ਨਹੀਂ ਬਲਕਿ ਉਹਨਾਂ ਦੇ ਅੰਦਰ ਲੁਕੇ ਵਿਰੋਧਾਂ ਨੂੰ ਚੀਰ ਪਾੜ ਕੇ ਵੇਖਣਾ 'ਤੇ ਫਿਰ ਕਿਸੇ ਨਤੀਜੇ 'ਤੇ ਅਪੜਨਾ ਮੇਰੀ ਸਾਰੀ ਜ਼ਿੰਦਗੀ ਦਾ ਧਰਮ ਰਿਹਾ ਹੈ...ਮੈਂ ਇਸੇ ਨਤੀਜੇ 'ਤੇ ਪੁਜਿਆ ਹਾਂ ਕਿ ਜੀਹਨਾਂ ਨੂੰ ਇਹ ਟੀਕੇ ਮਾਫਕ ਆ ਜਾਣਗੇ ਉਹ ਇਲਾਸਟਕ ਦੇ ਕੱਛੇ ਬਣ ਜਾਣਗੇ .....

—ਸ਼ੇਮ ! ਸ਼ੇਮ !!

—ਮੈਨੂੰ ਪਤੈ ਇਲਾਸਟਕ ਦੇ ਕਛਿਆਂ ਦੀਆਂ ਜੀਭਾਂ ਵੀ ਬਹੁਤ ਲੰਮੀਆਂ ਹੋ ਜਾਂਦੀਆਂ ਨੇ ।

—ਤੂੰ ਵੀ ਤਾਂ ਇਲਾਸਟਕ ਦਾ ਕੱਛਾ ਹੀ ਹੋਇਆ ? ਤੂੰ ਵੀ ਤਾਂ ਪੂਰਾ ਕੋਰਸ ਲਵਾ ਲਿਆ ਹੈ ।

ਪਰ ਬਜ਼ੁਰਗ ਦੇ ਕੁਝ ਜਵਾਬ ਦੇਣ ਤੋਂ ਪਹਿਲਾਂ ਹੀ ਡਾਕਟਰ ਸਾਹਿਬ ਬੋਲ ਪਏ—ਮਾਫ਼ ਕਰਨਾ । ਮੈਂ ਰੰਗ 'ਚ ਭੰਗ ਪੈਣ ਤੋਂ ਡਰਦਾ ਸਾਂ । ਇਹਦੇ ਪਿੰਡੇ ਉਤੇ ਤਾਂ ਪਹਿਲੇ ਟੀਕੇ ਨਾਲ ਹੀ ਛਪਾਕੀ ਨਿਕਲ ਆਈ ਸੀ ।

ਹਾਲ ਵਿਚ ਸੱਨਾਟਾ ਛਾ ਗਿਆ । ਫਿਰ ਅਪੱਛਰਾਂ ਦੀਆਂ ਲੋਹੇ ਦੀਆਂ ਚੂੜੀਆਂ ਦੀ ਛਣਕਾਰ ਸੁਣੀ । ਕਿਸੇ ਬੱਕਰਾ ਬੁਲਾਇਆ ਅਤੇ ਛਣਕਾਰ ਬੂਹਿਉਂ ਬਾਹਰ ਹੁੰਦਿਆਂ ਹੀ ਖੱੜਕ ਕਰਕੇ ਬੂਹਾ ਵਜਿਆ । ਅਤੇ ਕਾਰਵਾਈ ਮੁੜ ਸ਼ੁਰੂ ਕੀਤੀ ਗਈ । ਜ਼ੈਲਦਾਰ ਨੇ ਸਾਰਿਆਂ ਨੂੰ ਇਕੋ ਜਿਹੇ ਇਨਾਮ ਦੇਣੇ ਸ਼ੁਰੂ ਕੀਤੇ ।

—ਚਕਵਿਆ ! ਆਹ ਕੀ ਵੰਡਿਆ ਜਾ ਰਿਹੈ ? ਚਕਵੀ ਨੂੰ ਇਨਾਮ ਦੀ ਕਿਸਮ ਦੀ ਸਮਝ ਨਹੀਂ ਸੀ ਪੈ ਰਹੀ ।

—ਤੈਨੂੰ ਛੱਪੜ 'ਤੇ ਕਪੜੇ ਧੋਣ ਵਾਲੀ ਨੂੰ ਕੀ ਸਮਝ ਆ ਸਕਦੀ ਐ ? ਸੁਦੈਣੇ ! ਇਨਾਮ 'ਚ ਹਰ ਇਕ ਨੂੰ ਹਿਜ਼ ਮਾਸਟਰਜ਼ ਵਾਇਸ ਦੇ ਰਿਕਾਰਡ ਦਿੱਤੇ ਜਾ ਰਹੇ ਨੇ !

ਪਰ ਚਕਵੀ ਨੇ ਨੱਕ ਚੜ੍ਹਾਇਆ, ਮੂੰਹ ਬਣਾਇਆ, ਚਕਵੇ ਨੂੰ ਚਿੜਾਇਆ ਤੇ ਬੋਲੀ—ਤੂੰ ਬਹੁਤ ਝੂਠੈਂ !

—ਮੈਂ ਝੂਠਾ ? ਉਹ ਕਿਵੇਂ ? ਤੇਰਾ ਦਿਮਾਗ ਤਾਂ ਟਿਕਾਣੇ ਐ ?

—ਹਾਂ ਹੈਗਾ । ਝੂਠਿਆ, ਤੂੰ ਤਾਂ ਕਹਿੰਦਾ ਸੀ ਏਥੇ ਸਾਰੇ ਸਾਪ ਤੇ ਹੀਜੜੇ ਈ ਨੇ ।

—ਹੋਰ ਕੀ ?

—ਝੂਠਿਆ ! ਔਹ ਵੇਖ .....ਏਥੇ ਇਨਸਾਨ ਵੀ ਨੇ ਜੀਹਨਾਂ ਦੇ ਪੈਰਾਂ ਦੀ ਛਣਕਾਰ ਨਾਲ ਸੜਕਾਂ ਗੂੰਜ ਰਹੀਆਂ ਨੇ...... □

[14, ਥੌਰਨਬਰੀ ਡਰਾਈਵ, ਬਰੈਡਫੋਰਡ-3, ਯੂ. ਕੇ.]



## ਲੋਕ ਕਥਾ/ਕੇਵਲ ਸੂਦ

ਇਕ ਸੀ ਰਾਣੀ । ਉਹਦੇ ਰਾਜ ਵਿਚ ਅਣਗਿਣਤ ਸਵਾਰ ਸਨ । ਪਰ ਰਾਣੀ ਦਾ ਰਾਜ-ਕਾਜ ਤਾਂ ਕੇਵਲ 521 ਸਵਾਰਾਂ ਦੇ ਬਲਬੂਤੇ 'ਤੇ ਹੀ ਚਲਦਾ ਸੀ । ਹਰ ਸਵਾਰ ਦੇ ਪਿੱਛੇ ਲੱਖਾਂ ਸਿਪਾਹੀ ਸਨ । ਇਹਨਾਂ ਲੱਖਾਂ ਸਿਪਾਹੀਆ ਦੇ ਦਮਖਮ 'ਤੇ ਹੀ ਇਹ ਸਵਾਰ ਹਰ ਪ੍ਰਕਾਰ ਦੇ ਐਸ਼-ਇਸ਼ਰਤ ਦੇ ਸਾਮਾਨ ਉਤੇ ਆਪਣਾ ਜਨਮ-ਸਿੱਧ ਅਧਿਕਾਰ ਸਮਝਦੇ ਸਨ । ਇਹ ਭਾਵੇਂ ਜੋ ਮਰਜ਼ੀ ਕਰਦੇ ਫਿਰ ਵੀ ਇਹਨਾਂ ਨੂੰ ਕੋਈ ਪੁੱਛਣ ਵਾਲਾ ਨਹੀਂ ਸੀ । ਸਮਗਲਰਾਂ ਦੇ ਗਿਰੋਹ ਇਨ੍ਹਾਂ ਲਈ ਬਦੇਸ਼ੀ ਮਾਲ ਲਿਆਉਂਦੇ ਰਹਿੰਦੇ ਸਨ ਅਤੇ ਸਭ ਮਿਲਕੇ ਮਜ਼ੇ ਲੁਟਦੇ ਸਨ । ਕਾਲੇ ਧਨ ਵਾਲਿਆਂ ਦੀ ਵੀ ਉਹਨਾਂ ਵਿਚ ਵਿਸ਼ੇਸ਼ ਥਾਂ ਸੀ । ਰਾਣੀ ਨੂੰ ਵੀ ਇਹ ਲੋਕ ਕੀਮਤੀ ਤੁਹਫੇ ਭੇਂਟ ਕਰਦੇ ਰਹਿੰਦੇ ਸਨ ।

ਰਾਣੀ ਇਕ ਬਹੁਤ ਵੱਡੇ ਮਹਿਲ ਵਿਚ ਰਹਿੰਦੀ ਸੀ । ਉਸ ਮਹਿਲ ਵਿਚ ਰਾਣੀ ਨੇ ਢੇਰ ਸਾਰੇ ਤੋਤੇ ਪਾਲ ਰੱਖੇ ਸਨ ਜਿਹੜੇ ਦਿਨ-ਰਾਤ ਉਹਦੇ ਗੁਣਾਂ ਦਾ ਵਖਾਣ ਕਰਦੇ ਰਹਿੰਦੇ ਸਨ । ਰਾਣੀ ਨੇ ਆਪਣੇ ਅਲੱਗ ਅਲੱਗ ਗੁਣਾਂ ਦਾ ਵਰਨਣ ਕਰਨ ਲਈ ਅਲੱਗ ਅਲੱਗ ਤੋਤੇ ਰੱਖ ਛੱਡੇ ਸਨ । ਉਹਨਾਂ ਵਿਚ ਹਰ ਦੇਸ਼ ਦੇ ਤੋਤੇ ਸ਼ਾਮਲ ਸਨ । ਕੁਝ ਸੁੰਦਰ ਮੈਨਾਵਾਂ ਵੀ ਸਨ । ਰਾਣੀ ਇਹਨਾਂ ਸਭਨਾਂ ਨੂੰ ਆਪਣੇ ਹੱਥ ਨਾਲ ਚੋਗਾ ਚੁਗਾਉਂਦੀ ਸੀ ।

ਹਾਂ, ਇਹ ਰਾਣੀ ਜਿਹੜੀ ਬਹੁਤ ਸੁੰਦਰ ਸੀ ਹੁਣ ਢਲਣ ਲੱਗ ਪਈ ਸੀ । ਪਰ ਉਹ ਕਾਲਾ ਨਾਗ ਹਾਲੇ ਵੀ ਜਵਾਨ ਸੀ ਜਿਹੜਾ ਰਾਣੀ ਨੇ ਆਪਣੇ ਸੌਣ ਵਾਲੇ ਕਮਰੇ ਹੇਠਾਂ ਬਣੇ ਤਹਿਖਾਨੇ ਵਿਚ ਬੰਦ ਕਰ ਰਖਿਆ ਸੀ । ਇਸ ਕਾਲੇ ਨਾਗ ਦੇ 75 ਮੂੰਹ ਤੇ ਹਜ਼ਾਰਾਂ ਡੰਗ ਸਨ । ਇਸ ਗੱਲ ਦਾ ਬੜੇ ਘੱਟ ਲੋਕਾਂ ਨੂੰ ਪਤਾ ਸੀ ਕਿ ਰਾਣੀ ਦੀ ਜਾਨ ਇਸੇ ਕਾਲੇ ਨਾਗ ਵਿਚ ਸੀ । ਰਾਤ ਨੂੰ ਰੋਜ਼ ਰਾਣੀ ਇਸ ਕਾਲੇ ਨਾਗ ਨੂੰ ਆਪਣੇ ਹੱਥਾਂ ਨਾਲ ਦੁੱਧ ਪਿਲਾਉਂਦੀ ਸੀ । ਰਾਜ ਦੇ ਕੰਮ-ਕਾਜ ਤੋਂ ਵਿਹਲੀ ਹੋ ਰਾਣੀ ਨਹਾ-ਧੋਕੇ ਸ਼ਿੰਗਾਰ ਕਰਦੀ ਸੀ ਅਤੇ ਫੇਰ ਨਾਗ ਦੇਵਤਾ ਦੇ ਦਰਸ਼ਨਾਂ ਲਈ ਪ੍ਰੇਮਿਕਾ ਵਾਂਗ ਤਹਿਖਾਨੇ ਵਿਚ ਚਲੀ ਜਾਂਦੀ ਸੀ । ਦੇਵਤੇ ਨੂੰ ਦੁਧ ਪਿਲਾਉਣ ਮਗਰੋਂ ਰਾਣੀ ਇਕ ਖੂੰਜੇ ਵਿਚ ਸੰਭਾਲਕੇ ਰੱਖੀ ਹੋਈ ਛੜੀ ਨਾਲ ਖਜ਼ਾਨੇ ਦਾ ਮੂੰਹ ਖੋਲ੍ਹਦੀ ਸੀ ਜਿਸ ਵਿਚ ਪਤਾ ਨਹੀਂ ਕਿੰਨੇ ਹੀਰੇ-ਜਵਾਹਰਾਤ ਭਰੇ ਪਏ ਸਨ । ਖਜ਼ਾਨੇ ਦਾ ਮੂੰਹ ਖੋਲ੍ਹਦੇ ਸਮੇਂ ਰਾਣੀ ਦੀਆਂ ਅੱਖਾਂ ਵਿਚ ਇਕ ਅਜੀਬ ਤਰ੍ਹਾਂ ਦੀ ਚਮਕ ਆ ਜਾਂਦੀ ਸੀ । ਉਹਦੇ ਸਰੀਰ ਵਿਚ ਇਕ ਅਜੀਬ ਤਰ੍ਹਾਂ ਦੀ ਕੰਬਣੀ ਛਿੜ ਪੈਂਦੀ ਸੀ । ਉਸਨੂੰ ਇਕ ਨਸ਼ਾ ਜਿਹਾ ਚੜ੍ਹ ਜਾਂਦਾ ਸੀ । ਰਾਣੀ ਘੰਟਿਆਂ ਬੱਧੀ ਇਸ ਹਾਲਤ ਵਿਚ ਬੈਠੀ ਰਹਿੰਦੀ ਤੇ ਕਦੇ ਕਦੇ ਤਾਂ ਸਾਰੀ ਸਾਰੀ ਰਾਤ ਏਸ ਤਹਿਖਾਨੇ ਵਿਚ ਬਿਤਾ ਦੇਂਦੀ ਤੇ ਉਸਨੂੰ ਰੱਤੀ ਭਰ ਥਕਾਨ ਨਾ ਹੁੰਦੀ । ਅਤੇ ਅਸਲ ਵਿਚ ਇਹੀ ਉਸਦੀ ਸਫਲਤਾ ਦਾ ਭੇਦ ਸੀ ।

ਇਹ ਰਾਣੀ ਨਾ ਸਧਵਾ ਸੀ ਤੇ ਨਾ ਹੀ ਵਿਧਵਾ । ਪਰ ਰਾਣੀ ਦਾ ਸਧਵਾ ਜਾਂ ਵਿਧਵਾ ਹੋਣਾ ਲੋਕ ਭੁਲ ਚੁਕੇ ਸਨ । ਉਹ ਉਨ੍ਹਾਂ ਦੀ ਰਾਣੀ ਸੀ ਬਸ ਉਨ੍ਹਾਂ ਨੇ ਏਨਾ ਹੀ ਯਾਦ ਕਰ ਰਖਿਆ ਸੀ ।

ਰਾਣੀ ਨੇ ਵੀ ਆਪਣੀ ਪਰਜਾ ਲਈ ਕੀ ਨਹੀਂ ਕਰ ਵਿਖਾਇਆ ਸੀ। ਰਾਣੀ ਨੇ ਪਰਜਾ ਨੂੰ ਇਕ ਨਵਾਂ ਵਿਸ਼ਵਾਸ ਦਿੱਤਾ ਸੀ। ਇਕ ਨਵਾਂ ਵਾਦ ਦਿੱਤਾ ਸੀ। ਖਿਚੜੀਵਾਦ। ਅਤੇ ਉਹ ਵੀ ਉਸ ਸਮੇਂ ਜਦ ਲੋਕ ਹਰ ਚੀਜ਼, ਹਰ ਵਾਦ ਤੋਂ ਅੱਕ ਚੁੱਕੇ ਸਨ। ਜਦ ਉਨ੍ਹਾਂ ਦੇ ਜੀਵਨ ਵਿਚ ਆਸ ਦੀ ਇਕ ਵੀ ਕਿਰਨ ਬਾਕੀ ਨਹੀਂ ਸੀ ਰਹਿ ਗਈ। ਜਦ ਉਹ ਇਸ ਅਕੇਵੇਂ ਤੇ ਖਿੱਝ ਨੂੰ ਦੂਰ ਕਰਨ ਲਈ ਕੁਝ ਕਰਨ ਵਾਸਤੇ ਉਤਾਵਲੇ ਹੋ ਰਹੇ ਸਨ। ਇੰਜ ਰਾਣੀ ਨੇ ਹਕੂਮਤ ਦੀ ਵਾਗ ਡੋਰ ਹੀ ਨਹੀਂ ਸੰਭਾਲੀ ਸੀ, ਲੋਕਾਂ ਨੂੰ ਵੀ ਸੰਭਾਲ ਲਿਆ ਸੀ। ਖੁਦ ਨੂੰ ਵੀ ਸੰਭਾਲ ਲਿਆ ਸੀ ਯਾਨੀ ਆਪਣੀਆਂ ਜੜ੍ਹਾਂ ਮਜ਼ਬੂਤ ਕਰ ਲਈਆਂ ਸਨ। ਉਹਦਾ ਇਹ ਵਾਦ ਖਿਚੜੀਵਾਦ, ਵੀ ਖੂਬ ਸੀ। ਇਹ ਹਰੇਕ ਦਾ ਵਾਦ ਸੀ। ਜਿਸਦਾ ਜੋ ਜੀ ਕਰੇ ਸਮਝ ਲਵੇ। ਇਸ ਵਾਦ ਵਿਚ ਸਭ ਨੂੰ ਖੁਲੀ ਛੁੱਟੀ ਸੀ ਪਰ ਸਭ ਤੋਂ ਵਧ ਖੁਲ੍ਹ ਉਨ੍ਹਾਂ ਨੂੰ ਸੀ ਜਿਹੜੇ ਰਾਣੀ ਦੇ ਮਨਜ਼ੂਰੇ ਨਜ਼ਰ ਸਨ।

ਅਜਿਹੀ ਰਾਣੀ ਦੇ ਦੇਸ਼ ਦੇ ਗੁਆਂਢੀ ਦੇਸ਼ ਨੇ ਉਸ ਦੇਸ਼ ਦੀ ਹੱਦ ਉਤੇ ਆਪਣੀਆਂ ਗਤੀਵਿਧੀਆਂ ਤੇਜ਼ ਕਰ ਦਿੱਤੀਆਂ। ਰਾਣੀ ਤੇ ਉਹਦੇ ਸਵਾਰਾਂ ਨੇ ਉਸ ਦੇਸ਼ ਨੂੰ ਤਾੜਿਆ ਪਰ ਉਹ ਦੇਸ਼ ਨਾ ਮੰਨਿਆ। ਅਸਲ ਵਿਚ ਉਹ ਦੇਸ਼ ਵੀ ਕੁਝ ਇਸ ਦੇਸ਼ ਜਿਹਾ ਹੀ ਇਕ ਦੇਸ਼ ਸੀ। ਉਥੇ ਵੀ ਉਹ ਸਾਰਾ ਕੁਝ ਸੀ ਜੋ ਇਸ ਦੇਸ਼ ਵਿਚ ਸੀ। ਫੇਰ ਦੋਹਾਂ ਦੇਸ਼ਾਂ ਨੇ ਇਕ ਦੂਜੇ ਨਾਲ ਕੁਝ ਪੁਰਾਣਾ ਹਿਸਾਬ-ਕਿਤਾਬ ਵੀ ਚੁਕਤਾ ਕਰਨਾ ਸੀ। ਬੱਸ ਦੇਖਦਿਆਂ ਹੀ ਦੇਖਦਿਆਂ ਅੰਗਾਰਿਆਂ ਨੇ ਅੱਗ ਦਾ ਰੂਪ ਧਾਰਨ ਕਰ ਲਿਆ। 521 ਸਵਾਰਾਂ ਦੀ ਰਾਣੀ ਨੇ ਦੁਰਗਾ ਦਾ ਰੂਪ ਧਾਰਨ ਕਰ ਲਿਆ ਅਤੇ ਅੱਖ ਦੇ ਫੋਰੇ ਵਿਚ ਉਸ ਦੇਸ਼ ਨੂੰ ਮੁਕਤ ਕਰਾ ਦਿੱਤਾ ਤੇ ਹਕੂਮਤ ਉਥੋਂ ਦੀ ਦੁਖੀ ਜਨਤਾ ਨੂੰ ਸੰਭਾਲ ਦਿੱਤੀ। ਬਸ ਫੇਰ ਕੀ ਸੀ, ਸਾਹਿਬ ਲੋਕੋ, ਦੇਖਦਿਆਂ ਹੀ ਦੇਖਦਿਆਂ ਚੌਹੀਂ ਪਾਸੀਂ ਰਾਣੀ ਦੀ ਜੈ-ਜੈਕਾਰ ਹੋਣ ਲਗ ਪਈ। ਇਸ ਜੋਸ਼ ਵਿਚ ਕਿਸੇ ਨੂੰ ਇਹ ਪਤਾ ਹੀ ਨਾ ਲਗਿਆ ਕਿ ਖੁਦ ਮੁਕਤੀਦਾਤਾ ਅੰਦਰ ਹੀ ਅੰਦਰ ਕਿੰਨਾ ਕਮਜ਼ੋਰ ਹੋ ਗਿਆ ਸੀ। ਪਰ ਰਾਣੀ ਨੂੰ ਤਾਂ ਸਭ ਪਤਾ ਸੀ, ਉਹਦੇ ਸਵਾਰਾਂ ਨੂੰ ਵੀ ਪਤਾ ਸੀ। ਰਾਣੀ ਦੇ ਪਾਲਤੂ ਤੋਤੇ ਵੀ ਜਾਣਦੇ ਸਨ। ਸਭ ਜਾਣਦੇ ਸਨ, ਕੇਵਲ ਜਨਤਾ ਹੀ ਨਹੀਂ ਸੀ ਜਾਣਦੀ। ਜਨਤਾ ਜਿੱਤ ਦੇ ਨਸ਼ੇ ਵਿਚ ਚੂਰ ਸੀ! ਰਾਣੀ ਬਦੇਸ਼ ਘੁੰਮਣ ਚਲੀ ਗਈ ਸੀ। ਆਪਣੀ ਨਾਗ-ਪਟਾਰੀ ਵੀ ਨਾਲ ਲੈ ਗਈ ਸੀ।

ਹਾਂ, ਜਨਤਾ ਮਦਹੋਸ਼ ਸੀ, ਪਰ ਸਮਾਂ ਬਲਵਾਨ ਹੈ। ਹੌਲੀ ਹੌਲੀ ਲੋਕ ਚੇਤੰਨੇ ਹੋ ਚੱਲੇ। ਪਰ ਇਸ ਤੋਂ ਪਹਿਲਾਂ ਕਿ ਜਨਤਾ ਪੂਰੀ ਤਰ੍ਹਾਂ ਜਾਗਦੀ ਦੇਸ਼ ਵਿਚ ਹਾਹਾਕਾਰ ਮੱਚ ਚੁੱਕਿਆ ਸੀ। ਦੇਸ਼ ਦਾ ਆਰਥਿਕ ਢਾਂਚਾ ਵਿਗੜ ਗਿਆ ਸੀ। ਇਕ ਪਾਸੇ ਗਰੀਬੀ ਤੇ ਭੁੱਖ ਅਤੇ ਦੂਜੇ ਪਾਸੇ ਬੇਈਮਾਨੀ ਤੇ ਬਦਚਲਣੀ ਫੈਲਦੀ ਚਲੀ ਗਈ। ਕਾਲ ਤੇ ਸੋਕੇ ਨੇ ਹਾਲਤ ਨੂੰ ਹੋਰ ਵੀ ਭੈੜਾ ਬਣਾ ਦਿੱਤਾ।

ਪਰ ਰਾਣੀ ਤਾਂ ਆਖਰ ਰਾਣੀ ਸੀ। ਉਹਦੇ ਕੋਲ ਜਿਹੜੀ ਜਾਦੂ ਦੀ ਛੜੀ ਸੀ ਉਹਨੇ ਕਦ ਕੰਮ ਆਉਣਾ ਸੀ। ਜਿਹੜੇ ਮਹਾਤਮਾ ਨੇ ਰਾਣੀ ਨੂੰ ਇਹ ਛੜੀ ਦਿੱਤੀ ਸੀ ਉਹਨੇ ਕਿਹਾ ਸੀ, "ਬੇਟੀ, ਇਹਨੂੰ ਖਾਸ ਮੁਸੀਬਤ ਦੇ ਸਮੇਂ ਹੀ ਵਰਤੀਂ, ਅਤੇ ਉਹ ਵੀ ਬਹੁਤੀ ਵੇਰ ਨਹੀਂ।" ਤਦ ਰਾਣੀ ਨੇ ਬੰਦ ਤਹਿਖਾਨੇ ਵਿਚੋਂ ਉਹ ਛੜੀ ਕੱਢੀ ਤੇ ਰਾਤ ਸਮੇਂ ਵਿਮਾਨ ਵਿਚ ਬੈਠ ਉਸ ਛੜੀ ਨੂੰ ਚੁੱਪ ਚਾਪ ਸਾਰੇ ਦੇਸ਼ ਉਤੇ ਘੁਮਾ ਦਿੱਤਾ। ਸਵੇਰੇ ਸਭਨੀਂ ਪਾਸੀਂ ਇਹ ਖਬਰ ਫੈਲ ਗਈ ਕਿ ਰਾਣੀ ਨੇ ਦੇਸ਼ ਵਿਚੋਂ ਗਰੀਬੀ ਦਾ ਨਾਂ-ਨਿਸ਼ਾਨ ਮਿਟਾ ਦਿੱਤਾ ਹੈ।



ਇੰਝ ਇਕ ਵੇਰ ਫੇਰ ਦੇਸ਼ ਉਤੇ ਆਇਆ ਸੰਕਟ ਟਲ ਗਿਆ। ਗਰੀਬੀ ਦੂਰ ਹੋ ਜਾਣਾ, ਜਾਦੂ ਦੇ ਜ਼ੋਰ ਨਾਲ ਹੀ ਸਹੀ, ਕੋਈ ਮਾਮੂਲੀ ਗੱਲ ਤਾਂ ਨਹੀਂ ਸੀ। ਦੇਸ਼ ਭਰ ਵਿਚ ਜਸ਼ਨ ਮਨਾਏ ਜਾਣ ਲਗ ਪਏ ਤੇ ਰਾਣੀ ਦੀ ਪ੍ਰਸ਼ੰਸਾ ਦੇ ਗੀਤ ਗਾਏ ਜਾਣ ਲਗ ਪਏ। ਹੁਣ ਪ੍ਰਸ਼ੰਸਾ-ਪੱਤਰ ਰਾਣੀ ਦੀ ਕਮਜ਼ੋਰੀ ਬਣ ਗਏ। ਹੁਣ ਜਦ ਵੀ ਕੋਈ ਸੰਕਟ ਪੈਦਾ ਹੁੰਦਾ, ਰਾਣੀ ਵਲੋਂ ਪ੍ਰਚਾਰਿਤ ਕਿਸੇ ਖਬਰ ਦੇ ਗ਼ਲਤ ਹੋਣ ਦੀ ਖਬਰ ਦੇਸ਼ ਦੇ ਕਿਸੇ ਕੋਣੇ ਵਿਚੋਂ ਆਉਂਦੀ ਤਾਂ ਰਾਣੀ ਬਿਨਾਂ ਝਿਜਕ ਆਪਣੀ ਛੜੀ ਕੱਢ ਲਿਆਉਂਦੀ। ਇੰਜ ਕੁਝ ਹੋਰ ਭਾਵੇਂ ਹੋਇਆ ਹੋਵੇ ਜਾਂ ਨਾਂਹ, ਰਾਣੀ ਦੀ ਰਾਜਧਾਨੀ ਤਾਂ ਪਰੀ-ਲੋਕ ਬਣ ਹੀ ਗਈ ਅਤੇ ਉਹਦੇ 521 ਸਵਾਰ ਚੈਨ ਦੀ ਬੰਸੀ ਵਜਾਉਣ ਲਗ ਪਏ......ਅਤੇ ਉਥੇ ਗਰੀਬਾਂ ਦੇ ਦਾਖਲੇ ਦੀ ਮਨਾਹੀ ਹੋ ਗਈ......

ਹਾਂ, ਅਜਿਹੀ ਰਾਜਧਾਨੀ ਵਿਚ ਇਕ ਦਿਨ ਸਵੇਰੇ ਫੂਲ ਮਤੀ ਨਾਂ ਦੀ ਇਕ ਔਰਤ ਆਪਣੀ ਡੇਢ ਵਰ੍ਹੇ ਦੀ ਬੱਚੀ ਲਕਸ਼ਮੀ ਬਾਈ ਨੂੰ ਕੁੱਛੜ ਚੁੱਕੀ 'ਪ੍ਰਵੇਸ਼ ਮਨਾਹ ਹੈ' ਦਾ ਉਲੰਘਣ ਕਰ ਦਾਖਲ ਹੋ ਗਈ। ਰਾਣੀ ਤਾਂ ਪਤਾ ਨਹੀਂ ਕੀ ਸੀ ਪਰ ਉਹ ਔਰਤ ਜ਼ਰੂਰ ਹੀ ਵਿਧਵਾ ਸੀ। ਉਹਦਾ ਪਤੀ ਪਿਛਲੀ ਜੰਗ ਵਿਚ ਸ਼ਹੀਦ ਹੋ ਗਿਆ ਸੀ ਤੇ ਇਸਦਾ ਸਬੂਤ ਸਰਕਾਰੀ ਪ੍ਰਮਾਣ-ਪੱਤਰ ਦੇ ਰੂਪ ਵਿਚ ਉਹਦੇ ਕੋਲ ਸੀ ਜੋ ਮੰਗਲ-ਸੂਤਰ ਦੀ ਥਾਂ ਉਹਦੇ ਗਲੇ ਵਿਚ ਲਟਕ ਰਿਹਾ ਸੀ। ਪਤੀ ਦੇ ਨਾ ਰਹਿਣ ਤੇ ਉਹ ਅਤੇ ਉਹਦੀ ਬੱਚੀ ਬੇਸਹਾਰਾ ਹੋ ਗਈਆਂ ਸਨ। ਆਪਣੇ ਪਿੰਡ ਆਪਣੇ ਸਵੈ-ਮਾਨ ਦੀ ਰਖਿਆ ਨਾ ਹੁੰਦੀ ਦੇਖ ਉਹ ਕੰਮ ਦੀ ਤਲਾਸ਼ ਵਿਚ ਸ਼ਹਿਰ-ਸ਼ਹਿਰ ਭਟਕਦੀ ਏਥੇ ਤਕ ਆ ਗਈ ਸੀ।

ਸਵੇਰੇ ਜਦ ਫੂਲਮਤੀ ਨਗਰ ਵਿਚ ਦਾਖਲ ਹੋਈ ਤਾਂ ਰਾਜ-ਪਥ ਸ਼ੀਸ਼ੇ ਵਾਂਗ ਚਮਕ ਰਹੇ ਸਨ। ਰਾਜ ਕਰਮਚਾਰੀ ਸਫ਼ਾਈ, ਛਿੜਕਾਅ ਆਦਿ ਕਰਕੇ ਜਾ ਚੁੱਕੇ ਸਨ ਅਤੇ ਨਗਰ-ਸੇਠ ਆਪਣੇ ਆਪਣੇ ਰੱਥਾਂ ਵਿਚ ਬੈਠੇ ਸਵੇਰ ਦੀ ਸੈਰ ਤੋਂ ਵਾਪਸ ਆ ਰਹੇ ਸਨ। ਠੰਡੀ ਹਵਾ ਦੇ ਬੁਲੇ ਵਾਤਾ-ਵਰਨ ਵਿਚ ਰਸ ਘੋਲ ਰਹੇ ਸਨ। ਅਸਮਾਨ ਜਿੰਨੀਆਂ ਉਚੀਆਂ ਹਵੇਲੀਆਂ ਦੀਆਂ ਬੁਰਜੀਆਂ ਸੂਰਜ ਦੀਆਂ ਕਿਰਨਾਂ ਵਿਚ ਹੋਰ ਵੀ ਚਮਕ ਉਠੀਆਂ ਸਨ।

ਫੂਲਮਤੀ ਸ਼ਹਿਰ ਦੀ ਸੁੰਦਰਤਾ ਦੇਖ ਦੇਖ ਮਸਤ ਹੁੰਦੀ ਜਾ ਰਹੀ ਸੀ। ਉਹਨੂੰ ਆਪਣੇ ਸਭ ਦੁੱਖ ਭੁਲ ਗਏ ਸਨ। ਉਹਦੀ ਬਾਕੀ ਦੀ ਦੁਚਿੱਤੀ ਵੀ ਜਾਂਦੀ ਰਹੀ ਸੀ ਅਤੇ ਉਹ ਖੁਸ਼ੀ ਖੁਸ਼ੀ ਅੱਗੇ ਵਧਦੀ ਜਾ ਰਹੀ ਸੀ। ਪਰ ਕੁੱਝ ਚਿਰ ਮਗਰੋਂ ਵਾਰ ਵਾਰ ਸੱਜੇ-ਖੱਬੇ ਗਰਦਨ ਘੁਮਾਉਂਦੇ ਰਹਿਣ ਕਾਰਨ ਉਹਦੀ ਗਰਦਨ ਦੁਖਣ ਲਗ ਪਈ। ਲੱਤਾਂ ਵੀ ਜਵਾਬ ਦੇ ਰਹੀਆਂ ਸਨ। ਉਧਰ ਸੁੱਤੀ ਪਈ ਬੱਚੀ ਵੀ ਜਾਗ ਪਈ ਸੀ। ਉਹਨੂੰ ਦੁੱਧ ਚਾਹੀਦਾ ਸੀ। ਹੁਣ ਫੂਲਮਤੀ ਦੇ ਢਿੱਡ ਦੀ ਅੱਗ ਵੀ ਭੜਕ ਉਠੀ ਸੀ, ਪਰ ਫੂਲਮਤੀ ਨੂੰ ਕਿਸੇ ਪਾਸੇ ਕੋਈ ਅਜਿਹੀ ਥਾਂ ਨਹੀਂ ਸੀ ਦਿਖ ਰਹੀ ਜਿਥੋਂ ਉਹ ਬੱਚੀ ਤੇ ਖੁਦ ਆਪਣੇ ਲਈ ਕੁਝ ਖਾਣ ਨੂੰ ਲੈ ਲੈਂਦੀ। ਰਾਜਧਾਨੀ ਵਿਚ ਸਭ ਕੁਝ ਵੱਡਾ ਸੀ, ਛੋਟਾ ਕੁਝ ਵੀ ਨਹੀਂ।

ਘੁੰਮਦਿਆ ਸ਼ਾਮ ਹੋ ਗਈ ਤੇ ਸ਼ਾਮ ਢਲਦਿਆਂ-ਢਲਦਿਆਂ ਰਾਤ। ਬੱਚੀ ਲਈ ਉਹਨੇ ਕਿਤੋਂ ਥੋੜਾ ਜਿਹਾ ਦੁੱਧ ਖਰੀਦ ਲਿਆ ਸੀ ਤੇ ਉਹ ਸੌਂ ਗਈ ਸੀ। ਖੁਦ ਫੂਲਮਤੀ ਨੇ ਵੀ ਥੋੜੇ ਜਿਹੇ ਦਾਣੇ ਚੱਬ ਲਏ ਸਨ। ਹੁਣ ਰਾਤ ਆਈ ਤਾਂ ਇਕ ਵੇਰ ਫੇਰ ਫੂਲਮਤੀ ਰਾਜਧਾਨੀ ਦੀ ਸੁੰਦਰਤਾ ਦੇਖਣ ਵਿਚ ਮਸਤ ਹੋ ਗਈ। ਜਿਧਰ ਵੀ ਅੱਖ ਉਠਦੀ ਸੀ, ਦੀਵਾਲੀ ਦਿਖਾਈ ਦੇਂਦੀ ਸੀ।

ਜਿਵੇਂ ਜਿਵੇਂ ਰਾਤ ਢਲਦੀ ਗਈ ਤੇ ਸ਼ਹਿਰ ਦੀ ਰੌਣਕ ਘਟਦੀ ਗਈ, ਫੂਲਮਤੀ ਮਹਿਸੂਸ ਕਰਨ ਲਗੀ ਕਿ ਹੁਣ ਉਹਨੂੰ ਆਰਾਮ ਚਾਹੀਦਾ ਹੈ। ਪਰ ਪੱਥਰਾਂ ਦੇ ਉਸ ਸ਼ਹਿਰ ਵਿਚ ਉਹਦੇ ਲਈ ਕਿਤੇ ਕੋਈ ਥਾਂ ਨਹੀਂ ਸੀ। ਇਕ ਚੌਕ-ਬਾਗ ਵਿਚ ਉਹਨੂੰ ਕੁਝ ਲੋਕ ਬੈਠੇ ਗੱਪਾਂ ਮਾਰਦੇ ਦਿਖਾਈ ਦਿੱਤੇ। ਫੂਲਮਤੀ ਨੇ ਉਥੇ ਹੀ ਇਕ ਪਾਸੇ ਧੋਤੀ ਦਾ ਪੱਲਾ ਵਿਛਾ ਬੱਚੀ ਨੂੰ ਸੁਆ ਦਿੱਤਾ।

ਦੋ-ਤਿੰਨ ਦਿਨਾਂ ਵਿਚ ਫੂਲਮਤੀ ਕੋਲ ਜਿੰਨੇ ਪੈਸੇ ਸਨ ਉਹ ਖਤਮ ਹੋ ਗਏ। ਉਹਨੂੰ ਕੋਈ ਕੰਮ ਵੀ ਨਾ ਮਿਲਿਆ। ਜਿਥੇ ਕਿਤੇ ਵੀ ਉਹਨੇ ਕੰਮ ਦੀ ਗੱਲ ਕੀਤੀ ਲੋਕਾਂ ਨੇ ਬਿਨਾਂ ਉਹਦੀ ਗੱਲ ਦਾ ਉੱਤਰ ਦਿਤਿਆਂ ਮੂੰਹ ਦੂਜੇ ਪਾਸੇ ਕਰ ਲਿਆ। ਹੌਲੀ ਹੌਲੀ ਉਹਦੇ ਕੋਲ ਕੁੱਝ ਵੀ ਨਾ ਰਿਹਾ। ਇਕ ਭਲੇਮਾਣਸ ਦਿਸਦੇ ਆਦਮੀ ਨੂੰ ਉਹਨੇ ਆਪਨੀ ਕਹਾਣੀ ਸੁਣਾਈ ਤਾਂ ਉਹਨੇ ਸਲਾਹ ਦਿੱਤੀ ਕਿ ਉਹ ਰਾਣੀ ਕੋਲ ਕਿਉਂ ਨਹੀਂ ਜਾਂਦੀ। ਸ਼ਾਇਦ ਉਹ ਨਹੀਂ ਜਾਣਦੀ ਕਿ ਇਸ ਨਗਰੀ ਵਿਚ ਮੰਗਣ ਨਾਲ ਕੁਝ ਨਹੀਂ ਮਿਲਦਾ, ਏਥੇ ਤਾਂ ਖੋਹਣਾ ਪੈਂਦਾ ਹੈ। ਜਿਥੋਂ ਤਕ ਮੰਗਣ ਦਾ ਪ੍ਰਸ਼ਨ ਹੈ ਲੋਕ ਕੇਵਲ ਰਾਣੀ ਤੋਂ ਹੀ ਮੰਗਦੇ ਹਨ ਅਤੇ ਰਾਣੀ ਨੂੰ ਹੀ ਇਹ ਅਧਿਕਾਰ ਹੈ ਕਿ ਉਹ ਕਿਸੇ ਨੂੰ ਕੁਝ ਦੇ ਸਕੇ।

ਫੂਲਮਤੀ ਉਸ ਭਲੇਮਾਣਸ ਦੀ ਗੱਲ ਸੁਣ ਰਾਣੀ ਦੇ ਮਹਿਲ ਵਲ ਤੁਰ ਪਈ। ਰਾਣੀ ਦੇ ਮਹਿਲ ਅੱਗੇ ਏਨਾ ਸਖਤ ਪਹਿਰਾ ਸੀ ਕਿ ਚਿੜੀ ਵੀ ਖੰਭ ਨਹੀਂ ਸੀ ਪਟਕ ਸਕਦੀ। ਫੂਲਮਤੀ ਦੋ ਦਿਨ ਰਾਣੀ ਦੇ ਮਹਿਲ ਸਾਹਮਣੇ ਬੈਠੀ ਰਹੀ ਪਰ ਕਿਸੇ ਨੇ ਉਸ ਨੂੰ ਰਾਣੀ ਨੂੰ ਨਾ ਮਿਲਣ ਦਿੱਤਾ। ਰਾਣੀ ਚਾਂਦੀ ਦੇ ਰੱਥ ਵਿਚ ਬਹਿ ਬਾਹਰ ਨਿਕਲਦੀ ਸੀ ਤੇ ਹਰ ਸਮੇਂ ਅੰਗ-ਰਖਿਅਕਾਂ ਨਾਲ ਘਿਰੀ ਰਹਿੰਦੀ ਸੀ। ਕਿਸੇ ਦੀ ਕੀ ਮਜਾਲ ਸੀ ਕਿ ਉਹਦੇ ਨਾਲ ਗੱਲ ਵੀ ਕਰ ਸਕੇ। ਆਖਰ ਨਿਰਾਸ ਹੋ ਫੂਲਮਤੀ ਉਥੋਂ ਉਠ ਆਈ ਤੇ ਫੇਰ ਇਧਰ-ਉਧਰ ਭਟਕਣ ਲਗ ਪਈ। ਹੁਣ ਉਹਦੇ ਕੋਲ ਆਪਨੇ ਲਈ ਤੇ ਆਪਨੀ ਬੱਚੀ ਲਈ ਕੁਝ ਨਹੀਂ ਸੀ। ਕੱਪੜੇ ਵੀ ਫਟ ਚਲੇ ਸਨ। ਪੱਥਰਾਂ ਦੇ ਉਸ ਸ਼ਹਿਰ ਵਿਚ ਉਹਦੀ ਦੁੱਖ ਭਰੀ ਕਹਾਣੀ ਸੁਣਨ ਵਾਲਾ ਕੋਈ ਨਹੀਂ ਸੀ ਅਤੇ ਉਸ ਕੋਲ ਪਾਗਲਪਨ ਦੀ ਅਵਸਥਾ ਵਿਚ ਇਧਰ-ਉਧਰ ਭਟਕਣ ਤੋਂ ਬਿਨਾਂ ਕੋਈ ਚਾਰਾ ਨਹੀਂ ਸੀ। ਆਖਰ ਭੁੱਖ ਕਾਰਨ ਸੱਤਵੇਂ ਦਿਨ ਉਹਦੀ ਬੱਚੀ ਲਕਸ਼ਮੀ ਬਾਈ ਨੇ ਦਮ ਤੋੜ ਦਿੱਤਾ।

ਹੁਣ ਫੂਲਮਤੀ ਨੂੰ ਬੱਚੀ ਦੇ ਅੰਤਿਮ ਸੰਸਕਾਰ ਦੀ ਚਿੰਤਾ ਸਤਾਉਣ ਲਗ ਪਈ। ਆਪਨੀ ਭੁੱਖ-ਤ੍ਰੇਹ ਭੁੱਲ ਉਹ ਇਸ ਚਿੰਤਾ ਵਿਚ ਭਟਕਣ ਲਗ ਪਈ ਕਿ ਕਿਤੇ ਉਹਨੂੰ ਸ਼ਮਸ਼ਾਨ ਦਿਖ ਜਾਵੇ। ਪਰੰਤੂ ਉਸ ਸ਼ਮਸ਼ਾਨ ਨਗਰੀ ਵਿਚ ਕਿਤੇ ਸ਼ਮਸ਼ਾਨ ਨਹੀਂ ਸੀ। ਫੂਲਮਤੀ ਸਾਰਾ ਦਿਨ ਭਟਕਦੀ ਰਹੀ ਤੇ ਰਾਤ ਨੂੰ ਥੱਕੀ-ਹਾਰੀ ਇਕ ਵੱਡੇ ਸਾਰੇ ਮੰਦਿਰ ਸਾਹਮਣੇ ਜਾਕੇ ਬੈਠ ਗਈ। ਮੰਦਿਰ ਵਿਚ ਧਨੀ ਲੋਕ ਪ੍ਰਸ਼ਾਦ ਚੜ੍ਹਾਉਣ ਆਉਂਦੇ ਸਨ ਤੇ ਚਲੇ ਜਾਂਦੇ ਸਨ। ਫੂਲਮਤੀ ਹੁਣ ਤਕ ਇਕ ਪਾਸੇ ਨੂੰ ਹਨੇਰੇ ਵਿਚ ਸੁੰਗੜੀ ਬੈਠੀ ਸੀ। ਅਮੀਰ ਲੋਕਾਂ ਨੂੰ ਇੰਝ ਮਿਠਾਈਆਂ ਦੇ ਭਰੇ ਥਾਲ ਲਿਆਂਦੇ ਤੇ ਲਿਜਾਂਦੇ ਦੇਖ ਪਤਾ ਨਹੀਂ ਕਿੰਨੇ ਦਿਨਾਂ ਦੀ ਭੁੱਖ ਚਮਕ ਉਠੀ, ਅਤੇ ਉਹ ਹਨੇਰੇ ਵਿਚੋਂ ਬਾਹਰ ਨਿਕਲ ਰੌਸ਼ਨੀ ਵਿਚ ਆ ਗਈ। ਕੁਝ ਚਿਰ ਲਈ ਉਹ ਇਹ ਭੁੱਲ ਗਈ ਕਿ ਉਹਦੀ ਗੋਦੀ ਵਿਚ ਉਹਦੀ ਮਰੀ ਹੋਈ ਬੱਚੀ ਹੈ। ਉਹਨੂੰ ਕੇਵਲ ਇਕ ਗੱਲ ਹੀ ਯਾਦ ਸੀ—ਭੁੱਖ, ਭੁੱਖ ......ਪਤਾ ਨਹੀਂ ਕਦੋਂ ਦੀ ਭੁੱਖ ਜਾਗ ਉਠੀ ਸੀ ਤੇ ਸਭ ਹੜੱਪ ਕਰ ਜਾਣਾ ਚਾਹੁੰਦੀ ਸੀ......

ਉਹਨੂੰ ਉਥੇ ਖੜੀ ਦੇਖ ਮੰਦਿਰ ਵਿਚੋਂ ਬਾਹਰ ਨਿਕਲਦੇ ਹੋਏ ਇਕ ਧਨੀ ਆਦਮੀ ਨੇ



ਉਸਨੂੰ ਕਿਹਾ, "ਮਾਈ ਪ੍ਰਸ਼ਾਦ ਲੈ ਲੈ...... ਇਹ ਤੇਰਾ, ਇਹ ਤੇਰੀ ਬੱਚੀ ਦਾ......"

ਫੂਲਮਤੀ ਨੇ ਬਿਨਾਂ ਕੁਝ ਆਖਿਆਂ ਚੁਪ ਚਾਪ ਆਪਨੇ ਹੱਥ ਅੱਗੇ ਵਧਾ ਦਿੱਤੇ ਤੇ ਪ੍ਰਸ਼ਾਦ ਲੈ ਲਿਆ। ਫੇਰ ਧਨੀ ਲੋਕ ਆਉਂਦੇ ਰਹੇ, ਉਹਨੂੰ ਉਹਦੀ ਬੱਚੀ ਤੇ ਖੁਦ ਆਪਨਾ ਪ੍ਰਸ਼ਾਦ ਮਿਲਦਾ ਰਿਹਾ ਅਤੇ ਉਹ ਲੈਂਦੀ ਰਹੀ। ਉਹਤੋਂ ਨਹੀਂ ਕਿਹਾ ਗਿਆ ਕਿ ਉਹਦੀ ਬੱਚੀ...ਉਹਦੀ ਬੱਚੀ...ਅਤੇ ਸਾਰਾ ਪ੍ਰਸ਼ਾਦ ਹੜੱਪ ਕਰ ਗਈ। ਭੁੱਖ ਮਿਟੀ ਤਾਂ ਜਿਵੇਂ ਉਹ ਇਕ ਵਾਰ ਫੇਰ ਦਾਨਵ ਤੋਂ ਮਾਨਵ ਬਣ ਗਈ ਤੇ ਸ਼ਾਮ ਦੀ ਘਟਨਾ ਯਾਦ ਕਰ ਰੋਂਦੀ ਰਹੀ......ਤੇ ਰੋਂਦਿਆਂ ਰੋਂਦਿਆਂ ਉਥੇ ਹੀ ਸੌਂ ਗਈ। ਸਵੇਰੇ ਉਹਦਾ ਮਨ ਕੀਤਾ ਕਿ ਬੱਚੀ ਨੂੰ ਉਥੇ ਹੀ ਛਡਕੇ ਚਲੀ ਜਾਵੇ ਪਰ ਉਹ ਅਜਿਹਾ ਨਾ ਕਰ ਸਕੀ। ਬੱਚੀ ਨੂੰ ਆਪਨੇ ਹੱਥੀਂ ਟਿਕਾਣੇ ਲਾਉਣਾ ਜ਼ਰੂਰੀ ਲਗਿਆ। ਆਖਰ ਉਹ ਉਹਦੇ ਸ਼ਹੀਦ ਪਤੀ ਦੀ ਨਿਸ਼ਾਨੀ ਸੀ। ਬੱਚੀ ਨੂੰ ਗੋਦੀ ਵਿਚ ਚੁੱਕੀ ਉਹ ਭਟਕਦੀ ਰਹੀ, ਭਟਕਦੀ ਰਹੀ ......ਤੇ ਇਕ ਵੇਰ ਫੇਰ ਸ਼ਾਮ ਹੋ ਗਈ......

ਤਦੇ ਉਹਨੇ ਦੇਖਿਆ ਕਿ ਦੂਰ ਕਿਤੇ ਚਿਤਾ ਜਲ ਰਹੀ ਹੈ ਤੇ ਉਹ ਉਧਰ ਹੀ ਤੁਰ ਪਈ। ਬੜੀ ਦੂਰ ਚਲਣ ਮਗਰੋਂ ਉਹਨੂੰ ਕੁਝ ਭਈਆ ਲੋਕ ਬੈਠੇ ਮਿਲੇ। ਫੂਲਮਤੀ ਨੇ ਜਦ ਆਪਨਾ ਦੁਖ ਉਹਨਾਂ ਸਾਹਮਣੇ ਫੋਲਿਆ ਤਾਂ ਉਹ ਬੋਲੇ, "ਮਾਂ, ਤੈਨੂੰ ਸ਼ਾਇਦ ਪਤਾ ਨਹੀਂ ਕਿ ਏਸ ਨਗਰੀ ਵਿਚ ਕੋਈ ਨਹੀਂ ਮਰਦਾ......ਇਹ ਤਾਂ ਅਮਰ ਨਗਰੀ ਏ! ਬਹੁਤ ਦਿਨਾਂ ਮਗਰੋਂ ਇਕ ਸਾਊ ਬੰਦਾ ਮਰਿਆ ਏ, ਉਹਦੀ ਚਿਤਾ ਔਹ ਸਾਹਮਣੇ ਜਲ ਰਹੀ ਹੈ, ਆਪਨੀ ਬੱਚੀ ਦੀ ਲਾਸ਼ ਨੂੰ ਵੀ ਉਸੇ ਚਿਤਾ ਵਿਚ ਜਲਾ ਦੇ। ਇਹਨੂੰ ਦੱਬਣ ਦੀ ਕੋਸ਼ਸ਼ ਨਾ ਕਰੀਂ, ਨਹੀਂ ਤਾਂ... ..." ਫੂਲਮਤੀ ਭਜਦੀ ਹੋਈ ਚਿਤਾ ਵਲ ਵਧੀ। ਉਹ ਬੱਚੀ ਦੀ ਲਾਸ਼ ਨੂੰ ਚਿਤਾ ਵਿਚ ਸੁੱਟਣ ਹੀ ਵਾਲੀ ਸੀ ਕਿ ਕਿਸੇ ਨੇ ਅਚਾਨਕ ਉਹਦਾ ਹੱਥ ਫੜ ਲਿਆ......" ਚੱਲ ਥਾਣੇ...ਡੈਣ ਕਿਤੋਂ ਦੀ......"

ਤਦੇ ਫੂਲਮਤੀ ਨੂੰ ਲਗਿਆ ਜਿਵੇਂ ਉਹਦੇ ਅੰਦਰ ਕੁਝ ਟੁੱਟ ਗਿਆ ਹੋਵੇ, ਜਿਵੇਂ ਉਹ ਸਚ ਮੁੱਚ ਹੀ ਡੈਣ ਬਣ ਗਈ ਹੋਵੇ। ਹਾਂ, ਡੈਣ...ਡੈਣ...ਅਤੇ ਡੈਣ ਫੂਲਮਤੀ ਨੇ ਉਸ ਦੇ ਹੱਥ ਉਤੇ ਦੰਦੀ ਵੱਢ ਲਈ......ਅਤੇ ਬੱਚੀ ਦੀ ਲਾਸ਼ ਨੂੰ ਉਥੇ ਹੀ ਸੁੱਟ ਭੱਜ ਨਿਕਲੀ। ਉਹ ਚੀਖਾਂ ਮਾਰਦੀ ਭਜਦੀ ਗਈ......ਭਜਦੀ ਹੀ ਗਈ ਤੇ ਫੇਰ ਕਿਤੇ ਹਨੇਰੇ ਵਿਚ ਗੁਆਚ ਗਈ..

ਉਸ ਰਾਤ ਮਗਰੋਂ ਫੂਲਮਤੀ ਨੂੰ ਕਿਸੇ ਨੇ ਨਹੀਂ ਦੇਖਿਆ ਪਰ ਇਕ ਰਾਤ ਉਹਦੀਆਂ ਚੀਖਾਂ ਨਾਲ ਰਾਜਧਾਨੀ ਵਿਚ ਵੀ ਇਕ ਭੁਚਾਲ ਆ ਗਿਆ। ਰਾਣੀ ਦੇ ਮਹਿਲ ਦੀਆਂ ਕੰਧਾਂ ਹਿਲਣ ਲਗ ਪਈਆਂ। ਸਿੰਘਾਸਣ ਡੋਲਣ ਲਗ ਗਿਆ। ਰਾਣੀ ਸੁੱਤੀ-ਸੁੱਤੀ ਆਪਨੇ ਪਲੰਘ ਤੋਂ ਹੇਠਾਂ ਫਰਸ਼ ਉਤੇ ਆ ਡਿੱਗੀ। ਆਪਨੇ ਮਹਿਲ ਦੀਆਂ ਕੰਧਾਂ ਨੂੰ ਬੁਰੀ ਤਰ੍ਹਾਂ ਕੰਬਦਿਆਂ ਦੇਖ ਉਹ ਘਬਰਾਕੇ ਤਹਿਖਾਨੇ ਵਲ ਭੱਜ ਪਈ। ਪਰ ਇਸ ਭੁਚਾਲ ਨਾਲ ਤਹਿਖਾਨੇ ਦੀਆਂ ਕੰਧਾਂ ਵੀ ਬਚੀਆਂ ਨਾ ਰਹਿ ਸਕੀਆਂ। ਕੰਧ ਉਤੇ ਟੰਗੀ ਜਾਦੂ ਦੀ ਛੜੀ ਫਰਸ਼ ਉਤੇ ਡਿਗ ਟੁੱਟ ਗਈ ਸੀ ......ਅਤੇ ਉਹ ਕਾਲਾ ਨਾਗ ਵੀ ਕਿਤੇ ਹੋਰ ਚਲਿਆ ਗਿਆ ਸੀ...... □

[ਬੀ/ਏ/60 ਏ, ਜਨਕਪੁਰੀ, ਨਵੀਂ ਦਿਲੀ-110058]

## ਰੇਤੇ ਦਾ ਮਹਿਲ/ਅਤਰਜੀਤ

ਪੂਰੇ ਛੇ ਵਰ੍ਹੇ ਬੀਤ ਗਏ ਹਨ ਪਰ ਲਗਦਾ ਹੈ ਜਿਵੇਂ ਇਹ ਕਲ੍ਹ ਦੀ ਹੀ ਗੱਲ ਹੋਵੇ । ਜ਼ਿੰਦਗੀ ਦੀ ਇਤਨੀ ਕੁੜੱਤਣ, ਜੀਵਨ ਦਾ ਇੰਨਾ ਕੌੜਾ ਸੱਚ ਜੋ ਮੈਂ ਅਤੇ ਮੇਰਾ ਪਰਿਵਾਰ ਹੰਢਾ ਚੁੱਕੇ ਹਾਂ, ਉਸ ਉਤੇ ਵੀ ਜਿਵੇਂ ਯਕੀਨ ਨਹੀ ਆਉਂਦਾ । ਸਭ ਕੁਝ ਉਲਟ ਪੁਲਟ ਹੋ ਜਾਣ ਦੇ ਬਾਵਜੂਦ ਕੋਈ ਹਾਦਸਾ ਹੋਇਆ ਨਹੀਂ ਲਗਦਾ ਸਗੋਂ ਅਨੁਭਵ ਹੋਣ ਲਗਦਾ ਹੈ—ਜਿਵੇਂ ਵਕਤ ਰੁਕ ਗਿਆ ਹੋਵੇ । ਮਾਂ ਨੂੰ ਮਰਿਆਂ ਪੂਰੇ ਛੇ ਵਰ੍ਹੇ ਹੀ ਤਾਂ ਹੋ ਗਏ ਹਨ—ਇਕ ਭਿਆਨਕ ਹਾਦਸਾ, ਜਿਸ ਵਿਚ ਹਾਦਸੇ ਵਰਗੀ ਸ਼ਾਇਦ ਕੋਈ ਚੀਜ਼ ਨਹੀਂ ਸੀ । ਅੱਜ ਵੀ ਲਗਦਾ ਹੈ—ਮਾਂ ਚੰਡੀਗੜ੍ਹ ਦੇ ਹਸਪਤਾਲੋਂ ਮੁੜੇਗੀ, ਪਰ ਉਸਨੂੰ ਤਾਂ ਪੀ. ਜੀ. ਆਈ. ਹਸਪਤਾਲ ਵਿਚ ਅੰਤੜੀਆਂ ਦੀ ਟੀ. ਬੀ. ਨੇ ਖਾ ਲਿਆ ਜਾਂ ਹਸਪਤਾਲ ਨੇ ਹੀ । ਕੀ ਇਸ ਵਿਚ ਹਾਦਸੇ ਵਰਗਾ ਕੁਝ ਨਹੀਂ ਸੀ ?—ਇਸ ਨੇ ਤਾਂ ਸਾਡੇ ਘਰ ਦਾ ਬੂਹਾ ਹੀ ਦੂਜੇ ਪਾਸੇ ਕਰ ਦਿਤਾ ਸੀ । ਮਾਂ ਹੀ ਪਰਿਵਾਰ ਦਾ ਥੰਮ੍ਹ ਸੀ । ਜੋ ਕੁਝ ਉਹ ਕਿਹਾ ਕਰਦੀ ਸੀ ਤੇ ਜਿਸ ਲਈ ਉਹ ਹਮੇਸ਼ਾ ਘੁਲਦੀ ਰਹੀ ਸੀ—ਉਹ ਸਭ ਕੁਝ ਹੁਣ ਨਹੀਂ ਰਿਹਾ ।

ਭਾਵੇਂ ਦੋ ਸਾਲ ਪਹਿਲਾਂ ਸਾਨੂੰ ਪਤਾ ਲੱਗ ਚੁੱਕਾ ਸੀ ਕਿ ਹੁਣ ਮਾਂ ਉਤੇ ਵਾਧੂ ਪੈਸਾ ਗਾਲਣ ਵਾਲੀ ਗੱਲ ਹੈ ; ਕਿਉਂਕਿ ਮੌਤ ਦੀ ਅਮਿੱਟ ਛਾਪ ਤਾਂ ਉਸਦੇ ਝੁਰੜੀਆਂ ਭਰੇ ਚਿਹਰੇ ਉਤੇ ਉਦੋਂ ਹੀ ਲੱਗ ਚੁੱਕੀ ਸੀ । ਮੌਤ ਦੇ ਅੱਖਰ ਤਾਂ ਉਸ ਦੀਆਂ ਅੱਖਾਂ ਦੇ ਲਾਮ੍ਹੀ ਚਾਮ੍ਹੀ ਵੀ ਲਿਖੇ ਜਾ ਚੁੱਕੇ ਸਨ—ਬੱਸ ਉਸ ਦਾ ਸਿਰ ਹੀ ਸੀ, ਜਿਥੇ ਮੌਤ ਦੇ ਦਿਨਾਂ ਤੱਕ ਵੀ ਕਾਲੇ ਕੇਸਾਂ ਵਿਚ ਗਿਣਤੀ ਦੇ ਹੀ ਧੌਲੇ ਵਾਲ ਸਨ, ਉਸ ਦੇ ਇੰਨੀ ਛੇਤੀ ਮਰ ਜਾਣ ਦੀ ਗਵਾਹੀ ਨਹੀਂ ਸੀ ਦਿੰਦਾ । ਮੌਤ ਦੀ ਛਾਪ ਜਿਵੇਂ ਸਾਥੋਂ ਚੋਰੀ ਚੋਰੀ ਲੱਗ ਗਈ ਸੀ ਪਰ ਅਸੀਂ ਢੇਰੀ ਢਾ ਕੇ ਨਹੀਂ ਸਾਂ ਬੈਠੇ । ਬਾਪੂ ਦੇ ਬੋਲਾਂ ਨੇ ਸਾਨੂੰ ਕੁਝ ਕਰਨ ਲਈ ਪ੍ਰੇਰਿਆ ਸੀ :

"ਬੇਟਾ ! ਅੰਦਰ ਪਾ ਕੇ ਕਿਵੇਂ ਮਾਰ ਦੀਏ, ਲੋਕ ਕਹਿਣਗੇ ਕਿਸੇ ਨੇ ਸੰਭਾਲੀ ਨਹੀਂ ।" ਮੈਂ ਉਸ ਵੇਲੇ ਸਮਝਦਾ ਸਾਂ ਕਿ ਬਾਪੂ ਦੀ ਮਨੋਦਸ਼ਾ ਆਪਣੇ ਹੱਥੀਂ ਸਭ ਕੁਝ ਲੁਟਾ ਰਹੇ ਜੁਆਰੀਏ ਵਰਗੀ ਹੈ ਜੋ ਸਮਝਦਾ ਸੀ ਕਿ ਉਸਦੀ ਹੋਂਦ ਵੀ ਉਸ ਦਰਿਆ ਦਿਲ ਔਰਤ ਦੇ ਨਾਲ ਹੀ ਹੈ ; ਜਿਸਦੀ ਦਰਿਆ ਦਿਲੀ ਦੇ ਸਬੂਤ ਵੀ ਭਾਵੇਂ ਉਸ ਦੀ ਮੌਤ ਤੋਂ ਬਾਅਦ ਹੀ ਉਘੜ ਕੇ ਸਾਮ੍ਹਣੇ ਆਏ ਸਨ ।

ਅਸੀਂ ਫੈਸਲਾ ਕਰ ਲਿਆ ਸੀ ਕਿ ਮਾਂ ਨੂੰ ਉੱਕਾ ਮਰਨ ਨਹੀਂ ਦੇਣਾ ; ਕਿਉਂਕਿ ਮਾਂ ਦੀ ਮੌਤ ਦਾ ਸਿੱਧਾ ਅਰਥ ਹੀ ਸਾਰੇ ਘਰ ਦੀ ਤਬਾਹੀ ਸੀ । ਉਹੀ ਤਾਂ ਸਾਰੇ ਘਰ ਦਾ ਮੁੱਢ ਸੀ ਜੋ ਕਿਸੇ ਰੂਪ ਵਿਚ ਦਿੱਖ ਜਾਂ ਅਦਿੱਖ ਸੂਤਰਾਂ ਨਾਲ ਸਾਰੇ ਪਰਿਵਾਰ ਨੂੰ ਇਕ ਮਾਲਾ ਵਿਚ ਪਰੋਈ ਆ ਰਹੀ ਸੀ ।

ਮਾਂ ਦਾ ਇਲਾਜ ਮੇਰੇ ਪੈਸੇ ਨਾਲ ਹੀ ਚਲਦਾ ਸੀ । ਹਰ ਮਹੀਨੇ ਢਾਈ ਤਿੰਨ ਸੌ ਰੁਪਿਆ ਮੈਨੂੰ ਬਾਪੂ ਦੀ ਹਥੇਲੀ 'ਤੇ ਰਖਣਾ ਪੈਂਦਾ ਸੀ । ਅਸੀਂ ਉਸ ਨੂੰ ਕਈ ਹਸਪਤਾਲਾਂ ਵਿਚ ਵਿਖਾਇਆ। ਪਰਾਈਵੇਟ ਇਲਾਜ ਕਰਵਾਇਆ ਪਰ ਕਿਤੋਂ ਮੋੜ ਨਹੀਂ ਸੀ ਪੈ ਰਿਹਾ । ਸਿਵਲ ਹਸਪਤਾਲ ਵਾਲੀ ਘਟਨਾ ਤੋਂ ਬਾਅਦ ਤਾਂ ਮੇਰਾ ਕਿਸੇ ਡਾਕਟਰ ਦੇ ਮੱਥੇ ਲੱਗਣ ਨੂੰ ਵੀ ਜੀਅ ਨਹੀਂ ਸੀ ਕਰਦਾ । ਸੀ. ਐਮ. ਓ. ਨੇ ਸਾਨੂੰ ਰੁੱਖਾ ਸ਼ਬਦ ਵੀ ਕੋਈ ਨਹੀਂ ਸੀ ਆਖਿਆ । ਬੇਬੇ ਨੂੰ ਵੇਖਿਆ ਚਾਖਿਆ ਵੀ ਚੰਗਾ ਸੀ ਪਰ ਹੈਰਾਨੀ ਸੀ ਕਿ ਫਰੀ ਹਸਪਤਾਲ ਵਿਚੋਂ ਸਿਰਫ਼ ਐਸੋਨੈਕਸ ਦੀਆਂ ਤਿੰਨ ਰੁਪਏ ਸੈਂਕੜਾ ਵਾਲੀਆਂ ਗੋਲੀਆਂ ਹੀ ਮਿਲੀਆਂ ਬਾਕੀ ਦੀਆਂ ਕੈਮਿਸਟਾਂ ਪਾਸੋਂ ਹੀ ਖਰੀਦਣੀਆਂ ਪੈਣੀਆਂ ਸਨ । ਉਥੇ ਹੀ ਤਾਂ ਸਾਦੇ ਜੇਹੇ ਕੱਪੜਿਆਂ ਅਤੇ ਉਲਝੀ ਦਾਹੜੀ ਵਾਲੇ ਬੰਦੇ ਨੇ, ਜਿਸ ਨੇ ਪੱਗ ਦੇ ਉਪਰ ਦੀ ਪਰਨਾ ਵੀ ਲਪੇਟਿਆ ਹੋਇਆ ਸੀ, ਕਿਹਾ ਸੀ : 'ਸਭ ਦੁਆਈਆਂ ਕੈਮਿਸਟਾਂ ਦੀ ਦੁਕਾਨ 'ਤੇ ਵਿਕਦੀਆਂ ਹਨ—ਸਰਕਾਰੀ ਹਸਪਤਾਲ ਵਾਲਿਆਂ ਦੁਆਈਆਂ ਦਾ ਉਨ੍ਹਾਂ ਨਾਲ ਹੀ ਤਾਂ ਹਿੱਸਾ ਪੱਤੀ ਕੀਤਾ ਹੁੰਦੈ । ਹੁਣ ਤਾਂ ਬੱਸ ਅੱਗ ਹੀ ਲੱਗ ਗਈ ਸਭ ਕਾਸੇ ਨੂੰ ।"

ਉਸਦੀ ਗੱਲ ਉਤੇ ਮੈਂ ਸਿਰਫ਼ ਸਹਿਮਤੀ ਵਿਚ ਸਿਰਫ ਸਿਰ ਹੀ ਹਿਲਾ ਸਕਿਆ ਸਾਂ ਮੇਰੇ ਸ਼ਬਦ ਮੇਰੇ ਬੁੱਲਾਂ 'ਤੇ ਹੀ ਸੁੱਕ ਗਏ ਸਨ । ਭਰਿਆ ਪੀਤਾ ਉਥੋਂ ਮਾਂ ਨੂੰ ਨਾਲ ਲਈ ਮੈਂ ਕੈਮਿਸਟ ਦੀ ਦੁਕਾਨ 'ਤੇ ਆ ਗਿਆ ਸਾਂ । ਰਲਾ ਮਿਲਾ ਕੇ ਸਾਰੀਆਂ ਦੁਆਈਆਂ ਦਾ ਬਿੱਲ ਤਕਰੀਬਨ ਸੌ ਰੁਪਿਆ ਬਣਿਆ ਸੀ.. ਤੇ ਜਿਵੇਂ ਮੇਰੇ ਸਰੀਰ ਦਾ ਅੱਧਾ ਹਿੱਸਾ ਹੀ ਉਥੇ ਝੜ ਗਿਆ ਸੀ । ਡੇਢ ਡੇਢ ਰੁਪਏ ਦਾ ਕੈਪਸੂਲ, ਤਿੰਨ ਸਾਢੇ ਤਿੰਨ ਰੁਪਏ ਤੋਂ ਘੱਟ ਤਾਕਤ ਦੇ ਟੀਕੇ ਨਹੀਂ ਸਨ । ਸਟਰੈਪਟੋਮਾਈ-ਸੀਨ ਦੇ ਟੀਕੇ ਹੀ ਸਿਰਫ ਨੱਬੇ ਨੱਬੇ ਪੈਸੇ ਵਾਲੇ ਸਨ ।

ਸਾਨੂੰ ਰਾਇ ਦਿਤੀ ਗਈ ਕਿ ਚੰਡੀਗੜ੍ਹ ਮਾਂ ਨੂੰ ਜ਼ਰੂਰ ਦਿਖਾਇਆ ਜਾਣਾ ਚਾਹੀਦਾ ਹੈ । ਉਥੇ ਮਸ਼ੀਨਾਂ ਨਾਲ ਇਲਾਜ ਕੀਤੇ ਜਾਣ ਦੀਆਂ ਬੇਬੇ ਵੀ ਗੱਲਾਂ ਕਰਨ ਲੱਗ ਪਈ ਸੀ ਤੇ ਮੈਂ ਸਹਿਮਤ ਹੁੰਦਾ ਹੋਇਆ ਵੀ ਦੁਪਾਸੜ ਸੋਚਾਂ ਵਿਚ ਪਿਸ ਰਿਹਾ ਸਾਂ ਜਿਵੇਂ ਹਸਪਤਾਲ ਦੀਆਂ ਮਸ਼ੀਨਾਂ ਹੀ ਮੈਨੂੰ ਖਾ ਜਾਣਗੀਆਂ । ਫਿਰ ਵੀ ਮਾਂ ਨੂੰ ਉਥੇ ਲਿਜਾਣਾ ਜ਼ਰੂਰੀ ਸੀ ।

ਕੁਝ ਬੱਸਾਂ ਵਿਚ ਬਹੁਤ ਭੀੜ ਕਰਕੇ ਤੇ ਇਕ ਦੋ ਟਾਈਮ ਮਿੱਸ ਹੋ ਜਾਣ ਕਰਕੇ ਮੈਂ ਘਰ ਬਹੁਤ ਹੀ ਦੇਰ ਨਾਲ ਪਹੁੰਚਿਆ ਸਾਂ । ਸ਼ਾਇਦ ਮਾਂ ਨੇ ਪਹਿਲਾਂ ਹੀ ਅੱਖਾਂ ਅਤੇ ਕੰਨ ਬਾਹਰ ਵਿਹੀ ਵੱਲ ਜੋੜੇ ਹੋਏ ਸਨ । ਤਖ਼ਤੇ ਖੜਕਣ ਦੇ ਨਾਲ ਹੀ ਉਹ ਆਪਣੇ ਕਮਜ਼ੋਰ ਸਰੀਰ 'ਤੇ ਬਲ ਪਾਉਂਦੀ ਉਠ ਰਹੀ ਸੀ । ਉਸ ਨੂੰ ਬੈਠੀ ਹੋਣ ਵਿਚ ਮੱਦਦ ਕਰਦਿਆਂ ਮੈਂ ਬੇਬੇ ਦੇ ਪਿਛੇ ਹੀ ਗੋਡੇ ਦਾ ਸਹਾਰਾ ਦੇ ਕੇ ਬੈਠ ਗਿਆ । ਉਸ ਨੇ ਆਹਿਸਤਾ ਜੇਹੇ ਪਾਸਾ ਭੰਵਾਇਆ—"ਕਿਵੇਂ ਐਂ ਮਾਂ ?" ਸ਼ਬਦ ਹਾਲੇ ਮੇਰੇ ਮੂੰਹ ਵਿਚ ਹੀ ਸਨ ਕਿ ਉਹ ਮੇਰੇ ਮੋਢੇ ਤੋਂ ਬਾਂਹ ਵਲ ਕੇ ਫੁੱਟ ਫੁੱਟ ਰੋਣ ਲੱਗ ਪਈ । ਮੈਂ ਚੁੱਪ ਕੀਤਾ ਧਰਤੀ ਵੱਲ ਤਕਦਾ ਰਿਹਾ । ਛੇਤੀ ਹੀ ਉਸਦਾ ਰੋਣ ਥੰਮ੍ਹਿਆ ਤੇ ਮੈਂ ਵੇਖਿਆ ਕਿ ਉਸਦੇ ਚਿਹਰੇ ਦੇ ਹਾਵ-ਭਾਵ ਬਦਲ ਗਏ ਸਨ । ਉਸਦੇ ਕਮਜ਼ੋਰ ਅਤੇ ਝੁਰੜੀਆਂ ਭਰੇ ਚਿਹਰੇ ਉਤੇ ਰੌਣਕ ਆ ਗਈ ਤੇ ਅੰਦਰ ਵੱਲ ਧਸੀਆਂ ਨਿੱਕੀਆਂ ਅੱਖਾਂ ਮੁਸਕ੍ਰਾਹਟ ਬਖੇਰਦੀਆਂ ਮੇਰੇ ਚਿਹਰੇ 'ਤੇ ਟਿਕ ਗਈਆਂ ਅਤੇ ਉਸਦੇ ਮੋਟੇ ਬੁੱਲ੍ਹਾਂ ਵਿਚ ਕੰਬਣੀ ਜਿਹੀ ਛਿੜ ਪਈ ।

"ਆ ਗਿਆ ਪੁੱਤ ? ਮੈਂ ਆਖਿਆ ਖਬਰੈ ਏਨੀ ਦੇਰ ਕਿਉਂ ਕਰ ਦਿੱਤੀ ?" ਕਿੰਨਾ ਹੀ ਚਿਰ ਮਾਂ ਮੇਰੀ ਪਿੱਠ ਪਲੋਸਦੀ ਰਹੀ—"ਜਦੋਂ ਕਿਤੇ ਜਾਣਾ ਹੋਵੇ ਜਾਂ ਦੇਰ ਨਾਲ ਮੁੜਨਾ ਹੋਵੇ ਦੱਸ ਜਾਇਆ ਕਰ—ਮਗਰੋਂ ਕਾਲਜੇ ਨੂੰ ਡੋਬ ਜੇਹੇ ਪੈਂਦੇ ਰਹਿੰਦੇ ਨੇ ।" ਮਾਂ ਫਿਰ ਗੰਭੀਰ ਹੋ ਗਈ ਸੀ। ਪਲਾਂ ਵਿਚ ਹੀ ਫੇਰ ਹੰਝੂ ਪਰਲ ਪਰਲ ਵਹਿ ਤੁਰੇ ਸਨ । ਉਹ ਨਿਕਿਆਂ ਦੀਆਂ ਸ਼ਿਕਾਇਤਾਂ ਕਰਨ ਲੱਗ ਪਈ, ਜਿਨ੍ਹਾਂ ਬਾਰੇ ਹਮੇਸ਼ਾਂ ਹੀ ਉਸਦਾ ਇਹੋ ਗਿਲਾ ਸੀ : "ਵਿਗੜਦੇ ਜਾਂਦੇ ਨੇ, ਜਾਨ ਤਪਾ

ਛੱਡੀ ਐ— ਇਕ ਪਲ ਮਿਲ ਕੇ ਨਹੀਂ ਬੈਠਦੇ ।" ਇਸ ਤੋਂ ਬਾਅਦ ਮਾਂ ਦੀਆਂ ਸ਼ਿਕਾਇਤਾਂ ਦ ਕੇਂਦਰ-ਬਿੰਦੂ ਮੈਥੋਂ ਛੋਟਾ ਗੁਰਵਿੰਦਰ ਹੁੰਦਾ ਜਿਸ ਨੇ ਇਲਾਜ ਲਈ ਪੈਸੇ ਤਾਂ ਕੀ ਭੇਜਣੇ ਹੋਏ— ਚਿੱਠੀ ਤੱਕ ਵੀ ਨਹੀਂ ਸੀ ਪਾ ਰਿਹਾ । ਮੈਨੂੰ ਹੈਰਾਨੀ ਹੁੰਦੀ ਕਿ ਮਾਂ ਆਪਣੀ ਬੀਮਾਰੀ ਬਾਰੇ ਇੰ ਚਿੰਤੁਤ ਕਦੇ ਨਹੀਂ ਸੀ ਹੋਈ—ਉਸਨੇ ਪਲ ਪਲ ਨੇੜੇ ਆ ਰਹੀ ਮੌਤ ਬਾਰੇ ਕਦੇ ਰੋਣਾ ਨਹੀਂ ਸ ਰੋਇਆ । ਉਸ ਨੂੰ ਹਮੇਸ਼ਾਂ ਟੱਬਰ ਦਾ ਫ਼ਿਕਰ ਰਿਹਾ ਸੀ, ਜੋ ਉਸਦੇ ਜਿਉਂਦੇ ਜੀਅ ਹੀ ਰੇਤੇ ਮਹਿਲ ਵਾਂਗ ਕਿਰਦਾ ਜਾ ਰਿਹਾ ਸੀ । ਬੱਸ ਉਹ ਤਾਂ ਪਰਿਵਾਰ ਦੀ ਚਿੰਤਾ ਵਿਚ ਘੁਲ ਘੁ ਮਰਦੀ ਜਾ ਰਹੀ ਸੀ— ਸ਼ਾਇਦ ਇਹੋ ਉਸਦੀ ਬੀਮਾਰੀ ਸੀ ।

"ਤੇਰਾ ਕੀ ਹਾਲ ਐ ਮਾਂ ?" ਮੈਂ ਗੱਲਾਂ ਦਾ ਰੁਖ ਮੋੜਨ ਦੇ ਖਿਆਲ ਨਾਲ ਹੀ ਆਖਦ ਹੁੰਦਾ ਸਾਂ "ਆਪ ਮਰੇ ਜੱਗ ਪਰਲੋ"—ਪਰ ਮਾਂ ਨੇ ਕਦੇ ਵੀ ਇਸ ਅਖਾਣ ਉਤੇ ਭਰੋਸਾ ਨਹੀ ਕੀਤਾ । ਮਾਂ ਦੀਆਂ ਅੱਖਾਂ ਡੁੱਬ ਗਈਆਂ ਅਤੇ ਉਸਦਾ ਰੰਗ ਪੀਲਾ ਪੈ ਗਿਆ । ਉਹ ਹੱਥਾਂ ਦੇ ਨ ਵੇਖਦੀ ਸੋਚਾਂ ਵਿਚ ਡੂੰਘੀ ਉਤਰ ਗਈ ਲਗਦੀ ਸੀ ਅਤੇ ਉਸਦੇ ਜਬਾੜੇ ਹੋਰ ਵੀ ਅੰਦਰ ਵੱ ਧਸੇ ਲਗਦੇ ਸਨ । ਚਿਹਰੇ ਉੱਤੇ ਵਿਛੇ ਕਾਲੇ ਸੰਘਣੇ ਭਰਵੱਟਿਆਂ ਵਿਚਕਾਰ ਲੁਕੀਆਂ ਨਿੱਕੀਆ ਕਾਲੀਆਂ ਅੱਖਾਂ ਤੋਂ ਬਿਨਾਂ ਕੁਝ ਵੀ ਸਾਫ਼ ਨਹੀਂ ਸੀ ਜਾਂ ਚੁੰਨੀ ਦੇ ਲੜ ਵਿਚੋਂ ਬਾਹਰ ਆਈਆ ਕਾਲੀਆਂ ਜਟੂਰੀਆਂ; ਜਿਨ੍ਹਾਂ ਵਿਚੋਂ ਕੋਈ ਕੋਈ ਸਫ਼ੇਦ ਵਾਲ ਲਿਸ਼ਕ ਰਿਹਾ ਸੀ । ਮਾਂ ਨੇ ਡੂੰਘ ਹਉਕਾ ਭਰਕੇ ਹਸਰਤ ਭਰੀਆਂ ਨਜ਼ਰਾਂ ਨਾਲ ਮੇਰੀਆਂ ਅੱਖਾਂ ਵਿਚ ਵੇਖਿਆ ਸੀ । ਉਸ ਦੀਆ ਨਜ਼ਰਾਂ ਵਿਚ ਮੌਤ ਦੀਆਂ ਪਰਛਾਈਆਂ ਦਾ ਡੇਰਾ ਸੀ ।

"ਪੁੱਤ ਵੇ ! ਤੂੰ ਮੇਰੀ ਆਤਮਾ ਨਾ ਠਾਰੀ । ਪੋਤਿਆਂ ਨੂੰ ਖਿਡਾਉਣ ਦਾ ਮੇਰਾ ਚਾਅ ਪੂਰਾ ਕ ਦਿੰਦਾ......" ਉਸ ਤੋਂ ਅੱਗੇ ਮਾਂ ਤੋਂ ਬੋਲਿਆ ਨਾ ਗਿਆ - ਸ਼ਾਇਦ ਸ਼ਬਦਾਂ ਨਾਲ ਹੀ ਜਾਂ ਡੱ ਰੱਖੇ ਰੋਣ ਨਾਲ ਉਸਦਾ ਗਲਾ ਭਰ ਗਿਆ ਸੀ । ਤਰ ਅੱਖਾਂ ਨਾਲ ਉਹ ਮੇਰੀ ਦਾਹੜੀ ਵੱਲ ਵੇ ਰਹੀ ਸੀ—ਸ਼ਾਇਦ ਇਸ ਕਰਕੇ ਕਿ ਵੱਡਾ ਹੁੰਦਾ ਜਾ ਰਿਹਾ ਸਾਂ ਜਾਂ ਵਿਆਹ ਕਰਾਉਣ ਦੀ ਉਮ ਬੀਤਦੀ ਜਾਂਦੀ ਸੀ—"ਆਖੇ ਲੱਗ ਮੇਰਾ ਪੁਤ ਬਣਕੇ, ਮੇਰੇ ਬੈਠੀ ਬੈਠੀ . !" ਮਾਂ ਨੇ ਕਿੰਨਾ ਚਿ ਆਪਣੀ ਕਮਜ਼ੋਰ ਬਾਂਹ ਮੇਰੇ ਮੋਢੇ 'ਤੇ ਸੁੱਟੀ ਰਖੀ ।

ਜਵਾਬ ਬੇਸ਼ੱਕ ਮੈਂ ਨਾ ਦਿੱਤਾ ਪਰ ਮੇਰੇ ਖਿਆਲ ਬੜੀ ਤੇਜ਼ੀ ਨਾਲ ਦੌੜ ਰਹੇ ਸਨ । ਸ ਤੋਂ ਪਹਿਲਾਂ ਮੇਰੇ ਸਾਮ੍ਹਣੇ ਸਾਰੇ ਭੈਣਾਂ ਭਰਾਵਾਂ ਨੂੰ ਪੜ੍ਹਾਉਣ ਦੀ ਸਮੱਸਿਆ ਸੀ । ਜੇ ਮੈਂ ਹੱ ਪਿਛਾਂਹ ਖਿੱਚ ਲੈਂਦਾ ਤਾਂ ਉਨ੍ਹਾਂ ਦੀ ਜ਼ਿੰਦਗੀ ਜ਼ਰੂਰ ਰੁਲ ਜਾਣੀ ਸੀ । ਗੁਰਵਿੰਦਰ ਵਾਂਗ ਮੈਂ ਨ ਕਰ ਸਕਿਆ, ਭਾਵੇਂ ਅਕੇਵੇਂ ਦੀ ਹੱਦ ਤੱਕ ਸੋਚਦਿਆਂ ਇਸ ਝੰਜਟ 'ਚੋਂ ਖਹਿੜਾ ਛੁਡਾਉਣ ਲਈ ਤਰਲੋ ਮੱਛੀ ਹੋਇਆ ਸਾਂ, ਪਰ ਜਦੋਂ ਹੀ ਮੈਨੂੰ ਪਤਾ ਲਗਦਾ ਕਿ ਬਾਪੂ ਸੱਥ ਵਿਚ ਮੇਰੀ ਉਪਮ ਕਰਦਾ ਹੈ, ਮੈਂ ਪਰਿਵਾਰਕ ਨਿਯਮਾਂ ਨਾਲ ਹੋਰ ਕਸ ਕੇ ਬੱਝ ਜਾਂਦਾ ਰਿਹਾ ਜਿਸ ਵਿਚੋਂ ਮੈਨੂੰ ਬੇਅੰਤ ਤਸੱਲੀ ਮਿਲਦੀ ਰਹੀ ਸੀ ।

"ਮਾਂ ਨਾਤ੍ਹੀ ਨਹੀਂ ਅੱਜ ?" ਬੇਸ਼ੱਕ ਮੈਨੂੰ ਪਤਾ ਲੱਗ ਗਿਆ ਸੀ ਕਿ ਮਾਂ ਹਫ਼ਤੇ ਤੋਂ ਹੀ ਨਹੀਂ ਨਾਤ੍ਹੀ, ਫਿਰ ਵੀ ਮੈਂ ਪੁੱਛ ਲਿਆ ਸੀ, ਹਾਲਾਂ ਕਿ ਮੈਨੂੰ ਪਤਾ ਸੀ ਕਿ ਬੇਬੇ ਨੇ ਉਹੀਓ ਜਵਾਬ ਦੇਣ ਸੀ : ਬੱਚਿਆ !" ਮਾਂ ਦੀ ਆਵਾਜ਼ ਅਸਲੋਂ ਡੁਬ-ਡੁਬਾ ਜਾਂਦੀ ਸੀ, ਮੱਥੇ ਦੀ ਸੁੱਕੀ ਚਮੜੀ ਵੀ ਨਿਰੀਆਂ ਤਿਊੜੀਆਂ ਵਿਚ ਵਟ ਜਾਂਦੀ ਸੀ—"ਅਹੁ ਬਹਿਆ ਤਾਂ ਤੀਵੀਆਂ ਕੋਲ ਕਹਿੰਦੀ ਐ



ਬਈ ਮੇਰੇ ਪਿੰਡੇ 'ਚੋਂ ਉਹਨੂੰ ਮੁਸ਼ਕ ਆਉਂਦੀ ਐ" । "ਉਹਨੂੰ" ਸ਼ਬਦ ਦਾ ਉਚਾਰਨ ਕਰਦਿਆਂ ਮਾਂ ਦੀ ਬਾਂਹ ਅੰਦਰ ਵੱਲ ਇਸ਼ਾਰਾ ਕਰ ਰਹੀ ਸੀ ਜਿਥੇ ਸ਼ਾਇਦ ਗੁਰਵਿੰਦਰ ਦੀ ਵਹੁਟੀ ਆਪਣੇ ਬੱਚਿਆਂ ਦੀਆਂ ਗੁੱਤਾਂ ਕਰ ਰਹੀ ਸੀ । "ਕਹਿੰਦੀ ਐ ਬਈ ਮੇਰੀ ਬਿਮਾਰੀ ਉਹਨੂੰ ਲਗਦੀ ਜਾਂਦੀ ਹੈ—ਕੁੜੀ ਐਤਵਾਰ ਨੂੰ ਵਿਹਲੀ ਹੋਊ—ਨਾਲੇ ਨਵ੍ਹਾ ਦਿਊ ਨਾਲੇ ਕੱਪੜੇ ਧੋ ਦਿਊਗੀ ।" ਮਾਂ ਦਾ ਹਰ ਸ਼ਬਦ ਗੁਰਵਿੰਦਰ ਅਤੇ ਉਸਦੀ ਵਹੁਟੀ ਪ੍ਰਤੀ ਨਫ਼ਰਤ ਨਾਲ ਭਰਿਆ ਪਿਆ ਸੀ ।

"ਜੇ ਦੂਜੀ ਇਸਤੋਂ ਵੀ ਚਾਰ ਰੱਤੀਆਂ ਵੱਧ ਨਿਕਲੀ ।" ਕਹਿਣ ਨੂੰ ਭਾਵੇਂ ਮੈਂ ਇਹੋ ਕਿਹਾ ਪਰ ਅੰਦਰੋਂ ਬਿਲਕੁਲ ਇਸ ਤੋਂ ਉਲਟ ਸੋਚਦਾ ਰਿਹਾ—" ਖਾਸ ਹਾਲਤਾਂ ਵਿਚ ਕੋਈ ਦੂਜੇ ਦੀ ਬੀਮਾਰੀ ਤੋਂ ਡਰ ਸਕਦਾ ਹੈ.. ਗੁਰਵਿੰਦਰ ਵੀ ਜੇਕਰ ਪਰਿਵਾਰਕ ਨਿਯਮਾਂ ਦੀ ਬੀਮਾਰੀ ਤੋਂ ਚਲਦਾ ਹੈ ਤਾਂ ਸ਼ਾਇਦ ਉਹ ਬੇਕਸੂਰ ਹੀ ਹੋਵੇ, ਕੀ ਪਤਾ ਮੈਂ ਹੀ ਕਸੂਰਵਾਰ ਹੋਵਾਂ । ਇਸ ਉਮਰ ਵਿਚ ਹੀ ਇਕ ਪਰਿਵਾਰ ਪਾਲਣਾ ਪੈ ਰਿਹਾ ਹੈ—ਠੀਕ ਹੈ ਬਾਪੂ ਤੋਂ ਹੁਣ ਕੰਮ ਨਹੀਂ ਹੁੰਦਾ—ਖਾਣ ਜੋਗੇ ਦਾਣੇ ਵੀ ਮਸਾਂ ਆਉਂਦੇ ਨੇ.. ਮੈਨੂੰ ਵਿਆਹ ਕਰਾ ਕੇ ਸੁਖ ਦਾ ਜੀਵਨ ਬਿਤਾਉਣਾ ਹੀ ਚਾਹੀਦਾ ਹੈ—ਗੁਰਵਿੰਦਰ ਠੀਕ ਹੈ ਅਲਹਿਦਾ ਹੋ ਗਿਆ— ਐਸ਼ ਕਰਦਾ ਹੈ.. ਉਹ ਕਿੱਡਾ ਫ਼ਾਇਦੇ 'ਚ ਜਾ ਰਿਹਾ ਹੈ ਆਪਣਾ ਸਭ ਕੁਝ ਬਣਾ ਰਿਹਾ ਹੈ—ਪਰ ਭੈਣਾਂ ਭਰਾਵਾਂ ਦੀ ਪੜ੍ਹਾਈ, ਉਨ੍ਹਾਂ ਦਾ ਭਵਿੱਖ ....।"

ਅੱਜ ਵੀ ਮੈਨੂੰ ਬੇਬੇ ਕਿਸੇ ਗੁਆਂਢਣ ਨਾਲ ਗੱਲਾਂ ਕਰਦੀ ਵਿਖਾਈ ਦਿੰਦੀ ਹੈ—ਕਦੇ ਖ਼ਿਆਲਾਂ ਵਿਚ ਕਦੇ ਸੁਪਨੇ ਵਿਚ— ਜਿਵੇਂ ਉਸ ਦਿਨ ਉਹ ਗੁਆਂਢ 'ਚੋਂ ਲਗਦੀ ਮੇਰੀ ਤਾਈ ਨਾਲ ਕਰ ਰਹੀ ਸੀ : " ਆਪ ਵੇਖਲੈ ਕਿਵੇਂ ਪਹਿਨੀ ਪੱਚਰੀ ਰਹਿੰਦੀ ਐ...ਅੱਡ ਵਿੱਢ ਐ ਤਾਂ ਕੀ ਬਿਮਾਰ ਬੰਦੇ ਦੀ ਖ਼ਬਰ ਸਾਰ ਨਈਂ ਲੈਂਦਾ ਕੋਈ—ਉਹਦੀ ਗੁਰਵਿੰਦਰ ਮਾਰੇ ਦੀ ਚਿੱਠੀ ਆਈ ਐ—ਟੁੱਟ ਜੇ ਹੱਥ ਜੇ ਮੇਰੇ ਬਾਰੇ ਇਕ ਵੀ ਅੱਖਰ ਲਿਖਿਆ ਹੋਵੇ—ਮਾਂ ਪੁੱਤ ਸੌ ਵਾਰੀ ਲੜਦੇ ਐ, ਪਰ ਐਂ ਤਾਂ ਨੀ ਹੁੰਦਾ ਬਈ ਕੋਈ ਮਰਦੇ ਦੀ ਖ਼ਬਰ ਵੀ ਨਾ ਲਵੇ"— ਬੇਬੇ ਦੇ ਚਿਹਰੇ ਦੇ ਹਾਵ ਭਾਵ ਉਸਦੀ ਹਰ ਗੱਲ ਦੇ ਭਾਵਾਂ ਮੁਤਾਬਕ ਬਦਲ ਰਹੇ ਸਨ । ਕਦੇ ਉਸਦੀ ਕਮਜ਼ੋਰ ਬਾਂਹ ਉਪਰ ਉਠਦੀ ਤੇ ਥਾਏਂ ਰੁਕੀ ਰਹਿੰਦੀ ਜਿਵੇਂ ਲੱਕੜ ਦੀ ਹੋਵੇ । ਕਦੇ ਭਰਵੱਟੇ ਉਪਰ ਹੇਠਾਂ ਹੁੰਦੇ ਕਦੇ ਅੱਖਾਂ ਚੌੜੀਆਂ ਅਤੇ ਕਦੇ ਹੋਰ ਵੀ ਨਿੱਕੀਆਂ ਹੋ ਜਾਂਦੀਆਂ—" ਮਰੀ ਮਗਰੋਂ ਭਾਵੇਂ ਘਿਉ ਦੇ ਘੜੇ ਮੁਧਾ ਦੇਵੇ ਮੈਨੂੰ ਕੀ ਰੇਜ ਭੈਣੇ"—ਬੇਬੇ ਦੇ ਦੋਵੇਂ ਹੱਥ ਤਾਈ ਦੇ ਸਾਮ੍ਹਣੇ ਫੈਲੇ ਹੋਏ ਸਨ ਤੇ ਫਿਰ ਉਸਨੇ ਹੱਥ ਗੋਡਿਆਂ 'ਤੇ ਟਿਕਾ ਲਏ ਸਨ— "ਜਿਉਂਦਾ ਰਹੇ ਮੇਰਾ ਤਾਂ ਅਹੁ ਸ਼ੇਰ"— ਹੱਥ ਦਾ ਇਸ਼ਾਰਾ ਮੇਰੇ ਵੱਲ ਸੀ ਭਾਵੇਂ ਗੁੱਟ ਹਾਲੇ ਵੀ ਗੋਡੇ 'ਤੇ ਹੀ ਟਿਕਿਆ ਹੋਇਆ ਸੀ— "ਬੁੱਕਾਂ ਦੇ ਬੁੱਕ ਰੋੜ੍ਹੀ ਜਾਂਦੈ ਦੁਆਈਆਂ 'ਤੇ—ਕਦੇ ਸੰਤਰੇ ਲਿਆ' ਕੇ ਦਿੰਦੈ ਕਦੇ ਸਿਓ—; ਨਹੀਂ ਮੈਂ ਇੰਨਾ ਚਿਰ ਕਿਵੇਂ ਕਟਦੀ ਭੈਣੇ !" ਬੇਬੇ ਉਈਂ ਵਿੱਸੀ ਪਈ ਸੀ—ਸੁੱਕੀਆਂ ਗੱਲ੍ਹਾਂ ਤੋਂ ਹੰਝੂ ਘਰਾਲੀਂ ਵਗ ਰਹੇ ਸਨ । ਬੇਬੇ ਦੀ ਆਤਮਾ ਕੂਕ ਕੂਕ ਕਹਿੰਦੀ ਸੀ ਕਿ ਗੁਰਵਿੰਦਰ ਦੀ ਚਿੱਠੀ ਆਵੇ ਉਸ ਦੀ ਖੈਰ ਸੁੱਖ ਪੁੱਛੀ ਹੋਵੇ ਜਾਂ ਉਹ ਆਪ ਉਸਦਾ ਪਤਾ ਲੈਣ ਆਵੇ । ਅਸੀਂ ਫੇਰ ਇਕ ਮਿੱਕ ਹੋ ਜਾਈਏ ਤੇ ਸਾਰਾ ਪਰਿਵਾਰ ਫਿਰ ਇਕੋ ਲੜੀ ਵਿਚ ਪਰੋਇਆ ਜਾਵੇ ।

—"ਇਹ ਵਿਚਾਰਾ ਕੀ ਕੀ ਕਰੇ ?" ਤਾਈ ਨੂੰ ਬੋਲਣ ਦਾ ਬਹੁਤ ਘੱਟ ਮੌਕਾ ਦਿੰਦੀ ਸੀ, ਬੇਬੇ । —ਏਸੇ ਦੀ ਤਾਂ ਚਮੜੀ ਨਈ੍ਹ ਚੂੰਡਣੀ- ਫੇਰ ਵੀ ਸਾਰਾ ਭਾਰ ਚੁੱਕੀ ਫਿਰਦੈ ਘਰ ਦਾ ।"

ਮੈਂ ਸੋਚਣ ਲੱਗਾ ਹੋਇਆ ਸਾਂ ਕਿ ਇਸ ਵਿਚ ਤਾਂ ਬਿਲਕੁਲ ਹੀ ਕੋਈ ਸ਼ੱਕ ਸ਼ੁਭਾ ਨਹੀਂ ਸੀ ਕਿ ਜੇਕਰ ਮੈਂ ਵੀ ਗੁਰਵਿੰਦਰ ਦੀ ਤਰ੍ਹਾਂ ਸੋਚਦਾ ਤਾਂ ਆਪਣਾ ਕੁਝ ਬਣਾ ਸਕਦਾ ਸਾਂ ਤੇ ਸ਼ਾਇਦ ਐਸ਼ ਆਰਾਮ ਦੀ ਜ਼ਿੰਦਗੀ ਬਸਰ ਕਰ ਰਿਹਾ ਹੁੰਦਾ ; ਪਰ ਬੇਬੇ ਬਾਪੂ ਤੋਂ ਗ੍ਰਹਿਣ ਕੀਤੀ ਅਸੂਲ ਮਰਿਆਦਾ ਜ਼ਰੂਰ ਕਤਲ ਹੋ ਜਾਣੀ ਸੀ— ਨਿਕਿਆਂ ਦੀ ਜ਼ਿੰਦਗੀ ਰੁਲ ਜਾਣੀ ਸੀ—ਹੁਣ ਤਾਂ ਮੇਰਾ ਭਾਰ ਵੀ ਹੌਲਾ ਹੋ ਜਾਣਾ ਸੀ । ਬਲਬੀਰ ਦਸਵੀਂ ਕਰਕੇ ਆਈ. ਟੀ. ਆਈ. ਵਿਚ ਦਾਖ਼ਲ ਹੋ ਗਿਆ ਸੀ— ਰੇਡੀਓ ਮਕੈਨਿਕੀ ਦੇ ਕੋਰਸ ਲਈ । ਭੈਣ ਸਤਵੰਤ ਨੌਵੀਂ ਵਿਚ ਚੜ੍ਹ ਗਈ ਸੀ ਅਤੇ ਉਸਤੋਂ ਛੋਟੀ ਗੁਰਦੇਵ ਅੱਠਵੀਂ ਵਿਚ । ਦੋ ਸਾਲ ਸਕੂਲ ਛੱਡੀ ਰੱਖਣ ਮਗਰੋਂ ਬਲਬੀਰ ਤੋਂ ਛੋਟਾ ਜਸਬੀਰ ਵੀ ਅੱਠਵੀਂ ਵਿਚ ਦੁਬਾਰਾ ਦਾਖ਼ਲ ਹੋ ਗਿਆ ਸੀ ।

ਬੇਬੇ ਦੀ ਬੀਮਾਰੀ ਦਿਨ ਬਦਿਨ ਜ਼ੋਰ ਫੜਦੀ ਜਾਂਦੀ ਸੀ । ਮੈਂ ਬਾਪੂ ਨੂੰ ਪੰਜ ਸੌ ਰੁਪਏ ਦਾ ਇੰਤਜ਼ਾਮ ਕਰਕੇ ਚੰਡੀਗੜ੍ਹ ਨੂੰ ਤੋਰ ਦਿਤਾ । ਬੇਬੇ ਹੁਣ ਚੰਡੀਗੜ੍ਹ ਜਾਣਾ ਨਹੀਂ ਸੀ ਚਾਹੁੰਦੀ— ਸ਼ਾਇਦ ਉਸਨੂੰ ਖਤਰਾ ਹੀ ਇਹੋ ਸੀ ਕਿ ਹਸਪਤਾਲ ਨੇ ਸਾਡੇ ਘਰ ਦੀਆਂ ਕੰਧਾਂ ਵੀ ਖਾ ਲੈਣੀਆਂ ਸਨ । ਤਿੰਨ ਮਹੀਨੇ ਬੇਬੇ ਦਾ ਪੀ.ਜੀ. ਆਈ. ਹਸਪਤਾਲ ਵਿਚ ਇਲਾਜ ਚਲਦਾ ਰਿਹਾ । ਜਦ ਉਹ ਵਾਪਸ ਆਈ ਸੀ ਤਾਂ ਸਾਡੀ ਖੁਸ਼ੀ ਵਿਚ ਸਾਰਾ ਪਿੰਡ ਸ਼ਰੀਕ ਹੋਇਆ ਸੀ । ਉਹ ਰਾਜ਼ੀ ਹੋ ਗਈ ਸੀ ਪਰ ਦੁਆਈਆਂ ਦਾ ਚੱਕਰ ਹੋਰ ਢਾਈ ਸਾਲ ਚੱਲਣਾ ਸੀ । ਦੁੱਧ, ਅੰਡੇ ਅਤੇ ਮੀਟ ਦੀ ਤਾਕਤ ਦੇਣ ਵਾਲੀ ਖੁਰਾਕ ਜ਼ਰੂਰੀ ਸੀ, ਨਹੀਂ ਤਾਂ ਬੀਮਾਰੀ ਫਿਰ ਜਾਗ ਸਕਦੀ ਸੀ ।

ਫਿਰ ਉਹ ਮਨਹੂਸ ਦਿਨ, ਜਿਸ ਦਿਨ ਬੇਬੇ ਨੂੰ ਭਤੀਜੀ ਦੇ ਵਿਆਹ 'ਤੇ ਗਰਮ ਜਲੇਬੀਆਂ ਖਵਾ ਦਿਤੀਆਂ ਸਨ ਤੇ ਉਨ੍ਹਾਂ ਦਿਨਾਂ ਵਿਚ ਹੀ ਸ਼ਾਇਦ ਤੰਗੀ ਤੁਰਸ਼ੀ ਤੋਂ ਮਜਬੂਰ ਬਲਬੀਰ ਨੇ, ਜਦੋਂ ਕਿ ਕੋਰਸ ਦੇ ਦੌਰਾਨ ਉਹ ਨਾਨਕੀਂ ਰਹਿੰਦਾ ਹੁੰਦਾ ਸੀ - ਮਾਮੇ ਦੀ ਧੀ ਦੀਆਂ ਟੂੰਬਾਂ ਚੁਰਾ ਕੇ ਵੇਚ ਦਿੱਤੀਆਂ ਸਨ, ਤੇ ਜਿਸ ਦਿਨ ਬੇਬੇ ਨੇ ਖ਼ਬਰ ਸੁਣਦੇ ਸਾਰ ਅੰਦਰ ਵੜ ਕੇ ਢਿੱਡ ਵਿਚ ਮੁੱਕੀਆਂ ਮਾਰ ਲਈਆਂ ਸਨ, ਜਿਸ ਨਾਲ ਉਸਦੀਆਂ ਰਾਜ਼ੀ ਹੋ ਰਹੀਆਂ ਅੰਤੜੀਆਂ ਵਿਚ ਫਿਰ ਸੋਜ ਆ ਗਈ ਸੀ—ਸਾਡੇ ਪਰਿਵਾਰ 'ਤੇ ਕਹਿਰ ਵਾਂਗ ਟੁੱਟਿਆ । ਕਹਿੰਦੇ ਨੇ ਬਲਬੀਰ ਜੇਕਰ ਉਥੋਂ ਨੱਠ ਨਾ ਆਉਂਦਾ ਤਾਂ ਮਾਮੇ ਦੇ ਪੁੱਤ ਉਸਨੂੰ ਖਤਮ ਕਰ ਦਿੰਦੇ । ਤਪਦਿਕ ਦੇ ਰੋਗ ਵਾਂਗ ਇਸ ਦੁੱਖ ਨੂੰ ਵੀ ਮਾਂ ਨੇ ਪੇਟ ਵਿਚ ਸਾਂਭ ਲਿਆ ਸੀ । ਉਸ ਦੀ ਹਾਲਤ ਪਹਿਲਾਂ ਨਾਲੋਂ ਵੀ ਬਦਤਰ ਹੋ ਗਈ ਸੀ ।

ਮੈਂ ਉਸ ਦਿਨ ਕਿਧਰੇ ਬਾਹਰ ਜਾਣਾ ਸੀ—ਮਜਬੂਰੀ ਸੀ । ਬੇਬੇ ਨੂੰ ਦੁਬਾਰਾ ਚੰਡੀਗੜ੍ਹ ਵਿਖਾਉਣ ਵੀ ਜਾਣਾ ਸੀ । ਤਨਖ਼ਾਹ ਵੀ ਹਾਲੇ ਨਹੀਂ ਸੀ ਮਿਲਣੀ । ਦੋ ਚਹੁੰ ਵਾਕਫ਼ਾਂ ਤੋਂ ਹੱਥ ਉਧਾਰ ਪੰਜ ਕੁ ਸੌ ਰੁਪਏ ਫੜੇ ਤੇ ਬਾਪੂ ਦੇ ਹੱਥ 'ਤੇ ਲਿਆ ਰੱਖੇ । ਜਦੋਂ ਵਾਪਸ ਆਇਆ ਤਾਂ ਬੇਬੇ ਲਈ ਠਲ੍ਹੇਵਾਲ ਦੇ ਕਿਸੇ ਸਾਧ ਤੋਂ ਪੁੜੀਆਂ ਲਿਆਂਦੀਆਂ ਗਈਆਂ ਸਨ । ਭਾਵੇਂ ਮੈਂ ਇਸਦੇ ਹੱਕ ਵਿਚ ਨਹੀਂ ਸਾਂ ਫਿਰ ਵੀ ਮੇਰੀ ਚੁੱਪ ਸਹਿਮਤੀ ਵਰਗੀ ਸੀ ।

ਵਾਢੀ ਦੇ ਦਿਨ ਸਨ । ਕਣਕ ਭੁਰਨ 'ਤੇ ਆਈ ਹੋਈ ਸੀ । ਛੋਲੇ ਤੇ ਸਰ੍ਹੋਂ ਬਾਪੂ ਨੇ ਘਰ ਦੇ ਮੁੰਡੇ ਕੁੜੀਆਂ ਨੂੰ ਨਾਲ ਲੈ ਕੇ ਹੀ ਕੱਠੇ ਕਰ ਲਏ ਸਨ । ਅਗਲੇ ਦਿਨ ਮੈਨੂੰ ਡੀ. ਈ. ਓ ਦੇ ਦਫ਼ਤਰ ਜਾਣਾ ਪੈਣਾ ਸੀ ਕਿਉਂਕਿ ਹੈਡ ਮਾਸਟਰ ਨੇ ਰੈੱਡ ਕਰਾਸ ਦੀ ਜ਼ਰੂਰੀ ਮੀਟਿੰਗ ਲਈ ਮੇਰਾ ਨਾਂ ਭੇਜ ਦਿੱਤਾ ਸੀ । ਰੈੱਡ ਕਰਾਸ ਦੇ ਨਾਂ ਤੋਂ ਵੀ ਭਾਵੇਂ ਮੈਨੂੰ ਇਕ ਵਾਰ ਖਿਝ ਜੇਹੀ ਆਈ ।

 ਰਰਜਣਾ

ਮੇਰੀ ਅੰਦਰ-ਆਤਮਾ ਇਸ ਮੀਟਿੰਗ ਨੂੰ ਸਿਰਫ ਰਸਮੀ ਕਾਰਵਾਈ ਤੋਂ ਬਿਨਾਂ ਕੁਝ ਨਹੀਂ ਸੀ ਸਮਝ ਰਹੀ—ਸ਼ਾਇਦ ਮਾਂ ਦੀ ਬੀਮਾਰੀ ਦੇ ਗਹਿਰੇ ਦੁੱਖ ਦਾ ਹੀ ਪ੍ਰਭਾਵ ਸੀ । ਮੇਰੇ ਕੋਲ ਸਿਰਫ਼ ਇਕੋ ਦਲੀਲ ਸੀ ਕਿ ਰੈੱਡ ਕਰਾਸ ਸੁਸਾਇਟੀ ਦਾ ਮੇਰੀ ਮਾਂ ਨੂੰ ਕੋਈ ਲਾਭ ਨਹੀਂ । ਫਿਰ ਵੀ ਮੈਂ ਮੀਟਿੰਗ ਵਿਚ ਚਲਾ ਗਿਆ ਸਾਂ ।

ਮੈਂ ਚਲਾ ਗਿਆ ਸਾਂ । ਘਰੋਂ ਤੁਰਦੇ ਵਕਤ ਮਾਂ ਸ਼ਾਇਦ ਸੁੱਤੀ ਹੋਈ ਸੀ ਜਾਂ ਉਂਝ ਹੀ ਅੱਖਾਂ ਮੀਟੀ ਪਈ ਸੀ । ਮੈਂ ਉਸ ਨੂੰ ਜਗਾਉਣਾ ਠੀਕ ਨਾ ਸਮਝਿਆ । ਕਿੰਨੇ ਦਿਨਾਂ ਬਾਅਦ ਉਸਨੂੰ ਇਉਂ ਆਰਾਮ ਨਾਲ ਪਿਆਂ ਵੇਖਕੇ ਮੈਂ ਸਮਝਿਆ ਸੀ ਕਿ ਉਸਨੂੰ ਦਰਦ ਨਹੀਂ ਹੋ ਰਿਹਾ ਜਾਂ ਦਰਦ ਦੀ ਨਪੀੜੀ ਮਧਹੋਸ਼ੀ ਦੀ ਹਾਲਤ ਵਿਚ ਪਈ ਹੈ ਜੇ ਜਗਾ ਲਿਆ ਤਾਂ ਫਿਰ ਕਿਤੇ ਮਾਂ ਦਾ ਦਰਦ ਹੀ ਨਾ ਜਾਗ ਪਵੇ । ਬੱਸ ਵਿਚ ਬੈਠਿਆਂ ਮਾਂ ਦੇ ਬੋਲ ਵਾਰ ਵਾਰ ਯਾਦ ਆਉਂਦੇ ਰਹੇ— ''ਜਦੋਂ ਕਿਤੇ ਜਾਇਆ ਕਰੇਂ, ਮੈਨੂੰ ਦੱਸ ਜਾਇਆ ਕਰ—ਮਗਰੋਂ ਚਿਤਵਣੀ ਲੱਗੀ ਰਹਿੰਦੀ ਹੈ ।'' ਠੀਕ ਇਸੇ ਨੂੰ ਮਾਂ ਆਂਦਰਾਂ ਦਾ ਵਲੇਂਝ ਕਿਹਾ ਕਰਦੀ ਸੀ, ਤਦ ਹੀ ਉਸਨੂੰ ਮੇਰਾ ਫ਼ਿਕਰ ਰਹਿੰਦਾ ਸੀ ।

ਅਗਲੇ ਦਿਨ ਜਦ ਘਰ ਵਾਪਸ ਆਇਆ ਤਾਂ ਘਰ ਸੁੰਨਾ ਸੁੰਨਾ ਸੀ । ਭੈਣ ਸਤਵੰਤ ਪੀਹਣ ਕਰ ਰਹੀ ਸੀ । ਛੱਜ ਨਾਲ ਕਣਕ 'ਚੋਂ ਉਡੀ ਗਰਦ ਉਸਦੀਆਂ ਪਲਕਾਂ 'ਤੇ ਜੰਮੀ ਹੋਈ ਸੀ ਅਤੇ ਚੁੰਨੀ ਦੇ ਲੜ ਨਾਲ ਉਸ ਨੇ ਨੱਕ ਢਕਿਆ ਹੋਇਆ ਸੀ ।

''ਸਤਵੰਤ, —ਬੇਬੇ ?'' ਮੇਰਾ ਅੰਦਰ ਕੰਬ ਰਿਹਾ ਸੀ । ਸਤਵੰਤ ਨੇ ਕੋਈ ਜਵਾਬ ਨਹੀਂ ਦਿੱਤਾ । ਪੀਹਣ ਵਿਚਕਾਰ ਛੱਡ ਕੇ ਉਹ ਮੇਰੇ ਮੋਢੇ 'ਤੇ ਸਿਰ ਰੱਖ ਕੇ ਫੁੱਟ ਪਈ । ਹੌਲੀ ਹੌਲੀ ਉਸਤੋਂ ਪਤਾ ਲੱਗਾ ਕਿ ਸਾਧ ਦੀਆਂ ਪੁੜੀਆਂ ਨਾਲ ਸੁੱਕੇ ਬੱਤ ਲੱਗ ਗਏ ਸਨ ਤੇ ਪੇਟ ਇਕ ਦਮ ਸੁੱਜ ਗਿਆ ਸੀ ਕਿ ਸਾਹ ਲੈਣਾ ਵੀ ਔਖਾ ਸੀ ।

''ਅੱਛਾ ਮੈਂ ਵੀ ਚੰਡੀਗੜ੍ਹ ਨੂੰ ਜਾਨਾਂ ਗੁੱਡੀ ।'' ਮੇਰੇ ਅੰਦਰ ਇਕ ਤੂਫ਼ਾਨ ਝੁੱਲਿਆ ਹੋਇਆ ਸੀ । ਟਰੰਕ ਵਿਚੋਂ ਮੈਂ ਦੂਜਾ ਸੂਟ ਕੱਢਿਆ । ਪਾਉਣ ਲੱਗਾ ਹੀ ਸੀ ਕਿ ਮੈਂ ਸਤਵੰਤ ਤੋਂ ਪੁੱਛਿਆ :
''ਬਲਬੀਰ ਅੰਬੋ ਕਿਥੇ ਐ ?''

''ਉਹ ਕਿਸੇ ਮੁੰਡੇ ਦਾ ਪਤਾ ਕਰਨ ਗਈ ਐ ? ਬਲਬੀਰ ਹੁਰੀਂ ਕਣਕ ਵੱਢਣ ਗਏ ਐ—ਰੋਟੀ ਭੇਜਣੀ ਐ ਉਨ੍ਹਾਂ ਦੀ ।'' ਮੈਂ ਕੱਪੜੇ ਫਿਰ ਟਰੰਕ ਵਿਚ ਸੰਭਾਲ ਦਿਤੇ । ਮਨ ਵਿਚ ਆਇਆ— ''ਕਿਉਂ ਨਾ ਮੈਂ ਹੀ ਰੋਟੀ ਲੈ ਜਾਵਾਂ । ਬੇਬੇ ਤਾਂ ਕਲ੍ਹ ਨੂੰ ਨਹੀਂ, ਪਰਸੋਂ ਨੂੰ, ਵਾਪਸ ਆ ਜਾਣੀ ਐ । ਕਣਕ ਤਾਂ ਕੱਠੀ ਕਰਵਾ ਲਵਾਂ—ਜੋ ਹੋਣਾ ਹੈ ਉਹ ਤਾਂ ਹੋਣਾ ਹੀ ਹੈ । ਮੇਰੀ ਆਤਮਾ ਭਵਿੱਖ-ਬਾਣੀ ਕਰ ਰਹੀ ਸੀ ਕਿ ਬੇਬੇ ਨੂੰ ਜਾਣ ਸਾਰ ਐਮਰਜੈਂਸੀ ਵਿਚ ਭਰਤੀ ਕਰ ਲਿਆ ਹੋਵੇਗਾ । —ਆਪਰੇਸ਼ਨ ਤੋਂ ਬਾਅਦ ਸਾਰੀ ਖੇਡ ਖ਼ਤਮ ਹੋ ਜਾਏਗੀ 'ਤੇ ਬੇਬੇ ਟੈਕਸੀ ਵਿਚ ਪਾਕੇ ਕਲ੍ਹ ਜਾਂ ਪਰਸੋਂ ਵਾਪਸੀ .....

ਮੈਂ ਖੇਤ ਜਾਣ ਦਾ ਫੈਸਲਾ ਕਰ ਲਿਆ । ਕਣਕ ਵਢਦਿਆਂ ਵੀ ਮੇਰੀਆਂ ਅੱਖਾਂ ਅੱਗੋਂ ਉਹ ਦ੍ਰਿਸ਼ ਲਾਂਭੇ ਨਹੀਂ ਸੀ ਹੋ ਰਿਹਾ —ਜਦ ਬੇਬੇ ਦੀ ਲਾਸ਼ ਨੂੰ ਵਿਹੜੇ ਵਿਚ ਮੰਜੇ 'ਤੇ ਲਿਟਾ ਦੇਣਾ ਸੀ । ਕੁੜੀਆਂ ਨੇ ਉਸ ਉਤੇ ਡਿੱਗ ਡਿੱਗ ਕੇ ਬੂ ਪਾਹਰਿਆ ਕਰਨੀ ਸੀ ਤੇ ਅੰਬੋ ਨੇ ਕੀਰਨੇ ਪਾਉਣੇ ਸਨ— 'ਤੇਰੀ ਵਾਰੀ ਮੈਂ ਕਿਉਂ ਨਾ ਮਰ ਗਈ ਧੀਏ''—ਅਤੇ ਉਸ ਤੋਂ ਬਾਅਦ ਮੌਤ ਦੀਆਂ ਪਰਛਾਈਆਂ

ਚਿਹਰੇ ਉਤੇ ਸਾਂਭੀ ਬਾਪੂ ਨੇ ਲੋਕਾਂ ਦੇ ਇਕੱਠ ਵਿਚ ਬੈਠਦਿਆਂ ਧਰਤੀ ਫਰੋਲਣੀ ਸੀ । ਸ਼ਾਇਦ ਬਾਪੂ ਨੇ ਵੀ ਅੰਬੋ ਨੂੰ ਵਾਰੀ ਨਹੀਂ ਸੀ ਦੇਣੀ—ਸ਼ਾਇਦ ਇਸ ਕਰਕੇ ਕਿ ਬਾਪੂ ਨੇ ਹੁਣ ਬੇਬੇ ਵਾਲਾ ਵੀ ਬੋਝ ਉਨਾ ਲੈਣਾ ਸੀ ਤੇ ਸ਼ਾਇਦ ਉਸ ਤੋਂ ਬਾਅਦ ਮੇਰੀ ਵਾਰੀ ਆਉਣੀ ਸੀ—ਅੰਬੋ ਦੀ ਨਹੀਂ ; ਸ਼ਾਇਦ ਇਸ ਲਈ ਕਿ ਫਿਰ ਬੇਬੇ ਅਤੇ ਬਾਪੂ ਦੀਆਂ ਪਰਿਵਾਰਕ ਨਿਯਮਾਂ ਨੂੰ ਪਾਲਣ ਦੀਆਂ ਸਭ ਨਸੀਹਤਾਂ ਮੇਰੇ ਮੋਢਿਆਂ 'ਤੇ ਆ ਪੈਣੀਆਂ ਸਨ ।

ਸਭ ਕੁਝ ਉਵੇਂ ਹੋਣ ਲਈ ਮੁੱਢ ਬੱਝ ਗਿਆ ਲਗਦਾ ਸੀ—ਤੀਜੇ ਦਿਨ ਸਵੇਰੇ ਹੀ ਕਾਰ ਸਾਡੇ ਬੂਹੇ ਅੱਗੇ ਰੁਕੀ ਸੀ ਅਤੇ ਅਸੀਂ ਬੇਬੇ ਦੀ ਲਾਸ਼ ਨੂੰ ਵਿਹੜੇ ਵਿਚ ਲੈ ਆਂਦਾ ਸੀ, ਕਈ ਸਿਆਣੀਆਂ ਬੁੜ੍ਹੀਆਂ ਦੇ ਅਪਸ਼ਗਨ ਕਹਿਣ ਦੇ ਬਾਵਜੂਦ ਵੀ।

ਛੇ ਵਰ੍ਹੇ ਹੋ ਗਏ ਸਨ ਪਰ ਲਗਦਾ ਸੀ ਇਹ ਸਭ ਕੁਝ ਕਲ੍ਹ ਹੀ ਹੋਇਆ ਸੀ ਜਾਂ ਇਹ ਕੁਝ ਹੋਇਆ ਹੀ ਨਹੀਂ ਸੀ ।

ਬੇਬੇ ਨਹੀਂ ਰਹੀ । ਗੁਰਵਿੰਦਰ ਹੁਣ ਵੀ ਆਪਣੇ ਪਰਿਵਾਰ ਨੂੰ ਤਰੀਕੇ ਨਾਲ ਪਾਲ ਰਿਹਾ ਹੈ । ਲੋਕਾਂ ਦੀਆਂ ਨਜ਼ਰਾਂ ਵਿਚ ਉਹਨੇ ਕੁਝ ਪੈਸਾ ਵੀ ਜੋੜ ਲਿਆ ਹੈ । ਨਵਾਂ ਘਰ ਪਾਉਣ ਲਈ ਥਾਂ ਖਰੀਦ ਲਈ ਹੈ । ਜਸਬੀਰ ਨੌਵੀਂ 'ਚੋਂ ਹੀ ਹਟ ਗਿਆ ਸੀ । ਗੁਰਦੇਵ ਨੇ ਦਸਵੀਂ ਕਰ ਲਈ ਹੈ—ਕਿਸੇ ਕੋਰਸ ਲਈ ਨਹੀਂ ਭੇਜ ਸਕੇ । ਸਤਵੰਤ ਜੇ.ਬੀ.ਟੀ. ਦਾ ਕੋਰਸ ਸਮਾਪਤ ਕਰਕੇ ਵਿਹਲੀ ਹੈ । "ਇਕੱਲੀ ਨੂੰ ਕਿਸੇ ਇੰਟਰਵਿਉਂ 'ਤੇ ਕਿਵੇਂ ਭੇਜਿਆ ਜਾਵੇ ?" ਬਾਪੂ ਕਹਿੰਦਾ ਹੈ । ਫਿਰ ਵੀ ਉਹ ਜਿੰਨੇ ਵਾਰ ਵੀ ਗਈ—ਨਾਂਹ ਲੈ ਕੇ ਮੁੜੀ ਹੈ ।

ਬਾਪੂ ਦਾ ਖ਼ਤ ਆਇਆ ਹੈ । ਅੰਬੋ ਦੀ ਨਜ਼ਰ ਅਸਲੋਂ ਖ਼ਤਮ ਹੋਣ 'ਤੇ ਆ ਗਈ ਹੈ । ਜੇ ਆਪਰੇਸ਼ਨ ਕਰਵਾ ਦੇਈਏ ਤਾਂ ਖ਼ਰੇ ਨਿਗਾਹ ਬਚ ਜਾਵੇ । ਪਹਿਲਾਂ ਮਰਦੀ ਜਿਉਂਦੀ ਘਰ ਦਾ ਬੀੜਾ ਚੁੱਕੀ ਆਉਂਦੀ ਸੀ—ਹੁਣ ਕੁੜੀਆਂ ਦੀ ਜੂਨ ਵੀ ਰੁਲਦੀ ਜਾਂਦੀ ਹੈ । ਕੋਈ ਚੰਗਾ ਘਰ ਵੇਖਣ ਵਾਸਤੇ ਤਾਕੀਦ ਕੀਤੀ ਹੈ । ਚਿੱਠੀ ਤੋਂ ਲਗਦਾ ਹੈ ਕਿ ਬਾਪੂ ਆਪਣੇ ਆਪ ਨੂੰ ਧਉਲ ਬਲਦ ਕਹਿਣ ਲੱਗ ਪਿਆ ਹੈ—ਇਹ ਉਸਦੀ ਔਖ ਦਾ ਹੀ ਪ੍ਰਗਟਾਵਾ ਹੈ—ਸ਼ਾਇਦ ਉਹ ਹਾਰ ਚਲਿਆ ਹੈ ਜਾਂ ਹਾਰ ਮੰਨ ਰਿਹਾ ਹੈ । ਮੈਂ ਸੋਚਦਾ ਹਾਂ : "ਠੀਕ ਹੈ ! ਜੋ ਇਸ ਦੇ ਹੇਠ ਮੋਢਾ ਦੇਵੇਗ ਉਹ ਚਕਨਾਚੂਰ ਹੋ ਜਾਇਗਾ ।" ਮੇਰਾ ਮਤਲਬ ਖਿੰਡ ਪੁੰਡ ਰਹੇ ਪਰਿਵਾਰ ਤੋਂ ਹੈ ਜਿਸਦਾ ਬਾਪੂ ਨੇ ਅਗਾਂਹ ਜ਼ਿਕਰ ਕੀਤਾ ਹੈ ।

"ਬਲਬੀਰ ਅੱਜ ਕੱਲ ਹੋਰ ਵੀ ਮਨ ਆਈਆਂ ਕਰਨ ਲੱਗ ਪਿਆ ਹੈ : ਨੌਕਰੀ ਲੱਭਣ ਦੇ ਬਹਾਨੇ ਉਹ ਕਈ ਕਈ ਦਿਨ ਘਰ ਨਹੀਂ ਮੁੜਦਾ—ਜਿੰਨੇ ਪੈਸੇ ਘਰੋਂ ਲਿਜਾਂਦਾ ਹੈ ਨਵਾਂ ਪੈਸ ਵਾਪਸ ਨਹੀਂ ਕਰਦਾ । ਇਸ ਨਾਲੋਂ ਤਾਂ ਕੋਈ ਖੂਹ ਟੋਭਾ ਹੀ ਗੰਦਾ ਕਰ ਦੇਵੇ ।"

ਘਰ ਦੀਆਂ ਹੋਰ ਲੋੜਾਂ ਦਾ ਜ਼ਿਕਰ ਕਰਦਿਆਂ ਬਾਪੂ ਨੇ ਤਿੰਨ ਸੌ ਰੁਪਏ ਮੰਗਵਾਏ ਹਨ । ਤਨਖਾਹ ਮਿਲੀ ਨਹੀਂ ਕਿਥੋਂ ਭੇਜਾਂ । ਸੋਚਦਾ ਹਾਂ ਖ਼ਤ ਦਾ ਜਵਾਬ ਹੀ ਨਾ ਦਿਆਂ ।

ਯਾਦ ਆਉਂਦਾ ਹੈ ਕਿ ਜਦ ਪਿਛਲੀ ਵਾਰੀ ਪਿੰਡ ਗਿਆ ਸੀ ਸਤਵੰਤ ਨੇ ਜਸਬੀਰ ਦੀਆ ਸ਼ਿਕਾਇਤਾਂ ਕੀਤੀਆਂ ਸਨ ਕਿ ਉਹ ਵੀ ਅਲੱਥ ਹੁੰਦਾ ਜਾ ਰਿਹਾ ਹੈ । ਬਾਪੂ ਦਾ ਹੀ ਰੋਅਬ ਮੰਨਦ ਹੈ—ਅੰਬੋ ਨੂੰ ਵੀ ਟਿੱਚ ਜਾਣਦਾ ਹੈ । ਆਖਦਾ ਹੈ ਉਹ ਸ਼ਹਿਰ ਵਿਚ ਖਰਾਦਾਂ ਦਾ ਕੰਮ ਸਿੱਖੇਗਾ । ਬਾਹੀ ਵੀ ਜਦੋਂ ਆਉਂਦਾ ਹੈ ਰੋਅਬ ਦੇਣ ਲੱਗ ਪੈਂਦਾ ਹੈ । ਇਹ ਇਸ਼ਾਰਾ ਮੇਰੇ ਵੱਲ ਸੀ ।



ਅਗਲੇ ਦਿਨ ਸਤਵੰਤ ਦੀ ਚਿੱਠੀ ਆਉਂਦੀ ਹੈ । ਉਸਦੇ ਖਿਆਲਾਂ ਵਿਚ 'ਬਾਪੂ ਤੇ ਅੰਬੋ ਦੀ ਕਿਸਮਤ ਖੋਟੀ ਹੈ । ਸਿਰਫ਼ ਦੁੱਖ ਭੋਗਣ ਲਈ ਬਣੇ ਹਨ । ਬਲਬੀਰ ਸਰਦਾਰਾਂ ਦੇ ਟਰੱਕ ਨਾਲ ਚਲਾ ਗਿਆ ਅਖੇ ਡਰਾਇਵਰੀ ਕਰਨੀ ਹੈ । ਜਸਬੀਰ ਸ਼ਹਿਰ ਜਾ ਰਿਹਾ ਸੀ ਕਿ ਬਾਪੂ ਨੇ ਮਾਰਿਆ । ਉਸ ਦਿਨ ਤੋਂ ਫੇਰ ਸਾਰਾ ਕੰਮ ਕਰਾਉਣ ਲੱਗ ਪਿਆ ਹੈ ਪਰ ਬੋਲਦਾ ਕਿਸੇ ਨਾਲ ਵੀ ਨਹੀਂ । ਅੰਬੋ ਆਪਣੀ ਥਾਂ ਕਾਲਜਾ ਫੜੀ ਫਿਰਦੀ ਹੈ—ਬਾਪੂ ਦਾ ਚਿਹਰਾ ਕਾਲਾ ਤਵਾ ਹੁੰਦਾ ਜਾਂਦੇ । ਜੇ ਦੁਹਾਂ 'ਚੋਂ ਕਿਸੇ ਨੂੰ ਕੁਝ ਹੋ ਗਿਆ ਤਾਂ ਘਰ ਦਾ ਬੇੜਾ ਮੂਧਾ ਵੱਜ ਜਾਵੇਗਾ ।'

ਮੈਨੂੰ ਕਦੇ ਬਲਬੀਰ ਅਤੇ ਜਸਬੀਰ ਉਤੇ ਗੁੱਸਾ ਆਉਣ ਲੱਗਦਾ ਹੈ ਤੇ ਕਦੇ ਮੈਂ ਬਦਲਦੇ ਹਾਲਾਤ ਨੂੰ ਪਕੜਨ ਦਾ ਬੇਅਰਥ ਜਤਨ ਕਰਦਾ ਹਾਂ । ਸੋਚਦਾ ਹਾਂ ਚੰਗਾ ਹੀ ਹੈ ਜੇ ਦੋਵੇਂ ਮੁੰਡੇ ਕਿਸੇ ਕਿੱਤੇ ਲੱਗ ਜਾਣ । ਖਰਾਦਾਂ ਦਾ ਕੰਮ ਤੇ ਡਰਾਇਵਰੀ ਕਿਹੜਾ ਮਾੜੇ ਨੇ । ਆਪਣੇ ਪੈਰਾਂ ਸਿਰ ਖੜ੍ਹੇ ਹੋਣ ।

ਜਿਵੇਂ ਜਿਵੇਂ ਚਿੱਠੀ ਪੂਰੀ ਹੁੰਦੀ ਜਾ ਰਹੀ ਹੈ ਮੇਰੇ ਨਾਲੋਂ ਮੇਰਾ ਕੁਝ ਹਿੱਸਾ ਟੁਟਦਾ ਜਾ ਰਿਹਾ ਮਹਿਸੂਸ ਹੁੰਦਾ ਹੈ । ਬਾਪੂ ਦੀ ਹੁਣ ਮੇਰੇ ਉਪਰ ਹੀ ਡੋਰੀ ਹੈ । ਉਸ ਨੂੰ ਮੈਥੋਂ ਹੀ ਸਭ ਆਸਾਂ ਹਨ । ਗੁਰਦੇਵ ਨੂੰ ਕੋਰਸ ਜ਼ਰੂਰ ਕਰਵਾਉਣਾ ਹੈ......ਫਿਰ ਉਨ੍ਹਾਂ ਦੇ ਵਿਆਹ...ਉਹ ਪੈਰਾਂ 'ਤੇ ਖੜ੍ਹੀਆਂ ਹੋ ਜਾਣ ਤਾਂ...ਮੇਰੇ ਖ਼ਿਆਲ ਖਿੰਡ ਜੇਹੇ ਜਾਂਦੇ ਹਨ ।

"ਬਲਬੀਰ ਜੋ ਬਾਪੂ ਦੀਆਂ ਆਸਾਂ ਉਮੀਦਾਂ ਨੂੰ ਘੱਟੇ ਮਿੱਟੀ ਵਿਚ ਰੋਲੀ ਜਾ ਰਿਹਾਂ—ਮੈਂ ਉਸੇ ਦਾ ਕਸੂਰ ਸਮਝਾਂ ਕਿ ਉਨ੍ਹਾਂ ਹਾਲਤਾਂ ਦਾ, ਉਸ ਵਾਤਾਵਰਣ ਦਾ ਜੋ ਉਸਨੂੰ ਆਪਣੇ ਪੈਰਾਂ 'ਤੇ ਖੜ੍ਹਾ ਹੋ ਸਕਣ ਦੇ ਸਾਧਨ ਵੀ ਮੁਹਈਆ ਨਹੀਂ ਕਰਦੇ...ਉਹ ਵਿਗੜ ਰਿਹਾ ਹੈ...ਦੇਸ਼ ਤਰੱਕੀ ਕਰ ਰਿਹਾ ਹੈ—ਸਾਡੀ ਕਲਾ ਨੇ ਕਿੰਨਾ ਵਿਕਾਸ ਕੀਤਾ ਹੈ । ਦਸਤਕਾਰੀ ਹੈ ..ਕਾਰਖਾਨੇ ਹਨ... ਫਿਰ ਵੀ ਉਹ ਨੌਕਰੀ ਹਾਸਲ ਕਰਨ ਲਈ ਕਿੰਨੇ ਕਿੰਨੇ ਦਿਨ ਘਰੋਂ ਬਾਹਰ ਰਹਿੰਦਾ ਹੈ...ਬਚੇ ਪੈਸੇ ਵੀ ਵਾਪਸ ਨਹੀਂ ਕਰਦਾ"—ਮੈਂ ਸੋਚਦਾ ਹਾਂ, ਛਟਪਟਾਉਂਦਾ ਹਾਂ, ਪਰ ਹਰ ਵਾਰ ਗੁੱਸਾ ਬਲਬੀਰ 'ਤੇ ਹੀ ਆਉਂਦਾ ਹੈ ।

ਮੇਰੀ ਸੋਚ ਵਿਚ ਇੰਨਾ ਘੜਮੱਸ ਪੈਣ ਲਗਦਾ ਹੈ ਕਿ ਹਾਲਾਤ ਅਤੇ ਵਾਰਤਾਵਰਣ ਪ੍ਰਤੀ ਲਏ ਮੇਰੇ ਸਾਰੇ ਨਿਰਨੇ ਆਪਸ ਵਿਚ ਰਲਗੱਡ ਹੋ ਕੇ ਫਿਰ ਗੁੱਸੇ ਦਾ ਕੇਂਦਰ ਬਲਬੀਰ ਤੇ ਜਸਬੀਰ ਬਣ ਜਾਂਦੇ ਹਨ । ਕਿੰਨੀ ਵਾਰ ਮਨ ਨੂੰ ਸਮਝਾਇਆ ਹੈ ਕਿ ਜੇ ਜਸਬੀਰ ਖਰਾਦਾਂ ਦਾ ਕੰਮ ਵੀ ਸਿੱਖ ਲਵੇ ਤਾਂ ਉਹ ਕਿਸੇ ਦਿਨ ਚੰਗਾ ਮਿਸਤਰੀ ਬਣ ਜਾਵੇਗਾ ਅਤੇ ਆਪਣੇ ਨਿਰਬਾਹ ਲਈ ਪੈਰਾਂ 'ਤੇ ਖੜ੍ਹਾ ਹੋ ਜਾਵੇਗਾ । ਬਾਪੂ ਦੇ ਖਿਆਲਾਂ ਵਿਚ ਇਹ ਬਗਾਵਤ ਹੈ । ਮੈਂ ਵੀ ਬਾਪੂ ਦੇ ਉਨ੍ਹਾਂ ਸ਼ਬਦਾਂ ਨੂੰ ਹੀ ਤਰਜੀਹ ਦੇ ਕੇ ਉਸਦਾ ਪੱਖ ਲੈ ਲੈਂਦਾ ਹਾਂ । ਫਿਰ ਸੋਚਦਾ ਹਾਂ ਕਿ ਜਸਬੀਰ ਦੇ ਭਵਿੱਖ ਨੂੰ ਅਸੀਂ ਡੀਕ ਤਾਂ ਨਹੀਂ ਰਹੇ...ਪਰਿਵਾਰ ਦੇ ਅਸੂਲ ਮਰਿਆਦਾ ਦੀ ਆੜ ਵਿਚ ਉਸਨੂੰ ਖਾ ਤਾਂ ਨਹੀਂ ਰਹੇ...ਮੈਂ ਵੀ ਤਾਂ ਇਨ੍ਹਾਂ ਲਈ ਇੰਨਾ ਕੁਝ ਕੀਤਾ ਹੈ ? ਕੀ ਮੈਂ ਵੀ ਇਹ ਆਸ ਰੱਖਾਂ ਕਿ ਉਹ ਮੇਰੇ ਲਈ......

"ਜੇ ਮਿਲ ਕੇ ਰਹੋ ਤਾਂ ਘਰ ਨੂੰ ਸੁਰਗ ਕਿਹੜਾ ਨਾ ਬਣਾ ਦੀਏ ।" ਬੇਬੇ ਵੀ ਤਾਂ ਇਹੋ ਨਸੀਹਤ ਦਿਆ ਕਰਦੀ ਸੀ । ਉਸਦੇ ਹਿੱਸੇ ਦੀਆਂ ਨਸੀਹਤਾਂ ਹੁਣ ਬਾਪੂ ਦਿੰਦਾ ਹੈ । ਉਹ ਵੀ

ਕਹਿੰਦਾ ਹੈ ਕਿ ਜੇ ਸਾਡੇ ਸਾਰੇ ਭਰਾਵਾਂ ਦੇ ਮੂੰਹ ਉੱਤਰ ਦੱਖਣ ਵੱਲ ਨਾ ਹੋਣ ਤਾਂ ਅਸੀਂ ਘਰ ਨੂੰ ਟੀਸੀ 'ਤੇ ਪੁਚਾ ਸਕਦੇ ਹਾਂ। ਪਿੰਡ ਵਿਚ ਸਾਡੀ ਇੱਜ਼ਤ ਹੋ ਸਕਦੀ ਹੈ...ਪਰ ਇਸ ਇੱਜ਼ਤ ਦੇ ਪਿੱਛੇ ਖੜੀ ਆਪਣੀ ਮੌਤ ਮੇਰਾ ਮੂੰਹ ਚਿੜਾਉਂਦੀ ਹੈ। ਬਲਬੀਰ ਤੇ ਜਸਬੀਰ ਪ੍ਰਤੀ ਮੇਰੀ ਹਮਦਰਦੀ ਜਾਗਦੀ ਹੈ ਭਾਵੇਂ ਛਿਨ-ਭੰਗਰ ਹੀ—

ਵਕਤ ਬੜਾ ਹੀ ਤੇਜ਼ ਦੌੜ ਰਿਹਾ ਹੈ—ਬੇਬੇ ਦੀ ਮੌਤ ਦੀ ਘਟਨਾ ਕਿੰਨੀ ਪਿੱਛੇ ਰਹਿ ਗਈ ਹੈ। ਬੀਤੇ ਦੀਆਂ ਕੰਨੀਆਂ ਖਿੱਚਣ ਦਾ ਹੁਣ ਕੀ ਲਾਭ ਮੈਂ ਸੋਚਦਾ ਹਾਂ। ਫਿਰ ਵੀ ਕਦੇ ਕਦੇ ਮਾਂ ਦੀ ਅਣਹੋਂਦ ਜਿਵੇਂ ਹੱਡਾਂ ਵਿਚ ਰੜਕ ਪੈਦਾ ਕਰਨ ਲਗਦੀ ਹੈ। ਜਿਵੇਂ ਮੈਂ ਹੀ ਵਕਤ ਤੋਂ ਬਹੁਤ ਪਿੱਛੇ ਰਹਿ ਗਿਆ ਹੋਵਾਂ।

......ਤੇ ਮੈਨੂੰ ਜਾਪਣ ਲਗਦਾ ਹੈ ਬੇਬੇ ਦੀ ਬੀਮਾਰੀ ਦੇ ਜਰਾਸੀਮ ਮੇਰੀਆਂ ਅੰਤੜੀਆਂ ਵਿਚ ਵੀ ਰੀਂਗ ਰਹੇ ਹਨ। ਅੰਬੋ ਅਤੇ ਬਾਪੂ ਦੇ ਮਰਨ ਤੋਂ ਪਹਿਲਾਂ ਸ਼ਾਇਦ ਮੇਰੀ ਹੀ ਵਾਰੀ ਹੋਵੇ। ਡਾਕਟਰ ਤੋਂ ਮਸ਼ਵਰਾ ਲਿਆ ਹੈ—ਫ਼ਿਕਰ ਦੀ ਕੋਈ ਗੱਲ ਨਹੀਂ। ਅੰਤੜੀਆਂ ਦੀ ਤਪਦਿਕ ਦੀ ਛੂਤ ਨਹੀਂ ਹੁੰਦੀ। ਫਿਰ ਵੀ ਮੈਨੂੰ ਵਾਰ ਵਾਰ ਸ਼ੱਕ ਹੋਣ ਲਗਦਾ ਹੈ ਕਿ ਮੈਨੂੰ ਤਪਦਿਕ ਹੋ ਗਈ ਹੈ।

ਇਥੇ ਮੇਰੇ ਗੁਆਂਢ ਵੀ ਇਕ ਪਰਿਵਾਰ ਰਹਿੰਦਾ ਹੈ। ਕਈ ਵਾਰ ਜੀਅ ਕੀਤਾ ਹੈ ਕਿ ਅੰਦਰ ਜਾ ਕੇ ਵੇਖਾਂ, ਬੱਚੇ ਕਾਹਦੇ ਲਈ ਲੜਦੇ ਝਗੜਦੇ ਹਨ ; ਬਿਲਕੁਲ ਉਵੇਂ ਜਿਵੇਂ ਬਲਬੀਰ ਤੇ ਸਤਵੰਤ ਜਾਂ ਜਸਬੀਰ ਤੇ ਗੁਰਦੇਵ ਜਾਂ ਉਨ੍ਹਾਂ ਵਿਚੋਂ ਕੋਈ ਵੀ ਆਪਸ ਵਿਚ ਝਗੜਦੇ ਹੁੰਦੇ ਸਨ। "ਇਹਨੇ ਮੇਰੀ ਫਲਾਂ ਚੀਜ਼ ਤੋੜ ਦਿੱਤੀ—ਇਹ ਮੇਰੀ ਅਮਕੀ ਚੀਜ਼ ਨਹੀਂ ਦਿੰਦਾ—ਉਸ ਨੇ ਮੇਰੀਆਂ ਕਿਤਾਬਾਂ ਵਾਲੀ ਥਾਂ ਉੱਤੇ ਕਬਜ਼ਾ ਕਰ ਲਿਆ। ਉਨ੍ਹਾਂ ਬੱਚਿਆਂ ਦੇ ਮਾਪਿਆਂ ਨੂੰ ਮੈਂ ਹਰ ਰੋਜ਼ ਨਸੀਹਤਾਂ ਕਰਦੇ ਸੁਣਦਾ ਹਾਂ ਕਿ ਉਹ ਮਿਲ ਕੇ ਰਿਹਾ ਕਰਨ। ਮੇਰੀ ਤੇਰੀ ਦਾ ਝਗੜਾ ਨਾ ਕਰਿਆ ਕਰਨ ਪਰ ਲਗਦਾ ਹੈ ਤਪਦਿਕ ਦੇ ਜਰਾਸੀਮ ਉਨ੍ਹਾਂ ਦੇ ਪਿੰਡਿਆਂ ਵਿਚ ਵੀ ਪ੍ਰਵੇਸ਼ ਕਰ ਗਏ ਹਨ। ਬੱਚੇ ਵੱਡਿਆ ਦਾ ਰੋਅਬ ਜ਼ਿਆਦਾ ਮੰਨਦੇ ਹਨ ਨਸੀਹਤਾਂ ਨੂੰ ਘੱਟ।

ਇਕ ਵੱਡੀ ਮਸ਼ੀਨ ਵਾਂਗ ਬੇਬੇ ਤੇ ਬਾਪੂ ਦੀਆਂ ਸਾਰੀਆਂ ਨਸੀਹਤਾਂ ਮੇਰੇ ਦਿਮਾਗ ਵਿਚ ਗੂੰਜ ਪਾਉਂਦੀਆਂ ਹਨ। ਮੇਰੇ ਕੰਨ ਭਾਂ ਭਾਂ ਕਰਨ ਲਗਦੇ ਹਨ। ਰੇਤੇ ਦੇ ਮਹਿਲ ਵਾਂਗ ਹੀ ਮੈਨੂੰ ਆਪਣਾ ਜਿਸਮ ਕਿਰਦਾ ਜਾਪਦਾ ਹੈ।

ਸੋਚਦਾ ਹਾਂ ਬੇਬੇ ਬਾਪੂ ਦੀਆਂ ਨਸੀਹਤਾਂ ਦਾ ਗਲ ਲਟਕਾਇਆ ਬੋਝਾ ਪਟਕ ਦਿਆਂ ਪਰ ਪਰਿਵਾਰ ਲਈ ਜਾਗਿਆ ਮੋਹ ਮੇਰੇ ਵਿਚਾਰਾਂ ਨੂੰ ਪਕੜ ਲੈਂਦਾ ਹੈ। ਗੁਰਵਿੰਦਰ ਨੂੰ ਮੈਂ ਲੱਖ ਦਰਜੇ ਚੰਗਾ ਸਮਝਣ ਲੱਗ ਪਿਆ ਹਾਂ ਕਿ ਉਹ ਚੰਗਾ ਹੋਇਆ ਝੰਜਟ 'ਚੋਂ ਨਿਕਲ ਗਿਆ। ਮੈਂ ਕਿਸੇ ਵੀ ਸਿੱਟੇ ਉੱਤੇ ਤਾਂ ਅੱਪੜ ਨਹੀਂ ਸਕਦਾ। ਅਗਲੇ ਹੀ ਪਲ ਉਸਦਾ ਇਉਂ ਕਰਨਾ ਕਮੀਨਗੀ ਅਤੇ ਡਰਪੋਕੀ ਲੱਗਣ ਲਗਦਾ ਹੈ।

ਸਭ ਤੋਂ ਡੂੰਘਾ ਪ੍ਰਭਾਵ ਜੋ ਇਸ ਵੇਲੇ ਮੈਂ ਕੇਂਦ੍ਰਿਤ ਕਰ ਸਕਦਾ ਹਾਂ ਉਹ ਇਹੀ ਹੈ ਕਿ ਪਰਿਵਾਰ ਨੂੰ ਇਕ ਰੱਖਣ ਲਈ ਤੜਪਦੀ ਮਾਂ ਮਰ ਗਈ ਹੈ—ਅੰਬੋ, ਬਾਪੂ ਤੇ ਮੈਂ ਵਾਰੀ ਨੂੰ ਉਡੀਕ ਰਹੇ ਹਾਂ ਕਿ ਕਿਸਨੂੰ ਪਹਿਲਾਂ ਵਾਰੀ ਮਿਲਦੀ ਹੈ।

ਪਰਿਵਾਰ ਰੇਤੇ ਦੇ ਮਹਿਲ ਵਾਂਗ ਕਿਰ ਗਿਆ ਹੈ—ਸਾਰੇ ਜੀਅ ਕਣਕਿਆਂ ਵਿਚ ਖਿੰਡ ਗਏ ਹਨ। ☐ [ਗੌਰਮਿੰਟ ਮਿਡਲ ਸਕੂਲ ਭੱਚੋ, ਜ਼ਿਲਾ ਬਠਿੰਡਾ]



## ਕਤਲ/ਜਸਵੰਤ ਸਿੰਘ ਵਿਰਦੀ

ਵਾਤਾਵਰਣ ਵਿਚ ਜਿਹੜੀ ਸਰਸਰਾਹਟ ਸੀ, ਉਸਦਾ ਸ਼ਾਇਦ ਇਹੋ ਹੀ ਮਤਲਬ ਸੀ ਕਿ ਦਰਿਆ ਦੇ ਕਿਨਾਰੇ ਕੋਲ ਕੋਈ ਕਤਲ ਹੋ ਗਿਆ ਸੀ। ਪਰ ਅਗਲੇ ਪਲ ਹੀ ਜਾਪਦਾ ਸੀ ਕਿ ਇਸ ਸਰਸਰਾਹਟ ਦਾ ਕਤਲ ਨਾਲ ਕੋਈ ਸੰਬੰਧ ਨਹੀਂ ਹੈ।

ਪਰ ਜੇਕਰ ਸਰਸਰਾਹਟ ਨੂੰ ਗਹੁ ਨਾਲ ਸੁਣਿਆ ਜਾਂਦਾ ਤਾਂ ਮਹਿਸੂਸ ਹੁੰਦਾ ਸੀ ਕਿ ਉਸ ਦੇ ਸਾਹਾਂ ਵਿਚ ਕੋਈ ਕਹਾਣੀ ਜ਼ਰੂਰ ਥਿਰਕ ਰਹੀ ਹੈ!

ਉਸ ਦਿਨ ਸ਼ਾਮੀਂ ਦਰਿਆ ਕਿਨਾਰੇ ਦੀ ਮਹਿਫਲ ਮਗਰੋਂ ਥਾਣੇਦਾਰ ਪੁਲ ਉਪਰ ਆਕੇ ਸੜਕ ਵਿਚਕਾਰ ਖਲੋ ਗਿਆ ਸੀ, ਭੁੰਨੀ ਹੋਈ ਮੱਛੀ ਨੂੰ ਚਰੂੰਡਦਾ ਹੋਇਆ। ਉਸ ਵੇਲੇ ਉਹਦੀਆਂ ਅੱਖਾਂ ਨਾ 'ਤੇ ਖੁਲ੍ਹੀਆਂ ਸਨ ਅਤੇ ਨਾ ਹੀ ਬੰਦ! ਪੁਲ ਉਪਰ ਖਲੋਤੇ ਸੁਰਖਿਆ ਦਲ ਦੇ ਸੈਨਿਕ ਨੇ ਉਹਨੂੰ ਬੜੇ ਅਦਬ ਨਾਲ ਸੜਕ ਖੁਲ੍ਹੀ ਛੱਡ ਦੇਣ ਲਈ ਕਿਹਾ ਤਾਂ ਥਾਣੇਦਾਰ ਉਹਦੇ ਗਲ ਪੈ ਗਿਆ: 'ਓਏ ਮੈਂ ਤਾਂ ਸ਼ਾਮ ਤੋਂ ਪਹਿਲਾਂ-ਪਹਿਲਾਂ ਹੀ ਪੁਲ ਨੂੰ ਖਰੀਦ ਕੇ ਬੋਝੇ ਵਿਚ ਪਾ ਲਵਾਂ! ਤੂੰ ਇਹ ਕੀ ਬਕਵਾਸ ਕਰ ਰਿਹਾ ਏਂ, ਕੁੱਤੇ ਦਿਆ ਤੁਖਮਾਂ!'

ਪਰ ਇਸ ਤੋਂ ਮਗਰਲੀਆਂ ਉਸ ਦੀਆਂ ਆਵਾਜ਼ਾਂ ਕਿਸੇ ਨੇ ਨਹੀਂ ਸੁਣੀਆਂ।

ਥਾਣੇਦਾਰ ਇਕ ਮੱਛੀ ਵਾਂਗ ਫੜਕ ਕੇ ਸੜਕ ਵਿਚਕਾਰ ਡਿਗ ਪਿਆ ਸੀ......ਅਤੇ ਪਲਾਂ ਵਿਚ ਹੀ ਜਿਹੜੇ ਖੋਖਿਆਂ ਵਾਲੇ ਤੇ ਟਿੰਬਰ ਦੇ ਆੜ੍ਹਤੀਏ ਉਥੇ ਇਕੱਠੇ ਹੋ ਗਏ ਉਨ੍ਹਾਂ ਨੇ ਸੜਕ ਉਪਰ ਲਹੂ ਦੀ ਝਲਾਰ ਅਤੇ ਵਾਤਾਵਰਣ ਵਿਚ ਸ਼ਰਾਬ ਦੀ ਬੂ ਦੇ ਇਲਾਵਾ ਜੇਕਰ ਕੁਝ ਹੋਰ ਵੀ ਮਹਿਸੂਸ ਕੀਤਾ ਤਾਂ ਉਹ ਕੇਵਲ ਡਰ ਸੀ।...ਕਿਉਂਕਿ ਇਨ੍ਹਾਂ ਲੋਕਾਂ ਵਿਚੋਂ ਕਈਆਂ ਨੇ ਉਹਦੇ ਕੋਲੋਂ ਮੌਰ ਤੁੜਵਾਏ ਹੋਏ ਸਨ...ਤੇ ਕੀ ਪਤਾ ਹੁਣ ਵੀ ਉਹ ਪਲਾਂ ਵਿਚ ਹੀ ਖਲੋਕੇ...! ਪਰ ਦਨਦਨਾਉਂਦੇ ਟਰੱਕ ਨੇ ਉਹਨੂੰ ਇਸ ਕਾਬਿਲ ਨਹੀਂ ਸੀ ਛਡਿਆ।... ਮਹਿਫਲ ਦੇ ਉਸ ਨਾਲ ਦੇ ਸਾਥੀ ਪਤਾ ਨਹੀਂ ਕਿਧਰ ਗਏ। ਪਤਾ ਨਹੀਂ ਉਹ ਮਰਦ ਸਨ ਕਿ ਜ਼ਨਾਨੀਆਂ।

ਵਾਤਾਵਰਣ ਵਿਚ ਹਾਲੇ ਤਕ ਵੀ ਸਰਸਰਾਹਟ ਸੀ ਅਤੇ ਸੜਕ ਲਗਾਤਾਰ ਵਗ ਰਹੀ ਸੀ। ਕੋਈ-ਕੋਈ ਗੱਡੀ ਸਿੱਧੀ ਲੰਘ ਜਾਂਦੀ ਅਤੇ ਕੋਈ ਰੁਕ ਵੀ ਜਾਂਦੀ। ਸਿੱਧੀ ਲੰਘਣ ਵਾਲੀ ਬੱਸ ਦੇ ਲੋਕ ਪਤਾ ਨਹੀਂ ਕੀ ਸੋਚਦੇ ਸਨ, ਪਰ ਉਥੇ ਖਲੋਣ ਵਾਲੀ ਬੱਸ ਵਿਚ ਅੱਜ ਉਸੇ ਖ਼ੂਨ ਦੀ ਚਰਚਾ ਹੋ ਰਹੀ ਸੀ:

ਚੁਗਿਰਦੇ ਵਿਚ ਹਾਲੇ ਤਕ ਵੀ ਤਲਖੀ ਦਾ ਪ੍ਰਭਾਵ ਫੈਲਿਆ ਹੋਇਆ ਸੀ ਅਤੇ ਲੋਕ ਬੋਲਣਾ ਵੀ ਪਸੰਦ ਨਹੀਂ ਸਨ ਕਰਦੇ! ਪਰ,

—ਬੱਸ ਵਿਚੋਂ ਇਕ ਸਾਂਵਲੀ ਜਿਹੀ ਅੱਧਖੜ ਜ਼ਨਾਨੀ ਨੇ ਖਲੋਕੇ ਕਿਹਾ—'ਪੁਲਿਸ ਨੇ ਉਸ ਟਰੱਕ ਦੇ ਡਰਾਈਵਰ ਨੂੰ ਜਿਵੇਂ ਬੁਚੜਾਂ ਵਾਂਗ ਕੁਟਿਆ, ਉਸ ਤਰ੍ਹਾਂ ਕਦੀ ਕਸਾਈਆਂ ਨੇ ਵੀ

ਬਕਰਿਆਂ ਨਾਲ ਨਹੀਂ ਕੀਤੀ।'

'ਚੁਪ ਕਰ ਭੈਣੇ !' ਇਕ ਕੋਨੇ 'ਚੋਂ ਆਵਾਜ਼ ਆਈ—'ਹਾਲਾਤ ਤਾਂ ਵੇਖ ਕਿਹੜੇ ਨੇ ?'

'ਹਾਲਾਤ ! ਸੱਚ ਬੋਲਣ 'ਚ ਕੀ ਭੈੜ ਐ ! ਸੱਚ ਬੋਲਣੋਂ ਤਾਂ ਮੈਂ ਨਹੀਂ ਰਹਿ ਸਕਦੀ ! ਭਾਵੇਂ ਕੋਈ ਮੇਰੀ ਬੋਟੀ-ਬੋਟੀ ਕਰ ਦੇਵੇ !'

'ਇਹ ਜ਼ਨਾਨੀ ਫੜੀ ਜਾਣੀ ਐ !'

'ਕਿਉਂ ?'

'ਸੱਚ ਜੁ ਬੋਲ ਰਹੀ ਐ !'

'ਹਾਂ, ਗੱਲ ਤਾਂ ਠੀਕ ਐ ! ਜਿਹੜੇ ਲੋਕ ਚਰਖੀਆਂ ਨਾਲ ਚੀਰੇ ਗਏ, ਜੇਕਰ ਸੱਚ ਨਾ ਬੋਲਦੇ ਤਾਂ ਬਚ ਸਕਦੇ ਸੀ !'

'ਝੱਲੇ ਸਨ ਕਿ...'

'ਤੇ ਇਹ ਜ਼ਨਾਨੀ ਵੀ...'

ਪਰ ਉਸ ਜ਼ਨਾਨੀ ਦੇ ਚਿਹਰੇ 'ਤੇ ਕਿਸੇ ਤਰ੍ਹਾਂ ਦਾ ਵੀ ਡਰ ਭਉ ਨਹੀਂ ਸੀ । ਸਗੋਂ ਉਸਦੇ ਸਾਂਵਲੇ ਚਿਹਰੇ 'ਤੇ ਲਿਸ਼ਕਦੀਆਂ ਸਫੇਦ ਅੱਖਾਂ ਹੋਰ ਵੀ ਚਮਕੀਲੀਆਂ ਹੋ ਗਈਆਂ ਜਾਪਦੀਆਂ ਸਨ। ਉਹ ਫੇਰ ਬੋਲੀ : 'ਮੇਰਾ ਆਪਣਾ ਮਾਲਿਕ ਵੀ ਪੁਲਿਸ 'ਚ ਈ ਐ ! ਪਰ ਇਹਦੇ ਨਾਲ ਕੀ ਫ਼ਰਕ ਪੈਂਦਾ। ਉਹ ਵੀ ਤਾਂ ਦਿਨੇ ਰਾਤੀਂ ਮੇਰੇ ਹੱਡ ਸੇਕਦਾ !'

'ਤਦੇ ਹੀ...'

'ਨਹੀਂ...'

'ਭੈਣ ਮੇਰੀਏ ਚੁੱਪ ਕਰ !'

'ਕਿਉਂ ਚੁੱਪ ਕਰਾਂ ! ਮੈਂ ਤਾਂ ਸੱਚ ਬੋਲਾਂਗੀ, ਤੁਸੀਂ ਭਾਵੇਂ ਮੈਨੂੰ ਵੀ ਅੰਦਰ ਕਰਵਾ ਦਿਓ !'

'ਤੈਨੂੰ ਅੰਦਰ ਹੋਣ ਦਾ ਬੜਾ ਸ਼ੌਕ ਐ ?'

ਕਿਸੇ ਨੇ ਮਲਕੜੇ ਜਿਹੇ ਕਿਹਾ : 'ਪਤਾ ਨਹੀਂ ਉਹ ਬੰਦੇ ਨਾਲ ਅੰਦਰ ਕੀ ਵਰਤਾਰਾ ਕਰਦੇ ਨੇ ?''

'ਹੌਲੀ ਬੋਲੋ ! ਅੱਜ ਕਲ ਤਾਂ ਹਵਾ ਵੀ ਸਾਜ਼ਸ਼ੀ ਐ !'

ਇਸ ਗੱਲ ਤੋਂ ਬਾਦ ਇਕ ਪਲ ਲਈ ਤਾਂ ਜਾਪਿਆ ਜਿਵੇਂ ਕਿ ਲੋਕ ਸਾਜ਼ਸ਼ੀ ਹਵਾ ਵਿਚ ਸਾਹ ਲੈਣੋਂ ਵੀ ਡਰ ਗਏ ਹੋਣ। ਪਰ ਸਾਹ ਤਾਂ ਲੈਣਾ ਹੀ ਪੈਣਾ ਸੀ ਨਾ ! ...ਅਗਲੇ ਪਲ ਹੀ ਹਵਾ 'ਚ ਆਵਾਜ਼ ਗੂੰਜ ਗਈ :

'ਫੜੋ ਇਹਨੂੰ...ਫੜੋ ਇਹਨੂੰ !' ਇਹ ਬਾਹਰੋਂ ਆਏ ਚਿਟਕਪੜੀਏ ਤੇ ਵਰਦੀ ਵਾਲੇ ਪੁਲਸੀਆਂ ਦੀ ਲਲਕਾਰ ਸੀ।

'ਕਿਹੜੀ ਸੀ ?'

ਬੱਸ ਵਿਚ ਬਹੁਤੀਆਂ ਜ਼ਨਾਨੀਆਂ ਹੀ ਸਨ !



'ਇਨ੍ਹਾਂ 'ਚੋਂ ਹੁਣ ਕਿਵੇਂ ਪਤਾ ਲੱਗੇ ਕਿ ਕਿਹੜੀ ਸੀ ?'

ਸਭਨਾਂ ਜ਼ਨਾਨੀਆਂ ਨੇ ਇਕ-ਦੂਸਰੀ ਵਲ ਤਕਿਆ, ਪਰ ਕੋਈ ਵੀ ਬੋਲ ਨਾ ਸਕੀ। ਔਰਤ ਕਦੀ ਵੀ ਦਿਲ ਦੀ ਗੱਲ ਨਹੀਂ ਦੱਸਦੀ।

'ਸਭਨਾਂ ਜ਼ਨਾਨੀਆਂ ਦੇ ਚਿਹਰੇ ਇਕੋ ਜਿਹੇ ਹੀ ਹੁੰਦੇ ਨੇ !' ਕਿਸੇ ਇਕ ਨੇ ਕਿਹਾ।

'ਸਾਰੀਆਂ ਨੂੰ ਹੀ ਲਾਹ ਲਵੋ !' ਕੋਈ ਹੋਰ !—

—'ਤੇ ਚਾੜ੍ਹੋ ਕੁਟਾਪਾ !'

'ਕੋਡੀਆਂ ਕਰਕੇ ਸਾਰੀਆਂ ਦੇ ਹੀ ਪੁੜੇ ਸੇਕ ਦਿਓ !'

—'ਹੇ ਸੱਚੇ ਪਾਤਸ਼ਾਹ !' ਬੁੜਬੁੜਾਹਟ ਜਿਹੀ ਫੈਲੀ ਅਤੇ ਬਹੁਤੀਆਂ ਜ਼ਨਾਨੀਆਂ ਨੇ ਪਲ 'ਚ ਹੀ ਮਹਿਸੂਸ ਕੀਤਾ ਜਿਵੇਂ ਉਨ੍ਹਾਂ ਦੇ ਪੁੜੇ ਸੇਕੇ ਜਾ ਰਹੇ ਹੋਣ !...ਪਰ ਉਹ ਲੋਕ ਕੇਵਲ ਘੂਰੀ ਪਾਕੇ ਹੀ ਵਾਪਸ ਪਰਤ ਗਏ। ਉਨ੍ਹਾਂ ਦੀ ਉਹ ਘੂਰੀ ਹਾਲੇ ਤਕ ਵੀ ਬੱਸ ਦੇ ਵਾਤਾਵਰਣ ਵਿਚ ਲਟਕ ਰਹੀ ਸੀ।

ਕਿਸੇ ਬਜ਼ੁਰਗ ਨੇ ਉਸ ਘੂਰੀ ਨੂੰ ਜਾਂ ਪਰਤ ਰਹੇ ਸਿਪਾਹੀਆਂ ਨੂੰ ਕਿਹਾ :

—'ਚਲੋ ਫੇਰ ਵੀ ਜ਼ਨਾਨੀਆਂ ਹੀ ਨੇ !'

ਫੇਰ, ਉਨ੍ਹਾਂ ਦੇ ਜਾਣ ਤੋਂ ਬਾਦ ਇਕ ਆਵਾਜ਼ ਨੇ ਕਿਹਾ : —'ਵੇਖ ਲਿਆ, ਹਾਲਾਤ ਕਿਹੜੇ ਨੇ ?'

'ਹਾਲਾਤ ? ਮੈਂ ਤਾਂ ਸ਼ਹੀਦਾਂ ਦੇ ਦਰਸ਼ਨਾਂ ਨੂੰ ਚਲੀ ਹਾਂ...ਹੁਣ ਵੀ ਝੂਠ ਬੋਲਾਂ ਤਾਂ ਲੱਖ ਲਾਹਨਤ ਹੈ ਜੀਊਣੇ 'ਤੇ।'

ਬੱਸ ਵਿਚ ਉਦਾਸੀ ਫੈਲ ਗਈ !

ਜਦੋਂ ਕੋਈ ਇਕ ਹੋਰ ਬੰਦਾ ਬੋਲਣ ਲੱਗਾ ਤਾਂ ਦੂਸਰੇ ਨੇ ਕਿਹਾ :

'ਚੁੱਪ ਕਰੋ... ਚੁੱਪ ਕਰੋ ! ਬੱਸ ਸ਼ਹੀਦਾਂ ਨੂੰ ਯਾਦ ਕਰੋ !'

□

[ਸਰਕੂਲਰ ਰੋਡ, ਕਪੂਰਥਲਾ]

## ਜਸਵੰਤ ਸਿੰਘ ਵਿਰਦੀ ਦੇ ਕਹਾਣੀ ਸੰਗ੍ਰਹਿ

| | |
|---|---|
| ਪੀੜ ਪਰਾਈ | ਆਪਣੀ ਆਪਣੀ ਸੀਮਾ |
| ਗ਼ਮ ਦਾ ਸਾਕ | ਪਾਵਰ ਹਾਊਸ |
| ਨੁੱਕਰ ਵਾਲੀ ਗਲੀ | ਜ਼ਿੰਦਗੀ |

ਨਦੀ ਦਾ ਪਾਣੀ

## ਗ਼ਜ਼ਲ/ਸ਼ੇਰ ਸਿੰਘ ਕੇਵਲ

ਜਿਹੜੇ ਬਾਗ਼ 'ਚ ਕਲ ਤੱਕ ਖਿੜੀਆਂ ਕਲੀਆਂ ਸਨ ਮੁਸਕਾਨ ਦੀਆਂ ।
ਅੱਜ ਉਹਨਾਂ ਹੀ ਥਾਵਾਂ ਅੰਦਰ ਚੁੱਪਾਂ ਨੇ ਸ਼ਮਸ਼ਾਨ ਦੀਆਂ ।

ਮੁੱਦਤ ਹੋਈ ਮੋਢਾ ਦੇ ਕੇ ਚੁੱਕਿਆ ਜਿਸਦੀ ਅਰਥੀ ਨੂੰ
ਅੱਜ ਤਕ ਮੇਰੇ ਵਿਹੜੇ ਵਿਚ ਨੇ ਪੈੜਾਂ ਉਸ ਮਹਿਮਾਨ ਦੀਆਂ ।

ਜੰਗਲ ਦੇ ਹਰ ਬਿਰਛ ਦੇ ਗਲ ਵਿਚ 'ਚੁੱਪ ਰਹੋ' ਦੀ ਤਖ਼ਤੀ ਹੈ
ਪੰਛੀ ਵੀ ਅੱਜ ਸਹਿਮੇ ਗੱਲਾਂ ਸੁਣ ਸ਼ਾਹੀ ਫ਼ੁਰਮਾਨ ਦੀਆਂ ।

ਕਲ ਹੀ ਸੌਹਾਂ ਖਾਂਦੇ ਸਨ ਜੋ ਕਾਲਾ ਸਾਗਰ ਤਰਨ ਦੀਆਂ ।
ਦੋ ਲਹਿਰਾਂ ਲੰਘ ਅੱਜ ਉਹਨਾਂ ਨੂੰ ਬਣ ਗਈਆਂ ਨੇ ਜਾਨ ਦੀਆਂ ।

ਸੱਚ ਪੁੱਛੇਂ ਤਾਂ ਰੱਬ ਦਿਆਂ ਬੰਦਿਆ ਤੂੰ ਪਾਤਾਲੀਂ ਨਿਘਰ ਗਿਐਂ,
ਆਖਣ ਨੂੰ ਤਾਂ ਛੋਹ ਲਈਆਂ ਨੇ ਤੈਂ ਸਿਖਰਾਂ ਅਸਮਾਨ ਦੀਆਂ ।

ਅੱਜ ਆਪਣੇ ਗ਼ਮ ਖਾਰੀ ਪਾ ਕੇ ਸੜਕਾਂ ਕੰਢੇ ਬੈਠੇ ਹਨ,
ਗੱਲੀ ਬਾਤੀਂ ਜੋ ਹਰਦੇ ਸਨ ਪੀੜਾਂ ਕੁਲ ਜਹਾਨ ਦੀਆਂ ।

ਠੀਕਰੀਆਂ ਨੇ ਰੋ ਰੋ ਦੱਸੀ ਵਿਥਿਆ ਸੂਹੀ ਮਟਕੀ ਦੀ,
ਇਕ ਉਮਰਾ ਜੋ ਕਰ ਕਰ ਟੁੱਟੀ ਗੱਲਾਂ ਖੁਦੀ ਗੁਮਾਨ ਦੀਆਂ ।

ਰਾਤੀਂ ਕਾਲਾ ਧੰਦਾ ਕਰਕੇ ਬਦਲ ਜਾਣ ਦਿਨ ਚੜ੍ਹਦੇ ਨੂੰ,
ਜੋ ਸੱਥਾਂ ਵਿਚ ਬਹਿਕੇ ਕਰਦੇ ਗੱਲਾਂ ਧਰਮ-ਈਮਾਨ ਦੀਆਂ ।

ਉਡਦੇ ਪੰਛੀ ਦਾ ਪਰਛਾਵਾਂ ਪਲ ਦੋ ਪਲ ਹੀ ਮਿਲਿਆ ਸੀ,
ਹੁਣ ਤਕ ਥਲ ਹੈ ਗੱਲਾਂ ਕਰਦਾ ਉਸ ਦੇ ਇਸ ਅਹਿਸਾਨ ਦੀਆਂ ।

[ਗੁਰੂ ਨਾਨਕ ਕਾਲਜ, ਮੋਗਾ]



## ਨਾਇਕਾ-ਬਨਾਮ-ਨਾਇਕਾ/ਸਵਿਤੋਜ

ਬਗ਼ੈਰ ਬਾਜ਼ੂ ਤੋਂ ਕਮੀਜ਼ ਪਹਿਨਣ ਵਾਲੀ ਕੁੜੀਏ
ਤੈਨੂੰ ਪਸੰਦ ਨਹੀਂ ਮੇਰੀ ਕਵਿਤਾ ਕਿਉਂਕਿ ਖ਼ੂਬਸੂਰਤ ਹੈ
ਮੇਰੀ ਕਵਿਤਾ ਦੀ ਨਾਇਕਾ ਤੇਰੇ ਨਾਲੋਂ ਜ਼ਿਆਦਾ
ਭਾਵੇਂ ਲਟਕਦੀਆਂ ਨੇ ਉਸ ਦੇ ਤਨ 'ਤੇ ਲੀਰਾਂ
ਤੂੰ ਜਲ ਰਹੀ ਹੈਂ ਕਿ ਕਿਉਂ ਏਨੀਆਂ ਚਮਕਦਾਰ ਨੇ
ਉਸ ਦੀਆਂ ਸੁਰਮੇ ਤੋਂ ਸੱਖਣੀਆਂ ਕਾਲੀਆਂ ਅੱਖਾਂ
ਤੇਰੀਆਂ ਭੂਰੀਆਂ ਬਿੱਲੀਆਂ ਅੱਖਾਂ ਨਾਲੋਂ
ਤੈਨੂੰ ਈਰਖਾ ਹੈ ਉਸ ਦੀ ਸੱਪਣੀ ਵਰਗੀ ਗੁੱਤ ਦੇ ਨਾਲ
ਤੈਨੂੰ ਇਹ ਵੀ ਸ਼ਿਕਵਾ ਹੈ ਮੇਰੀ ਕਵਿਤਾ ਦੀ ਨਾਇਕਾ ਦੇ ਨਾਲ
ਕਿ ਉਸਨੇ ਕਿਉਂ ਨਹੀਂ ਮੁੰਨੇ ਸੁੱਲੀਆਂ ਤੇ ਕੱਛਾਂ ਦੇ ਵਾਲ
ਆਧੁਨਿਕ ਫੈਸ਼ਨ ਦੇ ਅਨੁਸਾਰ
ਤੈਨੂੰ ਘੁਮੰਡ ਹੈ ਆਪਣੇ ਉੱਚੇ ਹੋਣ ਦਾ
ਪਰ ਲੰਮੇ ਕੱਦ ਨਾਲ ਕਦੇ ਕੋਈ ਉੱਚਾ ਨਹੀਂ
ਹਾਈ ਹੀਲ ਤਾਂ ਐਵੇਂ ਇਕ ਭਰਮ ਹੈ ।

ਬਗ਼ੈਰ ਬਾਜ਼ੂ ਤੋਂ ਕਮੀਜ਼ ਪਹਿਨਣ ਵਾਲੀ ਕੁੜੀਏ
ਪਰ ਮੈਨੂੰ ਤੇਰੇ ਨਾਲ ਨਫ਼ਰਤ ਨਹੀਂ, ਕਿਉਂਕਿ
ਸਮਾਜ ਦਾ ਪਿੰਡਾ ਤਾਂ ਥਾਂ ਥਾਂ ਗਲਿਆ ਪਿਆ ਹੈ,
'ਤੇ ਤੂੰ ਖੁਦ ਇਕ ਸੜਿਹਾਂਦ ਮਾਰਦਾ ਹੋਇਆ ਫੋੜਾ ਹੈਂ,
ਸਮਾਜ ਦੇ ਜਿਸਮ 'ਤੇ
ਪਰ ਹੁਣ ਉਹ ਸਮਾਂ ਨਹੀਂ ਰਿਹਾ
ਜਦੋਂ ਪਿਲਕਰਿਆਂ ਨਾਲ ਭਰਿਆ ਹੋਇਆ ਮਨੁੱਖ
ਮਰ ਜਾਂਦਾ ਸੀ ਦਵਾਈ ਖੁਣੋਂ
ਹੁਣ ਤਾਂ ਮਿਲ ਜਾਂਦੀਆਂ ਨੇ ਹਰੇਕ ਆਰ. ਐਮ. ਪੀ. ਕੋਲੋਂ
ਖ਼ੂਨ-ਸ਼ਫਾ ਦੀਆਂ ਗੋਲੀਆਂ
ਬੈਗਰ ਬਾਜ਼ੂ ਤੋਂ ਕਮੀਜ਼ ਪਹਿਨਣ ਵਾਲੀ ਕੁੜੀਏ
ਪਰ ਮੇਰੀ ਕਵਿਤਾ ਦੀ ਨਾਇਕਾ ਨੇ, ਕਦੇ ਵੀ ਤੇਰੇ ਮੂਹਰ,
ਤਰਸ ਦੀ ਪਾਤਰ ਨਹੀਂ ਬਣਨਾ ਕਿਉਂਕਿ
ਉਸਨੂੰ ਕੋਈ ਝੋਰਾ ਨਹੀਂ ਆਪਣੇ ਰੰਗ ਦੇ ਕਾਲੇ ਪੈ ਜਾਣ ਦਾ
ਤੇ ਨਾ ਹੀ ਉਸ ਨੂੰ ਜ਼ਰੂਰਤ ਹੈ ਰੈਜ਼ੋਰ ਦੀ
ਕਿਉਂਕਿ ਉਸਨੇ ਕਦੀ ਵੀ ਨੁਮਾਇਸ਼ੀ ਗੁੱਡੀ ਨਹੀਂ ਬਣਨਾ
ਤੇ ਨਾ ਹੀ ਹੈ ਉਸਨੂੰ ਕੋਈ ਸੰਸਾ ਧੁੱਪ ਚ ਪੈਰਾਂ ਦੇ ਸੜ ਜਾਣ ਦਾ
ਕਿਉਂਕਿ ਸਫ਼ਰ ਤਾਂ ਮੁਲਤਵੀ ਨਹੀਂ ਹੋ ਸਕਦਾ ।

ਬਗੈਰ ਬਾਹੂ ਤੋਂ ਕਮੀਜ਼ ਪਹਿਨਣ ਵਾਲੀ ਕੁੜੀਏ
ਜੇ ਨਹੀਂ ਪਸੰਦ ਤੈਨੂੰ ਮੇਰੀ ਕਵਿਤਾ
ਤਾਂ ਮੈਂ ਮਜਬੂਰ ਹਾਂ ਕਿ ਮੈਂ ਮਸਤ ਰਾਮ ਨਹੀਂ ਬਣ ਸਕਦਾ
ਜਾਂ ਇਸ ਕਿਸਮ ਦਾ ਕੋਈ ਹੋਰ,
ਮੈਂ ਪੈਸੇ ਦਾ ਪੁੱਤ ਨਹੀਂ ਬਣ ਸਕਦਾ
ਜੇ ਨਹੀਂ ਪਸੰਦ ਤੈਨੂੰ ਮੇਰੀ ਕਵਿਤਾ ਤਾਂ ਨਾ ਸਹੀ
ਮੈਂ ਇਹ ਸਭ ਬਣ ਨਹੀਂ ਸਕਦਾ
ਮੈਂ ਇਹ ਸਭ ਕੁਝ ਲਿਖ ਨਹੀਂ ਸਕਦਾ ।

[33-ਸੀ, ਭਾਈ ਵੀਰ ਸਿੰਘ ਹੋਸਟਲ, ਯੂਨੀਵਰਸਿਟੀ ਕੈਂਪਸ, ਪਟਿਆਲਾ]

## ਇਸ ਸ਼ਹਿਰ ਵਿਚ/ਕੁਲਦੀਪ ਬਿੰਦ

ਜਿਨ੍ਹਾਂ ਲਈ ਜ਼ਿੰਦਗੀ ਇਕ ਹਾਦਸਾ
ਤੇ ਮੌਤ ਹਾਦਸਿਆਂ ਤੋਂ ਛੁਟਕਾਰਾ
ਘੋੜੇ ਦੀਆਂ ਟਾਪਾਂ ਦੀ ਆਵਾਜ਼
ਜਿਨ੍ਹਾਂ ਦੇ ਪੈਰਾਂ ਵਿਚ ਮਰ ਜਾਵੇ
ਤੇ ਕਦਮਾਂ ਦੇ ਨਿਸ਼ਾਨ
ਡਰਾਉਣਾ ਸੁਪਨਾ ਬਣ
ਕਿਸੇ ਮਾਸੂਮ ਬੱਚੇ ਨੂੰ ਜਗਾ ਦੇਣ
ਫਿਰ ਇਕ ਪਿਆਰੀ ਜਿਹੀ ਲੋਰੀ ਦਾ
ਅਣਜਾਣ ਜਿਹਾ ਅਹਿਸਾਸ
ਬੱਚੇ ਨੂੰ ਸੁਲਾ ਦੇਵੇ
ਜਿਨ੍ਹਾਂ ਤੋਂ ਰੋਜ਼ ਚੜ੍ਹਦੇ ਸੂਰਜ ਦੀ ਲਾਲੀ
ਵਾਅਦਿਆਂ ਦਾ ਕਾਫਲਾ ਮੰਗੇ
ਤੇ ਉਹਨਾਂ ਦੇ ਚਿਹਰਿਆਂ ਉਪਰ ਬੱਦਲ
ਜਨਮ ਲੈਣ ਲਈ ਮਜਬੂਰ ਹੋ ਜਾਣ
ਇਹਨਾਂ ਬੱਦਲਾਂ 'ਚੋਂ ਉਠੀ ਕਾਲੀ ਘਟਾ
ਕਾਂਗਿਆਰੀ ਨੂੰ ਮਾਰਨ ਦੀ ਬਜਾਏ
ਕਣਕ ਦੀ ਫਸਲ ਹੀ ਨਸ਼ਟ ਕਰ ਦੇਵੇ
...... ? ...... ? ...... ?
ਉਹਨਾਂ ਲਈ
ਆਪਣੇ ਘਰ ਦੀ ਚਾਰ ਦੀਵਾਰੀ ਨੂੰ
ਅਜੇ ਨਵੀਂ ਸੋਚ ਦੇਣੀ ਬਾਕੀ ਹੈ
ਕਿਉਂਕਿ
ਇਸ ਸ਼ਹਿਰ ਵਿਚ
ਉਸ ਕਿਤਾਬ ਨੂੰ ਪੜ੍ਹਨਾ
ਸਭ ਤੋਂ ਵੱਡਾ ਜੁਰਮ ਹੈ ।

[1/2 ਪਡੋਪੁੱਕਰ ਰੋਡ, ਕਲਕੱਤਾ, 700020]



## ਮਹਿੰਦੀ ਵਾਲੀ ਰੁੱਤ/ਗੁਰਚਰਨ ਚੀਮਾ

ਮੈਂ ਤਾਂ ਇਹ ਕਦੇ ਵੀ ਨਹੀਂ ਸੀ ਸੋਚਿਆ
ਕਿ ਗੁਰਬਤ ਦੇ ਬੇਢੌਲ ਵਿਹੜੇ ਵਿਚ
ਮੇਰੇ ਜਿਸਮ ਦੀ ਜਾਗਦੀ ਮਿੱਟੀ ਨੂੰ
ਇੰਜ ਹਰ ਕਾਣੀ ਅੱਖ ਕੋਲੋਂ ਸ਼ਰਮਸਾਰ ਹੋਣਾ ਪਵੇਗਾ
ਅਤੇ ਸਹਿਣੀ ਪਵੇਗੀ
ਵੇਸਵਾ ਜਿਹੀ ਨਮੋਸ਼ੀ ਦੀ ਹਿੱਕ ਚੀਰਵੀਂ ਪੀੜ ।

ਜਦੋਂ ਅਚਾਨਕ ਹੀ ਬਚਪਨ ਦੀ ਉਂਗਲ
ਮੇਰੇ ਹੱਥਾਂ 'ਚੋਂ ਛੁਟਕ ਗਈ ਸੀ
ਅਤੇ ਠੰਡੀਆਂ ਛਾਵਾਂ ਦੇ ਬਦਲੇ
ਮੇਰੇ ਲਈ ਕੜਕਦੀਆਂ ਦੁਪਹਿਰਾਂ ਦੇ ਵਰਦਾਨ ਦੀ
ਪਰਿਭਾਸ਼ਾ ਦਾ ਐਲਾਨ ਹੋਇਆ ਸੀ
ਤਾਂ ਮਹਿੰਦੀ ਵਾਲੀ ਉਮਰ ਦੀ ਮਹਿਕਦੀ ਰੁੱਤੇ
ਇੱਕ ਪੰਗਰਦਾ ਸੰਦਲੀ ਸੁਪਨਾ
ਤਿੜਕ ਕੇ ਬਿਖ਼ਰ ਗਿਆ ਸੀ
ਮੌਸਮ ਦੇ ਖੂਹ ਵਿਚ ।
ਅੰਨ੍ਹਾ ਖੂਹ—
ਜਿਸਦੇ ਖੁੰਦਕੀ ਹਨੇਰੇ ਓਹਲੇ
ਨਿੱਤ ਨਵੀਆਂ ਸਾਜ਼ਿਸ਼ਾਂ ਦੀ ਭਰਮਾਰ ਪਲਦੀ ਹੈ
ਨਿੱਤ ਨਵੀਂ ਗੁਫ਼ਤਗੂ, ਨਿੱਤ ਨਵੀਂ ਚਾਲ ਚਲਦੀ ਹੈ ।

ਮੈ ਤਾਂ ਇਹ ਕਦੇ ਵੀ ਨਹੀਂ ਸੀ ਸੋਚਿਆ
ਕਿ ਗੁਰਬਤ ਦਾ ਬੁੱਢਾ ਬੋਹੜ
ਜਿਸ ਦੇ ਹਰ ਪੱਤੇ ਉਤੇ
ਬੇਤਰਤੀਬ ਉਕਰੀਆਂ ਹੋਈਆਂ ਹਨ
ਮੇਰੇ ਖੱਬੇ ਹੱਥ ਦੇ ਅਗੂੰਠੇ ਦੀਆਂ ਅਸੀਮਤ ਰੇਖਾਵਾਂ
—ਇੰਜ ਹੀ ਪੁਸ਼ਤ-ਦਰ-ਪੁਸ਼ਤ
ਮੇਰੇ ਸਿਰ 'ਤੇ ਉੱਗਿਆ ਰਹੇਗਾ ।
—ਜਿਸਦੇ ਕਾਲੇ ਪ੍ਰਛਾਵੇਂ ਹੇਠ
ਇੰਜ ਹੀ ਸੁਕੜਦਾ ਰਹੇਗਾ
ਮੇਰੇ ਮਲੂਕ ਚਾਵਾਂ ਦਾ ਸਹਿਮਿਆ ਸਿਰਨਾਵਾਂ ।
ਮੈਂ ਤਾਂ ਇਹ ਉੱਕਾ ਹੀ ਨਹੀਂ ਸੀ ਸੋਚਿਆ
ਕਿ ਮੇਰੀਆਂ ਸੰਗਦੀਆਂ ਪੈੜਾਂ ਤੋਂ

ਇਹ ਬੇ-ਪਹਿਚਾਣ ਰਸਤੇ ਇੰਜ ਹੀ ਇਤਨੇ ਵਾਕਿਫ ਹੋ ਜਾਣਗੇ
ਅਤੇ ਫੈਲਰਦੀ ਅਕਲ ਦਾ ਨਿਰੋਇਆ ਚਾਨਣ
ਮੇਰੀਆਂ ਉਦਾਸ ਅੱਖਾਂ ਵਿਚ ਬਾਲ਼ਕੇ ਨਰੀ ਦੀਵੇ
ਮੇਰੀ ਹੀ ਉਂਗਲ ਫੜਕੇ ਮੰਜ਼ਿਲ ਵਲ ਇੰਜ ਲੈ ਟੁਰੇਗਾ।
ਅਤੇ ਆਖੇਗਾ :
ਆਪਣੇ ਸਾਬਤ ਕਦਮ ਵਕਤ ਦੀ ਹਿੱਕ ਉੱਤੇ ਰਖੇ ਬਗੈਰ
ਤੇਰੇ ਜਿਸਮ ਦੀ ਜਾਗਦੀ ਮਿੱਟੀ ਨਾਲੋਂ ਝੜਨੇ ਨਹੀਂ
ਗੁਰਬਤ ਦੇ ਇਹ ਕਾਲੇ ਪ੍ਰਛਾਵੇਂ।

ਹੁਣ ਜਦ ਤਪਦੇ ਮੋਹ ਦੀ ਅਧੂਰੀ ਕਥਾ ਨੂੰ
ਸਹਿਜੇ ਹੀ ਮਨ ਦੇ ਮੱਥੇ ਤੋਂ ਪੂੰਝ ਕੇ
ਕਾਫ਼ਲਿਆਂ ਸੰਗ ਉਡਦੀ ਧੂੜ 'ਚ ਤੁਰਦਾ ਹਾਂ
ਤਾਂ ਸੋਚਦਾ ਹਾਂ
ਕਿ ਮੈਂ ਤਾਂ ਕਦੇ ਵੀ ਨਹੀਂ ਸੀ ਸੋਚਿਆ
ਕਿ ਇਸ ਤੋਂ ਪਿੱਛੋਂ
ਮੈਂ ਇੰਜ ਦਾ ਹੋ ਜਾਵਾਂਗਾ। □

[ਪਿੰਡ ਚੀਮਾ, ਡਾਕਘਰ ਕੜਿਆਲ, ਤਹਿਸੀਲ ਜ਼ੀਰਾ, ਜ਼ਿਲਾ ਫੀਰੋਜ਼ਪੁਰ]

## ਕਿੱਥੇ ?/ਅਜੀਤ ਸਿੰਘ

ਅੱਜ ਵੀ "ਇੰਦਰ ਦੇਵਤਾ"
"ਚੰਦਰਮਾ" ਨੂੰ ਨਾਲ ਲੈਕੇ
ਅਹੱਲਿਆ ਦਾ ਸਰੀਰ
ਹੋਗਣ ਆਉਂਦਾ ਹੈ।
ਪਰ "ਚੰਦਰਮਾ" ਅੱਜ
ਪਹਿਲਾਂ ਵਾਂਗ ਮੁਰਗਾ ਬਣ
ਬਾਂਗ ਨਹੀਂ ਦਿੰਦਾ।
ਨਾ ਹੀ "ਗੋਤਮ"
ਕਿਧਰੇ ਨ੍ਹਾਣ ਜਾਂਦਾ ਹੈ
ਨਾ ਹੀ ਨਦੀ ਅੱਜ
ਧਾਰਕੇ ਮਨੁੱਖ ਦਾ ਰੂਪ
ਉਸਨੂੰ ਦੱਸਦੀ ਹੈ
ਕਿ ਲੁੱਟ ਰਿਹਾ ਹੈ ਤੇਰਾ ਘਰ
ਕਿਉਂਕਿ ਉਦੋਂ 'ਸਤਿ ਯੁਗ' ਸੀ
ਤੇ ਅੱਜ "ਕਲ-ਯੁਗ"
ਤਾਂ ਹੀ ਤਾਂ ਅੱਜ ਜਦੋਂ ਵੀ
"ਦੇਵਤਾ" ਚਰਨ ਪਾਉਂਦਾ ਹੈ
ਗੌਤਮ ਸਲਾਮ ਕਰਦਾ ਹੈ।
ਭੋਗਣ ਦਿੰਦਾ ਹੈ
ਆਪਣਾ ਹੀ ਅੱਧ
ਆਪਣਾ ਹੀ ਜਿਸਮ
ਸਰਾਪ ਤਾਂ ਕੀ ਦੇਣਾ ਸੀ
ਇਤਰਾਜ਼ ਵੀ ਨਹੀਂ ਕਰਦਾ
ਸਗੋਂ "ਚੰਦ" ਦੇ ਹੱਥੋਂ
ਵਸੂਲ ਕਰ ਲੈਂਦਾ ਏ
ਆਪਣੀ ਇਜ਼ਤ ਦਾ ਮੁੱਲ
ਆਪਣੇ ਹਿੱਸੇ ਦਾ ਅੱਧ
ਅੱਜ ਅਹੱਲਿਆ ਸੋਚਦੀ ਹੈ
ਉਸ ਲਈ 'ਸਤਿ-ਯੁਗ'
ਤੇ 'ਕਲ-ਯੁਗ' ਇਕੋ ਹਨ
ਉਹ ਜਾਵੇ ਤਾਂ ਕਿੱਥੇ ?
□

[ਸੰਗੂਆਣਾ, ਜ਼ਿਲਾ ਬਠਿੰਡਾ]



## ਕਿਸ਼ਨ ਸਿੰਘ ਦੀ ਮਾਰਕਸਵਾਦੀ 'ਸਮਝ'/ਸੁਰਜੀਤ ਗਿੱਲ

ਮਾਰਕਸਵਾਦ ਸਦਾ ਤੋਂ ਹੀ ਅਚੇਤ ਤੇ ਸੁਚੇਤ ਤੌਰ 'ਤੇ ਕੁਰਾਹੀਆਂ ਦੇ ਹਮਲਿਆਂ ਦਾ ਸ਼ਿਕਾਰ ਰਿਹਾ ਹੈ। ਇਹਨਾਂ ਕੁਰਾਹੀਆਂ ਵਿਚ ਵੱਡੀ ਗਿਣਤੀ ਉਹਨਾਂ ਦੀ ਹੈ ਜਿਨ੍ਹਾਂ ਨੇ ਸਦਾ ਆਪਣੇ ਆਪਨੂੰ ਸ਼ੁਧ ਮਾਰਕਸਵਾਦੀ ਦਸਿਆ ਹੈ। ਮਾਰਕਸਵਾਦ ਦੇ ਇਹ ਕੁਰਾਹੀਏ ਸਭ ਤੋਂ ਖਤਰਨਾਕ ਰਹੇ ਹਨ ਤੇ ਇਹਨਾਂ ਨੇ ਮਾਰਕਸਵਾਦ ਨੂੰ ਸਭ ਤੋਂ ਵੱਧ ਨੁਕਸਾਨ ਪੁਚਾਇਆ ਹੈ। ਇਹ ਕੁਕਰਮ ਕਰਨ ਵਾਲੇ ਯੂਨੀਵਰਸਿਟੀਆਂ ਤੇ ਹੋਰ ਸਰਕਾਰੀ ਵਿਦਿਅਕ ਸੰਸਥਾਵਾਂ ਵਿਚ ਬੈਠੇ ਪੈਟੀ ਬੁਰਜਵਾ ਬੁਧੀਜੀਵੀ ਤੇ ਪ੍ਰੋਫੈਸਰ ਰਹੇ ਹਨ ਜਿੰਨ੍ਹਾਂ ਨੇ ਮਾਰਕਸਵਾਦ ਨੂੰ ਕੇਵਲ ਪੜ੍ਹਿਆ ਹੈ, ਉਸ ਨੂੰ ਗੁੜ੍ਹਿਆ ਨਹੀਂ। ਉਸ ਦੇ ਅਮਲ ਨਾਲ ਦੂਰ ਦਾ ਵੀ ਵਾਸਤਾ ਨਹੀਂ ਰਖਿਆ। ਉਹਨਾਂ ਲਈ ਡਰਾਇੰਗ ਰੂਮ ਦੇ ਸੋਫਿਆਂ ਉਤੇ ਬੈਠਕੇ ਮਾਰਕਸਵਾਦ ਦੀ ਜੁਗਾਲੀ ਕਰਨੀ ਤੇ ਦੂਜੇ ਪੈਟੀ ਬੁਰਜਵਾ ਤੇ ਬੁਰਜਵਾ ਬੁਧੀਜੀਵੀਆਂ ਉਤੇ 'ਵਿਦਵਾਨ' ਹੋਣ ਦਾ ਰੋਹਬ ਪਾਉਣਾ ਇਕ ਚੰਗਾ ਮਨ ਪਰਚਾਵਾ ਰਿਹਾ ਹੈ।

ਮਾਰਕਸਵਾਦ ਦੀ ਚੜ੍ਹਤ ਤੇ ਉਸਦੀ ਉਤਮਤਾ ਨੂੰ ਦੇਖਕੇ ਉਪਰੋਕਤ ਕਿਸਮ ਦੇ ਬੁਧੀਜੀਵੀ ਉਸ ਵਲ ਖਿਚੇ ਜਾਂਦੇ ਹਨ। ਪਰੰਤੂ ਮਾਰਕਸਵਾਦੀ ਹੋਣ ਲਈ ਬਿਖੜੇ ਰਾਹਾਂ ਉਤੇ ਤੁਰਨਾ ਤੇ ਅਲੂਣੀ ਸਿਲ਼ ਚੱਟਣਾ ਉਹਨਾਂ ਦੀ ਜਮਾਤੀ ਸਥਿਤੀ ਦੇ ਅਨੁਕੂਲ ਨਹੀਂ ਹੁੰਦਾ। ਇਸ ਲਈ ਮਾਰਕਸਵਾਦ ਨੂੰ ਪੜ੍ਹਕੇ ਉਸ ਦੇ ਅੰਤਰਮੁਖੀ ਨਿਰਣੇ ਤੇ ਅਰਥ ਕਰਦੇ ਹਨ। ਉਹ ਮਾਰਕਸਵਾਦ ਨੂੰ ਅਮਲ ਤੋਂ ਕੱਟੇ ਹੋਏ ਇਕ ਮੰਤਰ ਵਜੋਂ ਲੈਂਦੇ ਹਨ ਜਿਸ ਉਤੇ ਅਮਲ ਦੀ ਕੋਈ ਲੋੜ ਨਹੀਂ, ਕੇਵਲ ਉਸਦੇ ਮੂੰਹ-ਜ਼ਬਾਨੀ ਰਟਣ ਨਾਲ ਆਪਣਾ ਤੇ ਹੋਰ ਲੋਕਾਂ ਦਾ ਕਲਿਆਣ ਕਰ ਦੇਣਗੇ। ਅਜਿਹੇ "ਮਾਰਕਸਵਾਦੀ" ਅਮਲ ਦੇ ਸਾਰੇ ਖੇਤਰਾਂ ਨੂੰ ਨਿੰਦਣਗੇ। ਅਮਲ ਕਰ ਰਹੀਆਂ 'ਮਾਰਕਸਵਾਦੀ' ਪਾਰਟੀਆਂ ਦੇ ਆਗੂਆਂ ਨੂੰ ਬੁੱਧੂ ਤੇ ਬੇਈਮਾਨ ਸਾਬਤ ਕਰਨਗੇ, ਲੱਖਾਂ ਵਰਕਰਾਂ ਨੂੰ ਕਾਠ ਦੇ ਉਲੂ ਦੇ ਪਿਛਲੱਗ ਦੱਸਣਗੇ। ਉਹਨਾਂ ਨੂੰ ਲੱਖਾਂ ਵਰਕਰਾਂ ਦੀ ਵਰ੍ਹਿਆਂ ਬੱਧੀ ਤਨ ਮਨ ਤੇ ਧਨ ਦੀ ਕੀਤੀ ਕੁਰਬਾਨੀ 'ਖੇਹ ਛਾਨਣਾ' ਦਿਸੇਗੀ। ਉਹ ਸਦਾ ਮਾਰਕਸਵਾਦੀ ਪਾਰਟੀ ਦੀ ਕਿਸੇ ਛੋਟੀ ਤੋਂ ਛੋਟੀ ਕਮਜ਼ੋਰੀ ਦੀ ਤਾੜ ਵਿਚ ਰਹਿਣਗੇ ਅਤੇ ਉਹਨੂੰ ਪਹਾੜ ਜਿੱਡੀ ਦੱਸਕੇ ਆਗੂਆਂ ਤੇ ਵਰਕਰਾਂ ਨੂੰ ਭੰਡਣ ਦਾ ਮੌਕਾ ਨਹੀਂ ਖੁੰਝਾਉਣਗੇ।

ਇਹ ਬੁਧੀਜੀਵੀ ਗੱਲ ਸਦਾ ਗੁੰਝਲਦਾਰ, ਲੱਛੇਦਾਰ ਤੇ ਪੰਡਤਾਊ ਬੋਲੀ ਵਿਚ ਕਰਨਗੇ ਜਿਸ ਦੀ ਕਈ ਵੇਰ ਉਹਨਾਂ ਨੂੰ ਆਪ ਵੀ ਸਮਝ ਨਹੀਂ ਪੈਂਦੀ। ਉਹਨਾਂ ਦੇ ਇਹਨਾਂ ਵਿਦਵਤਾ ਭਰੇ ਵਿਚਾਰਾਂ ਦੀ ਸਾਰਥਿਕਤਾ ਉਤੇ ਕਿੰਤੂ ਕਰਨ ਵਾਲੇ ਨੂੰ ਉਹ ਮੂੜ੍ਹ, ਅਨਪੜ੍ਹ ਤੇ ਅਵਿਦਿਅਤ ਗਰਦਾਨਣ ਗੇ। ਉਹ ਆਪਣੇ ਦੇਸ਼ ਦੀ ਹਾਕਮ ਜਮਾਤ ਉਤੇ ਸਿੱਧੀ ਸੱਟ ਮਾਰਨ ਵਾਲੀ ਗੱਲ ਕਰਨ ਤੋਂ ਸਦਾ ਗਰੇਜ਼ ਕਰਨਗੇ। ਜੇਕਰ ਮਜਬੂਰਨ ਕਦੇ ਕਹਿਣੀ ਪੈ ਜਾਵੇ ਤਾਂ ਗੋਲ ਮੋਲ ਢੰਗ ਨਾਲ ਕਹਿਣਗੇ, ਜਿਸਦੇ ਕਈ ਅਰਥ ਕਢੇ ਜਾ ਸਕਣ। ਇਹਨਾਂ ਵਿਅਕਤੀਆਂ ਨੂੰ ਆਪਣੇ ਦੇਸ਼ ਦੀ ਮਾਰਕਸੀ ਪਾਰਟੀ ਤੋਂ ਸਦਾ ਘਿਣ ਆਉਂਦੀ ਹੈ, ਪਰ ਕਿਸੇ ਸੋਸ਼ਲਿਸਟ ਦੇਸ਼ ਦੀ ਪਾਰਟੀ

ਨਾਲ ਇਹਨਾਂ ਨੂੰ ਡੂੰਘਾ ਹੇਜ ਹੁੰਦਾ ਹੈ । ਉਸ ਵਿਚ ਇਹਨਾਂ ਨੂੰ ਓਪਰੀਆਂ ਸਿਫ਼ਤਾਂ ਦਿਖਾਈ ਦਿੰਦੀਆਂ ਹਨ ।

ਪਰੰਤੂ ਇਹਨਾਂ ਅਖੌਤੀ 'ਮਾਰਕਸੀ ਬੁਧੀਜੀਵੀਆਂ' ਦੀ ਬਦਕਿਸਮਤੀ ਇਹ ਹੁੰਦੀ ਹੈ ਕਿ ਉਹ ਓਪਰੀਆਂ ਸਿਧਾਂਤਕ ਗੱਲਾਂ ਕਰਦੇ ਰਹਿਣ ਪਿਛੋਂ ਕਦੇ ਨਾ ਕਦੇ ਅਮਲੀ ਖੇਤਰ ਦੇ ਨੇੜੇ ਆਉਣ ਲਈ ਮਜਬੂਰ ਹੋ ਜਾਂਦੇ ਹਨ । ਇਥੇ ਇਹਨਾਂ ਦੀ ਮਾਰਕਸਵਾਦ ਦੀ ਸਮਝ ਏਨੀ ਪੇਤਲੀ ਹੋ ਜਾਂਦੀ ਹੈ ਕਿ ਸਮਝ ਦਾ ਤਲਾ ਦਿਖਾਈ ਦੇ ਜਾਂਦਾ ਹੈ । ਉਹ ਗੱਲ ਜਿਹੜੀ ਕਿਸੇ ਮਾਰਕਸਵਾਦੀ ਪਾਰਟੀ ਦਾ ਸਾਧਾਰਨ ਵਰਕਰ, ਜਿਸਨੂੰ ਇਹ ਪਿਛਲੱਗ ਕਹਿਕੇ ਭੰਡਦੇ ਨਹੀਂ ਥਕਦੇ, ਪੂਰੀ ਤਰ੍ਹਾਂ ਸਮਝਦਾ ਹੈ, ਇਹਨਾਂ ਨੂੰ ਉਸ ਦੀ ਉੱਕਾ ਹੀ ਸਮਝ ਨਹੀਂ ਹੁੰਦੀ ।

ਇਹਨਾਂ ਮਾਰਕਸਵਾਦ ਦੇ ਕੁਰਾਹੀਆਂ ਦੀ ਇਕ ਪਛਾਣ ਇਹ ਹੁੰਦੀ ਹੈ ਕਿ ਆਪੋ ਵਿਚੀ ਬਾਹਰਮੁਖੀ ਵਿਰੋਧ ਦਿਖਾਉਣ, ਖੱਬੇ ਸੱਜੇ ਦਾ ਪਾੜਾ ਹੁੰਦਿਆਂ ਵੀ ਟੀਚਾ ਇਹਨਾਂ ਦਾ ਇਕੋ ਹੁੰਦਾ ਹੈ : ਮਾਰਕਸੀ ਪਾਰਟੀ ਨੂੰ ਭੰਡਣਾ, ਆਮ ਲੋਕਾਂ ਤੇ ਈਮਾਨਦਾਰ ਬੁਧੀਜੀਵੀਆਂ ਨੂੰ ਭੁਚਲਾਉਣਾ ਤੇ ਅਮਲ ਤੋਂ ਦੂਰ ਰਖਣਾ । ਹਾਕਮ ਜਮਾਤਾਂ ਨੂੰ, ਸਥਾਪਿਤ ਕਦਰਾਂ ਨੂੰ, ਜਮਾਤੀ ਸੰਘਰਸ਼ ਦੀ ਫੱਟ ਤੋਂ ਬਚਾਉਣਾ ।

ਪਿਛਲੇ ਸਮੇਂ ਵਿਚ ਪੰਜਾਬੀ ਸਾਹਿਤ ਤੇ ਬੋਲੀ ਦੇ ਖੇਤਰ ਵਿਚ ਅਜਿਹੇ ਬੁਧੀਜੀਵੀਆਂ ਦੀ ਇਕ ਜੁੰਡੀ ਨਮੂਦਾਰ ਹੋਈ ਹੈ ਜਿਸ ਦਾ ਸਰਗਣਾ ਪ੍ਰੋਫੈਸਰ ਕਿਸ਼ਨ ਸਿੰਘ ਦਿੱਲੀ ਵਾਲਾ ਹੈ ਤੇ ਇਸ ਜੁੰਡੀ ਦਾ ਮੁਖ ਬੁਲਾਰਾ 'ਸੇਧ' ਹੈ । ਇਹ ਪਰਚਾ ਨਿਰੋਲ ਕਿਸ਼ਨ ਸਿੰਘ ਤੇ ਉਹਦੀ ਜੁੰਡੀ ਦਾ ਪ੍ਰਚਾਰਕ ਹੈ, ਜਿਸ ਵਿਚ ਇਹਨਾਂ ਦੇ ਵਿਚਾਰਾਂ ਦੇ ਵਿਰੋਧੀਆਂ ਨੂੰ ਕੋਈ ਥਾਂ ਨਹੀਂ ਹੈ । ਪਰੰਤੂ ਸਰਬ-ਸਾਂਝੀ ਦਿੱਖ ਬਣਾਉਣ ਤੇ ਸਾਧਾਰਨ ਪਾਠਕਾਂ ਦੀਆਂ ਅੱਖਾਂ ਵਿਚ ਘੱਟਾ ਪਾਉਣ ਲਈ 'ਲੇਖਕ/ਪਾਠਕ ਕਹਿੰਦੇ ਹਨ' ਦੇ ਪੰਨੇ ਰਾਖਵੇਂ ਹਨ । ਉਹਨਾਂ ਵਿਚ ਵਿਰੋਧੀ ਵਿਚਾਰਾਂ ਨੂੰ ਛਾਪਣ ਉਪਰੰਤ, ਉਹ ਵੀ ਕਈ ਵਾਰ ਕਾਂਟ ਛਾਂਟ ਕਰਕੇ, ਉਹਨਾਂ ਉਤੇ 'ਸ਼ੁਧ ਮਾਰਕਸਵਾਦੀ' ਵਿਚਾਰਾਂ ਦੇ ਤਾਬੜ ਤੋੜ ਹੱਲੇ ਕੀਤੇ ਜਾਂਦੇ ਹਨ ਤੇ ਉਸ ਵਿਚਾਰੇ ਲੇਖਕ/ਪਾਠਕ ਦੀ ਆਵਾਜ਼ ਨਕਾਰਖਾਨੇ ਵਿਚ ਤੂਤੀ ਦੀ ਆਵਾਜ਼ ਬਣਕੇ ਰਹਿ ਜਾਂਦੀ ਹੈ ।

ਜਿਵੇਂ ਮਾਰਕਸ ਨੇ Poverty of Philosophy ਲਿਖਣ ਸਮੇਂ ਪ੍ਰੋਫੈਸਰ ਡਹਰਿੰਗ ਬਾਰੇ ਕਿਹਾ ਸੀ ਕਿ "ਉਹਨੇ ਆਪਣੇ ਸਿਧਾਂਤ ਦੀਆਂ ਤਿੰਨ ਮੋਟੀਆਂ ਜਿਲਦਾਂ ਛਾਪਕੇ ਮਾਨੋ ਤਿੰਨ ਕਿਲੇ ਉਸਾਰ ਦਿਤੇ ਹਨ, ਜਿਨ੍ਹਾਂ ਨੂੰ ਢਾਉਣਾ ਅਵਸ਼ਕ ਹੈ ।" ਇਸੇ ਤਰ੍ਹਾਂ ਪ੍ਰੋ: ਕਿਸ਼ਨ ਸਿੰਘ ਨੇ ਸਾਰੀ ਉਮਰ ਆਪਣੀ "ਜ਼ਾਤੀ" ਮੈਲ ਧੋਣ ਉਪਰੰਤ ਹੁਣ ਪਿਛਲੀ ਉਮਰ ਮਾਰਕਸਵਾਦ ਦੇ ਪੰਜਾਬੀ ਕਰਨ ਤੇ ਉਹਦੀ ਮੁਕੰਮਲ ਸਫਾਈ ਕਰਨ ਲਈ ਅਰਪਣ ਕਰ ਦਿਤੀ ਹੈ । ਉਹ ਪੰਜਾਬੀ ਦੇ ਪੁਰਾਤਨ ਸਾਹਿਤ ਤੋਂ ਲੈਕੇ ਮਾਰਕਸਵਾਦ ਦੇ ਸਿੱਖੀਕਰਨ ਤੋਂ ਲੰਘਦਾ ਹੁਣ "ਮਾਓ ਦੀ ਆਰਥਿਕ ਨੀਤੀ" ਤਕ ਪੁਜ ਗਿਆ ਹੈ । ਭਾਵ ਉਹਨੇ ਸਮੁੱਚੇ ਪੰਜਾਬੀ ਸਾਹਿਤ, ਕਲਚਰ, ਆਰਥਿਕਤਾ ਤੇ ਰਾਜਨੀਤੀ ਦਾ ਮਾਰਕਸੀ ਵਿਸ਼ਲੇਸ਼ਣ ਜਾਂ ਮਾਰਕਸਵਾਦ ਦਾ 'ਪੰਜਾਬੀਕਰਨ' ਕਰ ਦਿੱਤਾ ਹੈ । ਪਰੰਤੂ ਲੋਕ ਤੇ ਇਥੋਂ ਦੀਆਂ ਮਾਰਕਸਵਾਦੀ ਪਾਰਟੀਆਂ ਦੇ ਪਿਛਲੱਗ ਐਨੇ 'ਨਾਸ਼ੁਕਰੇ' ਹਨ ਕਿ ਉਹਨਾਂ ਨੇ ਵਿਚਾਰੇ ਪ੍ਰੋਫੈਸਰ ਦੀ ਇਸ ਘਾਲਣਾ ਦੀ ਕੋਈ ਕਦਰ ਨਹੀਂ ਪਾਈ ! ਹੋਰ ਤਾਂ ਹੋਰ



ਸ਼ਿਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਤੇ ਹੋਰ 'ਸਿੱਖ ਸੰਸਥਾਵਾਂ' ਵੀ ਗੁਰਬਾਣੀ ਦੇ ਇਸ ਸੇਵਕ ਨੂੰ ਪੂਰੀ ਤਰ੍ਹਾਂ ਪਛਾਨਣੋਂ ਅਸਮਰਥ ਹਨ ਜਿਸ ਨੇ ਮਾਰਕਸਵਾਦ ਉਤੇ ਗੁਰਬਾਣੀ ਦੀ ਬਰਤਰੀ ਸਾਬਤ ਕਰਨ ਜਾਂ ਬਾਣੀ ਦੇ ਮਾਰਕਸਵਾਦ ਦਾ ਪ੍ਰੇਰਨਾ ਸ੍ਰੋਤ ਹੋਣਾ ਸਾਬਤ ਕਰਨ ਲਈ ਸਾਰਾ ਤਾਣ ਲਾ ਦਿੱਤਾ ਹੈ ।

ਪ੍ਰੋਫੈਸਰ ਕਿਸ਼ਨ ਸਿੰਘ ਨੇ ਆਪਣੀ ਮਾਰਕਸਵਾਦੀ 'ਸਮਝ' ਦਾ ਤਾਜ਼ਾ ਸਬੂਤ ਹੁਣੇ ਜਿਹੇ ਜੁਲਾਈ ਦੇ 'ਸੇਧ' ਵਿਚ ਦਿੱਤਾ ਹੈ । ਜਸਵੰਤ ਸਿੰਘ ਕੰਵਲ ਦੇ ਬਹੁ ਚਰਚਿਤ ਨਾਵਲ "ਲਹੂ ਦੀ ਲੋਅ" ਬਾਰੇ ਲਿਖਦਿਆਂ ਪ੍ਰੋਫੈਸਰ ਕਹਿੰਦਾ ਹੈ : "ਗੱਲ ਹੋ ਰਹੀ ਹੈ ਲਹਿਰ ਦੇ ਆਗੂਆਂ ਦੀ ਜੋ ਮਧ-ਵਰਗ ਵਿਚੋਂ ਆਏ ।... ਮਾਰਕਸ ਏਂਗਲਜ਼, ਲੈਨਿਨ, ਚਾਉ. ਐਨ. ਲਾਈ, ਰੂਸ ਤੇ ਚੀਨ ਦੇ ਲੀਡਰਾਂ ਦੀ ਧਾੜ ਦੀ ਧਾੜ ਕਿਹੜੇ ਪ੍ਰੋਲਤਾਰੀਆ ਦੇ ਘਰ ਜੰਮੇ ਪਲੇ ਸਨ ?.....ਚੀਨੀ ਪਾਰਟੀ ਦਾ ਕਾਡਰ ਕਿਹੜਾ ਸਾਰਾ ਪ੍ਰੋਲਤਾਰੀ ਜਾਂ ਖੇਤ ਮਜ਼ਦੂਰ ਜਮਾਤ ਵਿਚੋਂ ਆਇਆ ਸੀ ? ਗੱਲ ਹੈ ਸਾਰੀ ਮਾਰਕਸਵਾਦ ਵਰਨ ਦੀ ।.........ਆਗੂ ਜਾਂ ਕਾਡਰ ਵਾਸਤੇ "ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰ" ਦੇ ਘਰ ਜੰਮਣਾ ਜ਼ਰੂਰੀ ਨਹੀਂ । ਜ਼ਰੂਰੀ ਹੈ ਨਾਮ ਦਾ ਪੱਲੇ ਹੋਣਾ । "(ਸੇਧ : ਸਫਾ 36-37)

ਇਸ ਤਰ੍ਹਾਂ ਪ੍ਰੋਫੈਸਰ ਲਈ ਜਮਾਤੀ ਲੱਛਣਾਂ ਦੀ ਕੋਈ ਮਹਾਨਤਾ ਨਹੀਂ । ਕੇਵਲ ਮਾਰਕਸ-ਵਾਦੀ ਹੋਣਾ ਕਾਫੀ ਹੈ । ਪਰੰਤੂ ਮਾਰਕਸ ਤੇ ਹੋਰ ਮਾਰਕਸੀ ਵਿਦਵਾਨਾਂ ਨੇ ਮਾਰਕਸਵਾਦ ਨੂੰ ਮਜ਼ਦੂਰ ਜਮਾਤ ਦਾ ਫਲਸਫਾ ਜਾਂ ਸਿਧਾਂਤ ਕਿਹਾ ਹੈ । ਜਿਥੇ ਕਿਤੇ ਵੀ ਮਜ਼ਦੂਰ ਜਮਾਤ ਨੇ ਆਪਣੇ ਹੱਥ ਵਿਚ ਰਾਜ ਸੱਤਾ ਲੈ ਕੇ ਆਪਣੀ ਡਿਕਟੇਟਰੀ ਸਥਾਪਿਤ ਕੀਤੀ ਉਥੇ ਮੁਖੀ ਤੇ ਆਗੂ ਰੋਲ ਮਜ਼ਦੂਰ ਜਮਾਤ ਨੇ ਆਪ ਅਦਾ ਕੀਤਾ ਹੈ । ਮੱਧ ਸ਼੍ਰੇਣੀ ਦੇ ਆਗੂਆਂ ਦੀ ਗਿਣਤੀ ਆਟੇ ਵਿਚ ਲੂਣ ਦੇ ਬਰਾਬਰ ਸੀ । ਇਸ ਦੇ ਉਲਟ ਮਾਰਕਸਵਾਦ ਦੇ ਭਗੌੜਿਆਂ ਤੇ ਕੁਰਾਹੀਆਂ ਵਿਚ ਪੈਟੀ ਬੁਰਜਵਾ ਬੁਧੀਜੀ-ਵੀਆਂ ਦੀ ਗਿਣਤੀ ਸਭ ਤੋਂ ਵੱਧ ਸੀ । ਇਸ ਵਿਚ ਸ਼ੱਕ ਨਹੀਂ ਕਿ ਲੰਮੇ ਸਮੇਂ ਦੇ ਸੰਘਰਸ਼ ਤੇ ਤਪੱਸਿਆ ਨਾਲ ਜਮਾਤੀ ਖਾਸਾ ਬਦਲ ਜਾਂਦਾ ਹੈ । ਉਥੇ ਗੱਲ ਕੇਵਲ ਮਾਰਕਸਵਾਦ ਵਰਨ ਦੀ ਨਹੀਂ ਬਲਕਿ ਸਮੁੱਚੇ ਤੌਰ 'ਤੇ ਆਪਣੀ ਜਮਾਤ ਨਾਲੋਂ ਅਮਲੀ ਨਾਤਾ ਤੋੜਕੇ ਮਜ਼ਦੂਰ ਜਮਾਤ ਨਾਲ ਇਕ ਮਿਕ ਹੋਣ ਦੀ ਹੈ । ਇਹ ਕੁਝ ਬਹੁਤ ਹੀ ਥੋੜ੍ਹੇ ਪੈਟੀ ਬੁਰਜਵਾ ਬੁਧੀਜੀਵੀ ਕਰ ਸਕੇ ਹਨ ਤੇ ਕਰ ਸਕਦੇ ਹਨ ।

ਚੀਨੀ ਇਨਕਲਾਬ ਦੇ ਅਕਸਰ ਗਲਤ ਤੇ ਗੈਰ ਮਾਰਕਸੀ ਅਰਥ ਕਢੇ ਜਾਂਦੇ ਹਨ । ਬੁਰਜਵਾ ਤੇ ਪੈਟੀ ਬੁਰਜਵਾ ਬੁਧੀਜੀਵੀ ਚੀਨੀ ਇਨਕਲਾਬ ਨੂੰ ਮਾਰਕਸਵਾਦ ਤੋਂ ਬਾਹਰੀ ਤੇ ਵੱਖਰੀ ਘਟਨਾ ਵਜੋਂ ਪੇਸ਼ ਕਰਦੇ ਹਨ । ਹਕੀਕਤ ਵਿਚ ਇਹ ਬਿਲਕੁਲ ਮਾਰਕਸਵਾਦੀ ਵਿਗਿਆਨ ਦੇ ਚੀਨੀ ਸਥਿਤੀ 'ਤੇ ਲਾਗੂ ਹੋਣ ਦਾ ਸਬੂਤ ਹੈ । ਮਾਰਕਸ ਨੇ ਆਪਣੇ ਸਮੇਂ ਵਿਚ ਹੀ ਪ੍ਰੋਲਤਾਰੀ ਦੇ ਨਾਲ ਹੀ ਪੇਂਡੂ ਪ੍ਰੋਲਤਾਰੀ ਤੇ ਗਰੀਬ ਕਿਸਾਨ ਨੂੰ ਯੁੱਧ ਸਾਥੀ ਵਜੋਂ ਪਛਾਣ ਲਿਆ ਸੀ । ਲੈਨਿਨ ਨੇ ਇਸ ਨੂੰ ਹੋਰ ਅੱਗੇ ਵਧਾਕੇ ਅਮਲੀ ਰੂਪ ਵਿਚ ਸਾਬਤ ਕਰ ਦਿੱਤਾ । ਚੀਨ ਵਿਚ ਸਾਥੀ ਮਾਓ ਨੇ ਪੇਂਡੂ ਪ੍ਰੋਲਤਾਰੀ ਦੀਆਂ ਇਨਕਲਾਬੀ ਸੰਭਾਵਨਾਵਾਂ ਨੂੰ ਸਮਝਿਆ ਵਿਕਸਿਤ ਕੀਤਾ । ਪਰੰਤੂ ਉਹਨੇ ਅਗਵਾਈ ਲਈ ਸਦਾ ਪ੍ਰੋਲੇਤਾਰੀਆ ਨੂੰ ਆਗੂ ਮੰਨਿਆ । ਉਥੇ ਉਹਨੇ ਕੇਵਲ ਮਾਰਕਸਵਾਦ ਵਰਨ ਦੀ ਗੱਲ ਨਹੀਂ ਕਹੀ ਬਲਕਿ ਪ੍ਰੋਲੇਤਾਰੀ ਜਮਾਤ ਨੂੰ

ਵਰਨ ਦੀ ਗੱਲ ਕਹੀ ਹੈ। ਪ੍ਰੋਲਤਾਰੀਆਂ ਜਮਾਤ ਨੂੰ ਵਰਕੇ ਲੰਮਾ ਸਮਾਂ ਇਸ ਨਾਲ ਰਹਿਕੇ ਵੀ ਬਹੁਤੀ ਵੇਰ ਪਿਛਲੇ ਜਮਾਤੀ ਸੰਸਕਾਰ ਮੁੜ ਮੁੜ ਉਭਰਦੇ ਤੇ ਕਈ ਵੇਰ ਉਲਾਰ ਤੇ ਪ੍ਰਤੱਖ ਵੀ ਹੋ ਜਾਂਦੇ ਹਨ ਜਿਹੜੇ ਪ੍ਰੋਲਤਾਰੀ ਜਮਾਤ ਦੀ ਸੋਚ ਤੇ ਹਿਤਾਂ ਨਾਲ ਟਕਰਾ ਜਾਂਦੇ ਹਨ। ਇਹ ਕਈ ਵੇਰ ਮਜ਼ਦੂਰ ਲਹਿਰ ਵਿਚ ਚਿੱਬ ਪਾਉਂਦੇ ਹਨ ਤੇ ਅਕਸਰ ਭੁੱਜੀ ਖਿਲ ਵਾਂਗ ਬਾਹਰ ਡਿਗਦੇ ਹਨ।

ਮਾਰਕਸਵਾਦ ਇਕ ਵਿਗਿਆਨ ਹੈ। ਜਮਾਤੀ ਤੱਤ ਜਾਂ ਜਮਾਤੀ ਨਿਰਣਾ ਉਹਦੇ ਦੂਜੇ ਅੰਗਾਂ ਵਾਂਗ ਇਕ ਅਹਿਮ ਅੰਗ ਹੈ। ਜਮਾਤੀ ਸੂਝ ਤੇ ਵਿਸ਼ਲੇਸ਼ਣ ਬਿਨਾਂ ਜਮਾਤੀ ਸੰਘਰਸ਼ ਲੜਿਆ ਨਹੀਂ ਜਾ ਸਕਦਾ। ਇਸ ਲਈ ਮਾਰਕਸਵਾਦ ਦੇ ਕੁਰਾਹੀਏ ਸਦਾ ਇਸ ਹਥਿਆਰ ਨੂੰ ਧੁੰਧਲਾ ਤੇ ਖੁੰਢਾ ਕਰਨ ਦਾ ਯਤਨ ਕਰਦੇ ਹਨ। ਪ੍ਰੋਫੈਸਰ ਕਿਸ਼ਨ ਸਿੰਘ ਵੀ ਇਹੋ ਕੁਝ ਕਰ ਰਿਹਾ ਹੈ। ਉਹ ਮਾਰਕਸਵਾਦ ਦੀ ਵਿਰੋਧ ਵਿਕਾਸੀ ਪਦਾਰਥਵਾਦੀ ਪਹੁੰਚ ਦੀ ਥਾਂ ਆਦਰਸ਼ਵਾਦੀ ਪਹੁੰਚ ਅਪਣਾ ਰਿਹਾ ਹੈ। ਉਸ ਨੂੰ ਕੋਈ ਪੁਛੇ ਕਿ ਆਪਣੇ ਜਮਾਤੀ ਲਾਭ ਨੂੰ ਛਡਕੇ ਕੋਈ ਸਮੁਚੀ ਜਮਾਤ ਦੂਜੀ ਜਮਾਤ ਦੇ ਹਿਤ ਕਿਉਂ ਪੂਰੇਗੀ ? ਮਾਰਕਸ ਜਿਸ ਵੇਲੇ ਮਜ਼ਦੂਰ ਜਮਾਤ ਦੀ ਅਗਵਾਈ ਦਾ ਜ਼ਿਕਰ ਕਰਦਾ ਤੇ ਉਹਨੂੰ ਆਗੂ ਅਤੇ ਇਨਕਲਾਬੀ ਦੱਸਦਾ ਹੈ ਉਹ ਪੂਰੀ ਤਰ੍ਹਾਂ ਸਪੱਸ਼ਟ ਹੈ, ਕਿਉਂਕਿ ਸਦਾ ਉਹੋ ਹੀ ਜਮਾਤ ਅੱਗੇ ਵਧੂ ਤੇ ਇਨਕਲਾਬੀ ਹੁੰਦੀ ਹੈ ਜਿਸ ਦੀ ਪ੍ਰਚਲਿਤ ਢਾਂਚੇ ਨਾਲ ਸਿੱਧੀ ਟੱਕਰ ਹੁੰਦੀ ਹੈ ਤੇ ਜਿਸ ਨੇ ਪਿਛੋਂ ਰਾਜ ਸਾਂਭਣਾ ਹੁੰਦਾ ਹੈ। ਗੁਲਾਮਦਾਰੀ ਦੇ ਟਾਕਰੇ 'ਤੇ ਜਾਗੀਰਦਾਰੀ, ਜਾਗੀਰਦਾਰੀ ਦੇ ਟਾਕਰੇ 'ਤੇ ਸਰਮਾਏਦਾਰੀ ਅਤੇ ਉਹਦੇ ਟਾਕਰੇ 'ਤੇ ਮਜ਼ਦੂਰ ਜਮਾਤ ਇਨਕਲਾਬੀ ਹੈ। ਮਾਰਕਸਵਾਦ ਸਰਮਾਏਦਾਰੀ ਯੁਗ ਦਾ ਵਿਗਿਆਨ ਹੋਣ ਕਾਰਨ ਮਜ਼ਦੂਰ ਜਮਾਤ ਦਾ ਜਮਾਤੀ ਫਲਸਫਾ ਤੇ ਸਿਧਾਂਤ ਹੈ। ਸਰਮਾਏਦਾਰੀ ਤੇ ਮਜ਼ਦੂਰ ਜਮਾਤ ਵਿਚਕਾਰ ਵਿਰੋਧ ਹੈ। ਇਹ ਜਮਾਤ ਦੀ ਨਜਾਤ ਸਰਮਾਏਦਾਰੀ ਪ੍ਰਬੰਧ ਦੇ ਮੁਕੰਮਲ ਖਾਤਮੇ ਤੋਂ ਉਰੇ ਨਹੀਂ ਹੋ ਸਕਦੀ। ਮਜ਼ਦੂਰ ਲਈ ਇਹ ਜਮਾਤ ਤੇ ਇਹਦੀ ਸੋਚਣੀ ਇਨਕਲਾਬੀ ਤੇ ਸਮੇਂ ਦਾ ਸੱਚ ਹੈ।

ਦੂਜੀਆਂ ਜਮਾਤਾਂ ਤੇ ਪ੍ਰਚਲਿਤ ਪ੍ਰਬੰਧ ਵਿਚਕਾਰ ਵਿਰੋਧਤਾਈਆਂ ਮੁਖੀ ਨਹੀਂ ਹਨ। ਇਹ ਜਮਾਤਾਂ ਸਰਮਾਏਦਾਰੀ ਦੇ ਵਿਕਾਸ ਨਾਲ ਖੁਰਦੀਆਂ ਤਾਂ ਹਨ ਪਰ ਮੁਕਦੀਆਂ ਨਹੀਂ ਹਨ। ਸਰਮਾਏਦਾਰ ਮਜ਼ਦੂਰ ਜਮਾਤ ਵਿਰੁਧ ਆਪਣੀ ਲੁੱਟ ਤਿੱਖੀ ਕਰਨ ਲਈ ਦੂਜੀਆਂ ਜਮਾਤਾਂ (ਪੈਟੀ ਬੁਰਜਵਾਜ਼ੀ, ਮੱਧ-ਸ਼੍ਰੇਣੀ ਤੇ ਧਨੀ ਕਿਸਾਨ) ਨੂੰ ਅਕਸਰ ਕੁਝ ਰਿਆਇਤਾਂ ਦਿੰਦਾ ਤੇ ਲੁੱਟ ਵਿਚੋਂ ਕੁਝ ਕਿਣਕੇ ਭੋਰਦਾ ਹੈ। ਪਰੰਤੂ ਬਹੁਤ ਘੱਟ ਗਿਣਤੀ ਆਪਣੀਆਂ ਜਮਾਤੀ ਨੀਹਾਂ 'ਤੇ ਖੜਦੀ ਹੈ। ਬਹੁਤ ਵੱਡਾ ਹਿੱਸਾ ਇਹਨਾਂ ਜਮਾਤਾਂ ਦਾ ਪ੍ਰੋਲਤਾਰੀ ਬਣਨ ਵਲ ਵੱਧਦਾ ਹੈ ਤੇ ਕੇਵਲ ਆਪਣੀ ਸਰੀਰਕ ਕਿਰਤ ਵੇਚਣ 'ਤੇ ਮਜਬੂਰ ਹੁੰਦਾ ਹੈ। ਇਸ ਤਰ੍ਹਾਂ ਸਰਮਾਇਆ ਕੁੱਝ ਹੱਥਾਂ ਵਿਚ ਇਕੱਠਾ ਹੁੰਦਾ ਜਾਂਦਾ ਹੈ। ਗਰੀਬੀ ਅਮੀਰੀ ਦਾ ਪਾੜਾ ਵਧਦਾ ਜਾਂਦਾ ਹੈ। ਇਸ ਸਮੇਂ ਮਜ਼ਦੂਰ ਜਮਾਤ ਤੇ ਉਹਦੀ ਪਾਰਟੀ ਦੇ ਸਿਰ ਅਹਿਮ ਜ਼ੁਮੇਵਾਰੀ ਆ ਜਾਂਦੀ ਹੈ। ਇਹ ਇਹਨਾਂ ਦਾ ਕੰਮ ਹੈ ਕਿ ਇਸ ਸਥਿਤੀ ਨੂੰ ਵਧ ਤੋਂ ਵਧ ਆਪਣੇ ਹੱਕ ਵਿਚ ਵਰਤਣ।

ਆਰਥਿਕ ਤੌਰ 'ਤੇ ਜਮਾਤੀ ਖਾਸਾ ਬਦਲਣ ਨਾਲ ਕਿਸਾਨੀ ਤੇ ਮੱਧ ਸ਼੍ਰੇਣੀ ਤੇ ਹੋਰ ਫੁਟਕਲ ਜਮਾਤਾਂ ਤੁਰਤ ਹੀ ਪ੍ਰੋਲਤਾਰੀ ਨਹੀਂ ਬਣ ਜਾਂਦੀਆਂ। ਲੰਮੇ ਸਮੇਂ ਤਕ ਉਹਨਾਂ ਦੀ ਜਮਾਤੀ ਸੋਚ ਕਾਇਮ ਰਹਿੰਦੀ ਹੈ। ਇਹਨਾਂ ਦੀ ਇਸ ਜਮਾਤੀ ਸੋਚਣੀ ਨੂੰ ਸਰਮਾਏਦਾਰ ਤੇ ਹੋਰ ਹਾਕਮ ਜਮਾਤਾਂ ਆਪਣੇ ਹੱਕ ਵਿਚ ਵਰਤ ਜਾਂਦੀਆਂ ਹਨ, ਜੇਕਰ ਮਜ਼ਦੂਰ ਜਮਾਤ ਚੇਤਨ ਤੇ ਉਹਦੀ ਪਾਰਟੀ



ਤਕੜੀ ਨਾ ਹੋਵੇ। ਇਤਿਹਾਸ ਗਵਾਹ ਹੈ ਕਿ ਸਰਮਾਏਦਾਰ ਕਈ ਵੇਰ ਆਪਣੇ ਬੂਹੇ ਤੇ ਆਇਆ ਇਨਕਲਾਬ ਇਹਨਾਂ ਜਮਾਤਾਂ ਦੇ ਆਸਰੇ ਪਿੱਛੇ ਮੋੜਨ ਵਿਚ ਸਫਲ ਹੋ ਜਾਂਦੇ ਹਨ। ਜਰਮਨੀ ਤੇ ਇਟਲੀ ਵਿਚ ਨਾਜ਼ੀਵਾਦ ਤੇ ਫਾਸ਼ੀਵਾਦ ਇਸ ਦੇ ਜਿਉਂਦੇ ਸਬੂਤ ਹਨ। ਇਸ ਤਰ੍ਹਾਂ ਜਮਾਤੀ ਵੰਡ ਤੇ ਲੱਛਣ ਦੇ ਸਿਧਾਂਤ ਨੂੰ ਮਾਰਕਸਵਾਦ ਵਿਚ ਮੁਖੀ ਸਥਾਨ ਪ੍ਰਾਪਤ ਹੈ। ਇਹਨੂੰ ਅੱਖੋਂ ਪਰੋਖੇ ਕਰਕੇ ਕੋਈ ਮਾਰਕਸਵਾਦੀ ਨਹੀਂ ਹੋ ਸਕਦਾ।

ਕਿਸ਼ਨ ਸਿੰਘ ਤੇ ਉਹਦੇ ਪੱਖੀ ਪੂਰੇ ਤਾਣ ਨਾਲ ਦੇਸ਼ ਦੀਆਂ ਮਾਰਕਸਵਾਦੀ ਪਾਰਟੀਆਂ ਨੂੰ ਇਨਕਲਾਬ ਨਾ ਲਿਆਉਣ ਲਈ ਕੋਸਦੇ ਹਨ। ਕਿਸ਼ਨ ਸਿੰਘ ਦੇ ਅੱਜੋਕੇ ਸਿਧਾਂਤ ਅਨੁਸਾਰ ਜੇਕਰ ਪੁਛੀਏ ਕਿ ਮਾਰਕਸਵਾਦੀ ਪਾਰਟੀਆਂ ਇਨਕਲਾਬ ਕਿਉਂ ਨਹੀਂ ਲਿਆ ਸਕੀਆਂ ? ਤਾਂ ਉਤਰ ਬਣਦਾ ਹੈ ਕਿ ਉਹਨਾਂ ਨੇ ਮਾਰਕਸਵਾਦ ਵਰਿਆ ਨਹੀਂ ਸੀ ਜਾਂ ਉਸ ਵੱਲ ਸੁਹਿਰਦ ਨਹੀਂ ਸਨ। ਪਰ ਗੱਲ ਨਹੀਂ ਮੁਕਦੀ। ਸਵਾਲ ਉਠਦਾ ਹੈ ਕਿ ਇਹਨਾਂ ਪਾਰਟੀਆਂ ਨੇ ਜਾਂ ਇਹਨਾਂ ਦੀ ਲੀਡਰ-ਸ਼ਿਪ ਨੇ ਮਾਰਕਸਵਾਦ ਕਿਉਂ ਨਹੀਂ ਵਰਿਆ, ਜਾਂ ਇਹ ਮਾਰਕਸਵਾਦ ਵਲ ਸੁਹਿਰਦ ਕਿਉਂ ਨਾ ਹੋਈਆਂ ? ਇਥੇ ਇਹਨਾਂ ਨੂੰ ਕੋਈ ਉਤਰ ਨਹੀਂ ਸੁਝੇ ਗਾ। ਇਥੇ ਮਾਰਕਸੀ ਵਿਗਿਆਨ ਉਤਰ ਦਿੰਦਾ ਹੈ ਕਿ ਇਹ ਪਾਰਟੀਆਂ ਮਜ਼ਦੂਰ ਜਮਾਤ ਦੀਆਂ ਪਾਰਟੀਆਂ ਨਹੀਂ ਬਣ ਸਕੀਆਂ ਸਨ। ਇਹਨਾਂ ਦੇ ਆਗੂਆਂ ਵਿਚ ਬਹੁਤੇ ਪੈਟੀ-ਬੁਰਜਵਾ ਤੇ ਮੱਧ-ਸ਼੍ਰੇਣੀ ਵਿਚੋਂ ਸਨ ਜਿਹੜੇ ਆਪਣੇ ਜਮਾਤੀ ਲੱਛਣ ਤਿਆਗ ਨਹੀਂ ਸਕੇ ਸਨ। ਜਾਂ ਮਜ਼ਦੂਰ ਜਮਾਤ ਨੇ ਆਪਣੇ ਪ੍ਰਭਾਵ ਅਧੀਨ ਇਹਨਾਂ ਦੀ ਜਮਾਤੀ ਪੂਛ ਵੱਢੀ ਨਹੀਂ ਸੀ ਜਿਸ ਕਾਰਣ ਇਤਿਹਾਸ ਦੇ ਹਰ ਮੋੜ 'ਤੇ ਇਹ ਪਾਰਟੀਆਂ ਸੱਜੀਆਂ ਖੱਬੀਆਂ ਗਲਤੀਆਂ ਦੀਆਂ ਸ਼ਿਕਾਰ ਹੁੰਦੀਆਂ ਰਹੀਆਂ। ਖੱਬੇ ਤੇ ਸੱਜੇ ਕੁਰਾਹੇ ਪੈਟੀ-ਬੁਰਜਵਾ ਜਮਾਤੀ ਸੋਚਣੀ ਦੇ ਪ੍ਰਗਟਾਵੇ ਹਨ।

ਮਾਰਕਸਵਾਦ ਹਰ ਗੱਲ 'ਤੇ ਕਿੰਤੂ ਕਰਕੇ ਉਸਦਾ ਅੰਤਲਾ ਉਤਰ ਲਭਦਾ ਤੇ ਦਿੰਦਾ ਹੈ। ਉਹ ਹਰ ਮਸਲੇ ਦੇ ਹੱਲ ਲਈ ਇਤਿਹਾਸਕ ਤੇ ਵਿਰੋਧ ਵਿਕਾਸੀ ਭੌਤਕਵਾਦੀ ਵਿਧੀ ਅਪਣਾਉਂਦਾ ਹੈ। ਇਸ ਤਰ੍ਹਾਂ ਗਾਂਧੀਵਾਦ ਤੇ ਹੋਰ ਵਿਚਾਰਵਾਦੀ ਸਿਧਾਂਤਾਂ ਵਾਂਗ ਵਿਅਕਤੀ ਦੇ ਸਹਾਰੇ ਕੁਝ ਨਹੀਂ ਛੱਡਦਾ। ਬਲਕਿ ਉਸ ਦੇ ਜਮਾਤੀ ਸੰਸਕਾਰਾਂ ਤੇ ਸਮਾਜਕ ਤੇ ਪਦਾਰਥਕ ਪਰਿਸਥਿਤੀਆਂ ਅਨੁਸਾਰ ਉਸ ਦਾ ਨਿਰਣਾ ਕਰਦਾ ਤੇ ਉਹਨਾਂ ਨੂੰ ਬਦਲਕੇ ਹੀ ਤਬਦੀਲੀ ਦੀ ਆਸ ਕਰਦਾ ਹੈ।

'ਲਹੂ ਦੀ ਲੋਅ' ਵਿਚਲੀ ਨਕਸਲੀ ਲੀਡਰਸ਼ਿਪ ਦੇ ਜਮਾਤੀ ਨਿਰਣੇ ਤੇ ਉਹਦੇ ਮੱਧ ਸ਼੍ਰੇਣੀ ਵਿਚੋਂ ਹੋਣ ਉਤੇ ਇਸ ਲਈ ਵੱਧ ਜ਼ੋਰ ਦਿੱਤਾ ਜਾ ਰਿਹਾ ਹੈ ਕਿਉਂਕਿ ਜੋ ਕੁਝ ਉਹਨਾਂ ਕੀਤਾ ਉਹ ਮੱਧ ਸ਼੍ਰੇਣਿਕ ਜਮਾਤੀ ਸੋਚਣੀ ਦਾ ਪ੍ਰਗਟਾਵਾ ਸੀ। ਇਹ ਜਮਾਤ ਤੱਤ ਭੜੱਥੀ ਹੈ। ਇਨਕਲਾਬ ਲਈ ਡੰਡੀ ਭਾਲਦੀ ਹੈ। ਵਕਤੀ ਤੌਰ 'ਤੇ ਕੁਰਬਾਨੀ ਵੀ ਕਰਦੀ ਹੈ ਤੇ ਲੰਮੇ ਤੇ ਸਿਰੜੀ ਸੰਘਰਸ਼ ਵਿਚ ਦਮ ਛੱਡ ਦਿੰਦੀ ਹੈ। ਇਹੋ ਕਾਰਨ ਹੈ ਕਿ ਨਕਸਲੀ ਲਹਿਰ ਨੇ ਪੜ੍ਹੇ ਲਿਖੇ ਮੱਧ-ਸ਼੍ਰੇਣਿਕ ਗੱਭਰੂ ਭਾਰੀ ਗਿਣਤੀ ਵਿਚ ਆਪਣੇ ਵਲ ਖਿੱਚੇ। ਇਸ ਤੋਂ ਪਹਿਲਾਂ ਕੋਈ ਵੀ ਖੱਬੀ ਲਹਿਰ ਇਹ ਕੁਝ ਨਹੀਂ ਕਰ ਸਕੀ। ਪਰੰਤੂ ਜਦੋਂ ਇਸ ਲਹਿਰ ਵਿਚੋਂ ਭੱਜਣ ਤੇ ਵਿਸ਼ਵਾਸ ਗੁਆਉਣ ਵਾਲਿਆਂ ਦੀ ਗਿਣਤੀ ਕਰਦੇ ਹਾਂ ਤਾਂ ਉਹਦੀ ਵੀ ਪਹਿਲਾਂ ਮਿਸਾਲ ਨਹੀਂ ਮਿਲਦੀ। ਇਹ ਜਮਾਤੀ ਲੱਛਣ ਹਨ।

ਪ੍ਰੋ: ਕਿਸ਼ਨ ਸਿੰਘ ਤੇ ਉਹਦੇ ਪੱਖੀ ਇਕ ਤਰਕ ਪੇਸ਼ ਕਰ ਸਕਦੇ ਹਨ ਕਿ ਮਾਰਕਸਵਾਦ ਵਰਨ ਤੋਂ ਉਹਨਾਂ ਦਾ ਭਾਵ ਜਮਾਤ ਤੇ ਜਮਾਤੀ ਸੋਚਣੀ ਨੂੰ ਵਰਨ ਤੋਂ ਹੈ। ਪਰੰਤੂ ਪ੍ਰੋਫੈਸਰ ਕਿਸ਼ਨ

ਸਿੰਘ ਗੁਰਬਾਣੀ ਦੀ ਤੁਕ ਰਾਹੀਂ ਜਿਹੜਾ ਸਪਸ਼ਟੀਕਰਨ ਕਰਦਾ ਹੈ ਉਹ ਇਸ ਤਰਕ ਲਈ ਥਾਂ ਨਹੀਂ ਛਡਦਾ। ਉਹ ਕਹਿੰਦਾ ਹੈ : "ਜ਼ਰੂਰੀ ਹੈ ਨਾਮ ਦਾ ਪੱਲੇ ਹੋਣਾ।" ਇਸ ਤੋਂ ਉਹਦੀ ਵਿਚਾਰਵਾਦੀ ਸੋਚਣੀ ਪ੍ਰਤੱਖ ਹੁੰਦੀ ਹੈ ਜਿਸ ਦਾ ਮਾਰਕਸਵਾਦ ਨਾਲ ਦੂਰ ਦਾ ਵੀ ਵਾਸਤਾ ਨਹੀਂ ਬਲਕਿ ਸਿਰ ਵੱਢਵਾਂ ਵੈਰ ਹੈ।

ਮਾਰਕਸਵਾਦ ਪੜ੍ਹਨਾ ਤੇ ਮਾਰਕਸਵਾਦੀ ਹੋਣਾ ਦੋ ਵੱਖੋ ਵੱਖਰੀਆਂ ਗੱਲਾਂ ਹਨ। ਇਸੇ ਲਈ ਦਾਸ ਅਕਸਰ ਮਾਰਕਸਵਾਦ ਦਾ ਵਿਦਿਆਰਥੀ ਕਹਿਣ ਦੀ ਥਾਂ ਸਿਖਿਆਰਥੀ ਸ਼ਬਦ ਵਰਤਦਾ ਹੈ। ਇਹੋ ਸ਼ਬਦ ਇਸ 'ਤੇ ਢੁਕਦਾ ਹੈ। ਕਿਉਂਕਿ "ਸਿਧਾਂਤ ਬਿਨਾਂ ਅਮਲ ਅੰਨ੍ਹਾ ਤੇ ਅਮਲ ਬਿਨਾਂ ਸਿਧਾਂਤ ਖੱਸੀ ਹੈ।" ਇਸੇ ਲਈ ਪ੍ਰੋਫੈਸਰ ਕਿਸ਼ਨ ਸਿੰਘ ਤੇ ਉਹਦੇ ਪੱਖੀਆਂ ਦਾ ਮਾਰਕਸਵਾਦ ਅਮਲ ਤੋਂ ਦੂਰ ਕੇਵਲ ਖੱਸੀ ਸਿਧਾਂਤ ਹੈ ਜਿਹੜਾ "ਵਾਅ ਅੰਡੇ" ਤਾਂ ਪੈਦਾ ਕਰ ਸਕਦਾ ਹੈ, ਪਰੰਤੂ ਲੋਕਾਂ ਲਈ ਮਰ ਮਿਟਣ ਤੇ ਕੁਰਬਾਨ ਹੋ ਸਕਣ, ਇਕ ਲੰਮਾ ਤੇ ਸਿਰੜੀ ਘੋਲ ਕਰ ਸਕਣ ਵਾਲਾ ਸੂਝਵਾਨ ਕਾਡਰ ਪੈਦਾ ਨਹੀਂ ਕਰ ਸਕਦਾ। ਇਹ ਲੋਕ ਕੇਵਲ 'ਸੇਧ' ਦੇ ਪੱਤਰਿਆਂ ਤੇ 'ਸਿਧਾਂਤਕਾਰ' ਬਣਕੇ ਆਪਣੀ ਮਾਨਸਿਕ ਸੰਤੁਸ਼ਟੀ ਤੇ ਆਪਣੀ ਲਘੂ ਬੁਰਜਵਾ ਬੁਧੀਜੀਵੀ ਹਉਮੈ ਨੂੰ ਤ੍ਰਿਪਤ ਤਾਂ ਕਰ ਸਕਦੇ ਹਨ ਪਰ ਇਨਕਲਾਬ ਨਹੀਂ ਕਰ ਸਕਦੇ। ਇਨਕਲਾਬ ਕੇਵਲ ਪ੍ਰੋਲਤਾਰੀ ਜਮਾਤ ਤੇ ਸੋਚ ਵਾਲੀ ਮਾਰਕਸਵਾਦੀ ਪਾਰਟੀ ਹੀ ਲਿਆ ਸਕਦੀ ਹੈ।

ਪ੍ਰੋਫੈਸਰ ਕਿਸ਼ਨ ਸਿੰਘ ਤੇ ਉਹਦੇ ਪੱਖੀ ਜੋ ਕੁਝ ਅੱਜ ਕਰ ਰਹੇ ਹਨ ਉਹਨੂੰ ਅਚੇਤ ਕਹਿਣਾ ਤੇ ਵਿਉਂਤਬੰਦ ਨਾ ਮੰਨਣਾ ਅੱਜ ਮੁਸ਼ਕਿਲ ਹੈ। ਇਸ ਵਿਚ ਸ਼ੱਕ ਨਹੀਂ ਕਿ ਕਿਸ਼ਨ ਸਿੰਘ ਦੀ ਇਹ ਮਾਰਕਸੀ ਵਿਆਖਿਆ ਕੇਵਲ ਗਿਣਤੀ ਦੇ ਲੋਕਾਂ ਤਕ ਪੁਜਦੀ ਹੈ। ਪਰ ਫਿਰ ਵੀ ਇਹ ਬੁਧੀਜੀਵੀਆਂ ਦੇ ਇਕ ਹਿੱਸੇ ਨੂੰ ਮਾਰਕਸਵਾਦੀ ਅਮਲ ਤੋਂ ਦੂਰ ਰਖਦੀ ਤੇ ਮਾਰਕਸਵਾਦੀ ਲਹਿਰ ਨੂੰ ਸਖਤ ਨੁਕਸਾਨ ਪੁਚਾਉਂਦੀ ਹੈ। ਇਸ ਨੂੰ ਅਣਗੌਲਿਆਂ ਨਹੀਂ ਕਰ ਦੇਣਾ ਚਾਹੀਦਾ।

□ [ਘੋਲੀਆ ਕਲਾਂ, ਜ਼ਿਲਾ ਫਰੀਦਕੋਟ]



## ਕਬੂਤਰਾਂ ਦੀ ਪ੍ਰਵਾਜ਼/ਪ੍ਰੀਤਮ ਸਿੰਘ

[ਅਮਜਦ ਭੱਟੀ ਨਾਲ ਦੂਸਰੀ ਮੁਲਾਕਾਤ]

**7 ਨਵੰਬਰ 1976** : ਪੰਜਾਬ ਯੂਨੀਵਰਸਿਟੀ ਓਪਨ ਏਅਰ ਥੀਏਟਰ ਦੀਆਂ ਪੌੜੀਆਂ 'ਤੇ ਬੈ. ਠਾ ਹੋਇਆ ਸਾਂ। ਕੋਈ ਸਾਢੇ ਛੇ ਵਜੇ ਸ਼ਾਮ ਦਾ ਵਕਤ ਸੀ। ਸਰਦੀ ਵਧ ਰਹੀ ਸੀ। ਬਲਵੰਤ ਗਾਰ. ਗੀ ਦਾ ਨਾਟਕ 'ਕੇਸਰੋ' ਸ਼ੁਰੂ ਹੋਣ ਵਿਚ ਨਹੀਂ ਸੀ ਆ ਰਿਹਾ। ਨਾਟਕ ਸ਼ੁਰੂ ਹੋਣ ਦਾ ਸਮਾਂ ਛੇ ਵਜੇ ਸੀ। ਗਾਰਗੀ ਵਕਤ ਦਾ ਬੜਾ ਪਾਬੰਦ ਹੈ। ਉਹ ਵੇਲੇ ਸਿਰ ਨਾਟਕ ਸ਼ੁਰੂ ਕਰ ਦੇਂਦਾ ਹੈ ਭਾਵੇਂ ਕੋਈ ਦਰ. ਕ ਹੋਵੇ ਭਾਵੇਂ ਨਾ। ਉਹ ਕਿਸੇ ਐਰੇ ਗੈਰੇ ਦੀ ਪਰਵਾਹ ਦਾ ਕਾਇਲ ਨਹੀਂ। ਪੌਣੇ ਸੱਤ ਵੱਜ ਚੁੱਕੇ ਸ. ਨ, ਪਰ ਅਜੇ ਨਾਟਕ ਸ਼ੁਰੂ ਹੋਣ ਦੇ ਕੋਈ ਆਸਾਰ ਨਹੀਂ ਸਨ। ਲੋਕ ਖੱਪ ਪਾ ਰਹੇ ਸਨ. ਚੀਟੀਆਂ ਬਜਾ ਰਹੇ ਸਨ, ਤਾੜੀਆਂ ਮਾਰ ਰਹੇ ਸਨ, ਆਵਾਜ਼ੇ ਕਸ ਰਹੇ ਸਨ, ਪਰ ਨਾਟਕ ਨਿਰਦੇਸ਼. ਕ 'ਤੇ ਇਸਦਾ ਕੋਈ ਅਸਰ ਨਹੀਂ ਸੀ ਹੋ ਰਿਹਾ। ਉਹ ਭੱਜਦਾ ਭੱਜਦਾ ਕਦੀ ਓਪਨ ਏਅਰ ਥੀਏਟਰ ਦੇ ਇਕ ਦੁਆਰ ਵੱਲ ਜਾਂਦਾ ਸੀ ਕਦੇ ਦੂਜੇ ਵੱਲ ਅਤੇ ਫੇਰ ਆ ਕੇ ਪਿੱਛੇ ਕੁਰਸੀ 'ਤੇ ਬੈਠ ਜਾਂਦਾ ਸੀ। ਜਦ ਕਦੇ ਬਾਹਰੋਂ ਕਾਰ ਦੇ ਹਾਰਨ ਦੀ ਆਵਾਜ਼ ਕੰਨੀਂ ਪੈਂਦੀ ਤਾਂ ਫੇਰ ਦਰਸ਼ਕਾਂ ਵਿਚ ਖਲਬਲੀ ਜਿਹੀ ਮੱਚ ਜਾਂਦੀ, ਸ਼ੋਰ ਵਧਦਾ ਅਤੇ ਗਾਰਗੀ ਦੀ ਓਪਨ ਏਅਰ ਥੀਏਟਰ ਦੇ ਦੋ ਦੁਆਰਾਂ ਵਿਚਕਾਰ ਦੌੜ ਸ਼ੁਰੂ . ੋ ਜਾਂਦੀ।

ਸੱਤ ਵੱਜ ਚੁੱਕੇ ਸਨ। ਓਪਨ ਏਅਰ ਥੀਏਟਰ 'ਤੇ ਗੈਰ ਸੰਜੀਦਗੀ ਦਾ ਆਲਮ ਤਾਰੀ ਸੀ। ਅਚਾਨਕ ਦਰਸ਼ਕਾਂ ਦੀਆਂ ਮੂਹਰਲੀਆਂ ਕਤਾਰਾਂ ਵਿਚ ਇਕ ਲਹਿਰ ਜਿਹੀ ਦੌੜ ਗਈ। ਇਕ ਗੋਰਾ, ਚਿੱਟਾ, ਪਤਲੇ ਤਿੱਖੇ ਨੈਣ ਨਕਸ਼ਾਂ ਵਾਲਾ ਖੂਬ. ਸੂਰਤ ਮੁੰਡਾ ਕਿਸੇ ਨਾਲ ਗਲੇ ਮਿਲ ਰਿਹਾ ਸੀ। ਸਾਰੇ ਦਰਸ਼ਕਾਂ ਦਾ ਧਿਆਨ ਉਧਰ ਖਿੱਚਿਆ ਗਿਆ। ਮ. ੈਂ ਦੇਖਿਆ ਅਮਜਦ ਭੱਟੀ ਇਕ ਤੋਂ ਬਾਅਦ ਦੂਜੇ ਦਰਸ਼ਕ ਨਾਲ ਗਲੇ ਮਿਲ ਰਿਹਾ ਸੀ। ਦਰਸ਼ਕ ਾਂ ਲਈ ਇਹ ਅਜੀਬ ਦਰਿਸ਼ ਸੀ। ਕਿਉਂਕਿ ਅਸੀਂ ਅਜਨਬੀ ਨੂੰ ਜੱਫੀ ਪਾਕੇ ਕਦ ੇ ਨਹੀਂ ਮਿਲਦੇ। ਅਸੀਂ ਜੱਫੀ ਪਾਉਂਦੇ ਹਾਂ ਆਪਣੇ ਮਹਿਬੂਬ ਨੂੰ ਅਤੇ ਜੱਫਾ ਦੁਸ਼ਮ. ਣ ਨੂੰ। ਹਵਾਈ ਜਹਾਜ਼ ਵਿਚ ਪਹਿਲੀ ਵਾਰ ਸਫਰ ਕਰਨ ਵਾਲਾ ਏਅਰ ਹੋਸਟੈਸ ਦੇ ਮੁਸਕਰਾ ਮੁ. ਸਕਰਾ ਕੇ ਗੱਲ ਕਰਨ ਦੇ ਅੰਦਾਜ਼ ਨਾਲ ਭਰਮਾਇਆ ਜਾਂਦਾ ਹੈ ਅਤੇ ਕਈ ਵਾਰ ਗੰਭੀਰ ਗਲਤ ਫਹਿਮੀ ਦਾ ਵੀ ਸ਼ਿਕਾਰ ਹੋ ਜਾਂਦਾ ਹੈ। ਬੱਸ ਅਜਿਹਾ ਹੀ ਨਜ਼ਾਰਾ ਮੇਰੀਆਂ ਅੱਖਾਂ ਸਾਹਮਣੇ ਪੇਸ਼ ਸੀ। ਮੈਂ ਆ. ਪਣੀ ਲਾਹੌਰ ਯਾਤਰਾ ਸਮੇਂ ਦੇਖ ਚੁੱਕਾ ਸਾਂ ਕਿ ਅਮਜਦ ਭੱਟੀ ਨੂੰ ਜੱਫੀ ਪਾ ਕੇ ਮਿਲਣ ਦੀ ਆਦਤ ਹੈ। ਜਿਸ ਨਾਲ ਵੀ ਉਸਦੀ ਜਾਣ ਪਛਾਣ ਕਰਵਾਈ ਜਾਂਦੀ ਉਹ ਉਸ ਨਾਲ ਗਲੇ ਮਿਲਦਾ। ਦਰਸ਼ਕਾਂ ਲਈ ਇਹ ਗੱਲ ਅਜੀਬ ਅਤੇ ਨਵੀਂ ਸੀ ਅਤੇ ਇਸੇ ਲਈ ਆਕਰਸ਼ਣ ਦਾ ਕਾਰਨ। ਜਿਨ੍ਹਾਂ ਨਾਲ ਜਾਣ ਪ. ਛਾਣ ਕਰਵਾਈ ਜਾ ਰਹੀ ਸੀ ਉਹ ਭਰਮਾਏ ਗਏ ਜਾਪਦੇ ਸਨ। ਅਮਜਦ ਭੱਟੀ ਜਿਸ ਮਹਿਫਲ ਵਿਚ ਵੀ ਪਹਿਲੀ ਵਾਰ ਜਾਂਦਾ ਹੈ, ਜਿਸ ਵਿਅਕਤੀ ਨੂੰ ਪਹਿਲੀ ਵਾਰ ਮਿਲਦਾ ਹੈ ਆਪਣੀ ਮਨਮੋਹਣੀ ਸੂ. ਰਤ ਅਤੇ ਆਪਣੇ ਦਿਲਰੁਬਾ ਅੰਦਾਜ਼ ਨਾਲ ਮਸਤਾ ਦੇਂਦਾ ਹੈ।

ਮੈਂ ਲਾਹੌਰ ਤੋਂ ਪਰਤਣ ਉਪਰੰਤ ਅਮਜਦ ਭੱਟੀ ਨੂੰ ਦੋ ਵਾਰ ਖਤ ਲਿਖ ਚੁੱਕਾ ਸਾਂ ਪਰ ਉਸ ਨੇ ਕੋਈ ਜੁਆਬ ਨਹੀਂ ਸੀ ਦਿੱਤਾ। ਇਕਬਾਲ ਸਲਾਹੁਦੀਨ ਨੂੰ ਪਹੁੰਚਾਣ ਲਈ ਜਗਤਾਰ ਦਾ ਦਿੱਤਾ ਕਿਤਾਬਾਂ ਦਾ ਪੈਕਟ ਉਸ ਨੂੰ ਦੇ ਆਇਆ ਸਾਂ। ਪਰ ਜਗਤਾਰ ਅਨੁਸਾਰ ਉਹ ਪੈਕਟ ਇਕਬਾਲ ਸਲਾਹੁਦੀਨ ਨੂੰ ਨਹੀਂ ਸੀ ਪੁੱਜਾ। ਮੈ ਜਾਨਣਾ ਚਾਹੁੰਦਾ ਸਾਂ ਕਿ ਕੀ ਭੱਟੀ ਨੇ ਪੈਕਟ ਪਹੁੰਚਾ ਦਿੱਤਾ ਹੈ ਜੇ ਨਹੀਂ ਪਹੁੰਚਾਇਆ ਤਾਂ ਕੀ ਕਾਰਨ ਹੈ? ਮੈਂ ਬੇਨਤੀ ਕੀਤੀ ਸੀ ਪੈਕਟ ਜੇ ਨਹੀਂ ਪਹੁੰਚਾਇਆ ਤਾਂ ਹੁਣ ਪਹੁੰਚਾ ਦੇਵੇ। ਮੈਂ ਇਹ ਵੀ ਜਾਨਣਾ ਚਾਹੁੰਦਾ ਸੀ ਕਿ ਜਿਹੜੀਆਂ ਕਿਤਾਬਾਂ ਮੈਂ ਫਖਰ ਜ਼ਮਾਂ ਲਈ ਦੇ ਆਇਆ ਸਾਂ ਉਹ ਵੀ ਉਸ ਤੱਕ ਪੁੱਜੀਆਂ ਹਨ ਜਾਂ ਨਹੀਂ? ਪਰ ਉਹ ਕੋਈ ਉਤਰ ਨਹੀਂ ਦੇ ਰਿਹਾ ਸੀ। ਉਸਦੀ ਚੁੱਪ ਤੋਂ ਮੈਂ ਪ੍ਰੇਸ਼ਾਨ ਸਾਂ। ਬੇਰੁਖੀ ਨੇ ਸਾਰੇ ਭਰਮ ਲਾਹ ਦਿੱਤੇ ਸਨ। ਇਸ ਲਈ ਹੁਣ ਆਪਣੀ ਸੀਟ ਤੋਂ ਉਠ ਕੇ ਭੱਟੀ ਨੂੰ ਮਿਲਣ ਦੀ ਮੇਰੇ ਦਿਲ ਵਿਚ ਕੋਈ ਤਾਂਘ ਪੈਦਾ ਨਾ ਹੋਈ। ਮੈਂ ਭੱਟੀ ਨੂੰ ਜੱਫੀਆਂ ਪਾ ਪਾ ਮਿਲਦਿਆਂ ਦੇਖ ਰਿਹਾ ਸਾਂ ਅਤੇ ਅਣਡਿੱਠ ਕਰ ਰਿਹਾ ਸਾਂ।

ਸਾਢੇ ਸੱਤ ਵਜੇ ਗਿਆਨੀ ਜ਼ੈਲ ਸਿੰਘ ਪਧਾਰੇ ਅਤੇ ਗਾਰਗੀ ਦਾ ਨਾਟਕ ਸ਼ੁਰੂ ਹੋਇਆ। ਮੁੱਖ ਮੰਤਰੀ ਜੀ ਨੂੰ ਹੋਰ ਬੜੇ ਰੁਝੇਵੇਂ ਸਨ ਇਸ ਲਈ ਮੱਧ-ਅੰਤਰ ਵਿਚ ਉਹ ਜਾਣਾ ਚਾਹੁੰਦੇ ਸਨ। ਪਰ ਗਾਰਗੀ ਨੇ ਉਨ੍ਹਾਂ ਨੂੰ ਦੋ ਮਿੰਟਾਂ ਲਈ ਦਰਸ਼ਕਾਂ ਸਾਹਵੇਂ ਨਾਟਕ ਬਾਰੇ ਆਪਣੇ ਵਿਚਾਰ ਪ੍ਰਸਤੁਤ ਕਰਨ ਅਤੇ ਕਲਾਕਾਰਾਂ ਨੂੰ ਅਸ਼ੀਰਵਾਦ ਦੇਣ ਲਈ ਜਿਵੇਂ ਕਿਵੇਂ ਮਨਾ ਲਿਆ। ਮੁੱਖ ਮੰਤਰੀ ਜੀ ਨੇ ਕਿਹਾ, 'ਮੈਨੂੰ ਸਮਝ ਨਹੀਂ ਆਉਂਦੀ ਕਿ ਸਿਆਸਤਦਾਨਾਂ ਦਾ ਹਰ ਅਵਸਰ 'ਤੇ ਬੋਲਣਾ ਕਿਉਂ ਜ਼ਰੂਰੀ ਸਮਝਿਆ ਜਾਂਦਾ ਹੈ? ਮੈਂ ਜ਼ਰੂਰੀ ਰੁਝੇਵੇਂ ਕਾਰਨ ਮਧ-ਅੰਤਰ ਵਿਚ ਚੁੱਪ ਚੁਪੀਤੇ ਖਿਸਕ ਜਾਣਾ ਚਾਹੁੰਦਾ ਸਾਂ ਤਾਕਿ ਦਰਸ਼ਕ ਡਿਸਟਰਬ ਹੋਏ ਬਿਨਾਂ ਨਾਟਕ ਦਾ ਰਸ ਮਾਣ ਸਕਣ, ਪਰ ਗਾਰਗੀ ਜੀ ਦੇ ਰਿਹਾੜ ਨੇ ਮੈਨੂੰ ਰੰਗ ਮੰਚ 'ਤੇ ਆਉਣ ਲਈ ਮਜਬੂਰ ਕੀਤਾ ਹੈ। ਗਾਰਗੀ ਜੀ ਮੇਰੇ ਇਲਾਕੇ ਦੇ ਹਨ, ਉਨ੍ਹਾਂ ਨੂੰ ਮੈਂ ਨਾਂਹ ਨਹੀਂ ਕਰ ਸਕਦਾ। ਹੁਣ ਜਦੋਂ ਉਨ੍ਹਾਂ ਮੈਨੂੰ ਆਪਣੇ ਵਿਚਾਰ ਪ੍ਰਗਟਾਉਣ ਲਈ ਕਹਿ ਹੀ ਦਿੱਤਾ ਹੈ ਤਾਂ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਗਾਰਗੀ ਜੀ ਦੇ ਨਾਟਕ ਦੇ ਪਾਤਰਾਂ ਦੀ ਵੇਸ਼ ਭੂਸ਼ਾ ਅਤੇ ਭਾਸ਼ਾ ਵੰਡ ਤੋਂ ਪਹਿਲੇ ਪੱਛਮੀ ਪੰਜਾਬ ਦੀ ਹੈ ਪਰ ਉਨ੍ਹਾਂ ਦੀ ਕਹਾਣੀ ਸਾਡੇ ਅੱਜ ਕਲ ਦੇ ਪੰਜਾਬ ਦੀ ਹੈ। ਅਜੋਕੇ ਪੰਜਾਬ ਨੇ ਬਹੁਤ ਤਰੱਕੀ ਕੀਤੀ ਹੈ ਅਤੇ ਅਸੀਂ ਵੰਡ ਤੋਂ ਪਹਿਲੇ ਪੰਜਾਬ ਨੂੰ ਬਹੁਤ ਪਿੱਛੇ ਛੱਡ ਦਿੱਤਾ ਹੈ। ਗਾਰਗੀ ਜੀ ਬਠਿੰਡਾ ਜ਼ਿਲ੍ਹੇ ਦੇ ਜੰਮਪਲ ਹਨ ਅਤੇ ਉਸ ਇਲਾਕੇ ਦੀ ਜ਼ਬਾਨ ਅਤੇ ਉਥੋਂ ਦੇ ਲੋਕਾਂ ਦੀ ਬੋਲੀ ਤੋਂ ਚੰਗੀ ਤਰ੍ਹਾਂ ਵਾਕਫ ਹਨ। ਫਿਰ ਮੇਰੀ ਸਮਝ ਵਿਚ ਇਹ ਗੱਲ ਨਹੀਂ ਆਈ ਕਿ ਉਹ ਅਤੀਤ ਨੂੰ ਛੱਡ ਕੇ ਸਮਕਾਲੀ ਪੰਜਾਬ ਨੂੰ ਆਪਣੇ ਡਰਾਮੇ ਵਿਚ ਕਿਉਂ ਰੂਪਮਾਨ ਨਹੀਂ ਕਰ ਸਕੇ। ਪੰਜਾਬ ਸਰਕਾਰ ਇਸ ਡਰਾਮੇ ਨੂੰ ਪਿੰਡਾਂ ਦੇ ਲੋਕਾਂ ਨੂੰ ਦਿਖਾਉਣਾ ਚਾਹੇਗੀ ਅਤੇ ਅਸੀਂ ਇਸ ਦਾ ਪ੍ਰਬੰਧ ਕਰ ਦੇਵਾਂਗੇ ਪਰ ਗਾਰਗੀ ਜੀ ਨੂੰ ਵੀ ਇਸ ਡਰਾਮੇ ਨੂੰ ਮੌਜੂਦਾ ਹਾਲਾਤ ਮੁਤਾਬਕ ਢਾਲਣਾ ਚਾਹੀਦਾ ਹੈ ਤਾਕਿ ਇਹ ਡਰਾਮਾ ਜ਼ਿਆਦਾ ਪ੍ਰਭਾਵਸ਼ਾਲੀ ਸਿੱਧ ਹੋ ਸਕੇ। ਇਸ ਨਾਟਕ ਦੀ ਹੀਰੋਇਨ ਕੇਸਰੋ ਦਾ ਕਿਰਦਾਰ ਵੀ ਬੜਾ ਕਮਜ਼ੋਰ ਵਿਖਾਇਆ ਗਿਆ ਹੈ। ਇਹ ਗੱਲ ਜਚੀ ਨਹੀਂ। ਭਾਵੇਂ ਇਸ ਡਰਾਮੇ ਦੀ ਸਟੇਜ ਸੈਟਿੰਗ 'ਤੇ ਬਹੁਤ ਖਰਚ ਨਹੀਂ ਆਇਆ ਪਰ ਫੇਰ ਵੀ ਮੈਂ ਕਲਾਕਾਰਾਂ ਦਾ ਦਿਲ ਵਧਾਉਣ ਲਈ ਪੰਜ ਹਜ਼ਾਰ ਰੁਪਏ ਦੇਣ ਦਾ ਐਲਾਨ ਕਰਦਾ ਹਾਂ।'



ਮੁੱਖ ਮੰਤਰੀ ਜੀ ਆਪਣਾ ਭਾਸ਼ਣ ਸਮਾਪਤ ਕਰਕੇ ਚਲੇ ਗਏ। ਗਾਰਗੀ ਦਾ ਨਾਟਕ ਫੇਰ ਸ਼ੁਰੂ ਹੋਇਆ ਪਰ ਗਾਰਗੀ ਦੇ ਨਾਟਕ ਦਾ ਮੁੱਖ ਮੰਤਰੀ ਜੀ ਦੇ ਭਾਸ਼ਨ ਨਾਲ ਹੀ ਭੋਗ ਪੈ ਗਿਆ ਜਾਪਦਾ ਸੀ। ਨਾਟਕ ਫੇਰ ਜੰਮ ਨਹੀਂ ਸਕਿਆ। ਫਿੱਕਾ ਫਿੱਕਾ ਲਗਦਾ ਸੀ।

ਨਾਟਕ ਖਤਮ ਹੋਇਆ ਮੈ ਬਾਹਰ ਨਿਕਲਿਆ। ਘਰ ਜਾਣ ਦੇ ਆਹਰ ਪਾਹਰ ਵਿਚ ਸਾਂ ਕਿ ਬਲਬੀਰ ਮੋਮੀ ਨੇ ਆਵਾਜ਼ ਦਿੱਤੀ। ਮੈਂ ਰੁਕ ਗਿਆ। ਉਸ ਨੇ ਨੇੜੇ ਪੁੱਜ ਕੇ ਕਿਹਾ, 'ਆਓ ਤੁਹਾਡੀ ਅਮਜਦ ਭੱਟੀ ਨਾਲ ਮੁਲਾਕਾਤ ਕਰਵਾਈਏ। ਥੋੜੀ ਦੇਰ ਵਿਚ ਅਮਜਦ ਭੱਟੀ ਆ ਪਹੁੰਚਾ। ਮੈਂ ਹੱਥ ਮਿਲਾਇਆ।

'ਤੁਸੀਂ ਕਦੋਂ ਆਏ?' ਮੈਂ ਸਵਾਲ ਕੀਤਾ।

'ਬੱਸ ਅੱਜ ਹੀ ਸਮਝੋ।' ਭੱਟੀ ਨੇ ਉਤਰ ਦਿੱਤਾ।

'ਕਿੱਥੇ ਠਹਿਰੇ ਹੋ?

'ਇਹ ਸਾਡੇ ਪਾਸ ਠਹਿਰੇ ਹੋਏ ਨੇ।' ਜੋਗਿੰਦਰ ਸਿੰਘ ਸੰਪਾਦਕ 'ਪੰਜ ਪਾਣੀ' ਨੇ ਉਤਰ ਦਿੱਤਾ।

'ਕੀ ਪ੍ਰੋਗਰਾਮ ਹੈ?'

'ਜਿਵੇਂ ਤੁਸੀਂ ਆਖੋ' ਅਮਜਦ ਭੱਟੀ ਨੇ ਸੰਖੇਪ ਜਿਹਾ ਉਤਰ ਦਿੱਤਾ।

'ਇਹ ਕਲ ਪੰਜਾਬ ਯੂਨੀਵਰਸਿਟੀ ਵਿਚ ਸਾਢੇ ਦਸ ਵਜੇ ਆ ਰਹੇ ਨੇ, ਪੰਜਾਬੀ ਵਿਭਾਗ ਵਿਚ ਲੈਕਚਰ ਦੇਣ ਲਈ। ਪਰਸੋਂ ਸਾਹਿਤ ਸਭਾ ਚੰਡੀਗੜ੍ਹ ਵਲੋਂ ਅਰੋਮਾ ਹੋਟਲ ਵਿਚ ਇਨ੍ਹਾਂ ਦੇ ਮਾਣ ਵਿਚ ਸਮਾਗਮ ਕੀਤਾ ਜਾ ਰਿਹਾ ਹੈ। ਤੁਸੀਂ ਵੀ ਆਉਣਾ। ਕੰਟਰੀਬਯੂਟਰੀ ਈਵਨਿੰਗ ਟੀ ਹੈ।' ਜੋਗਿੰਦਰ ਸਿੰਘ ਨੇ ਭੱਟੀ ਦਾ ਪ੍ਰੋਗਰਾਮ ਦੱਸਿਆ।

'ਇਸ ਦਾ ਮਤਲਬ ਹੈ ਕਿ ਤੁਸੀਂ ਕੁਝ ਦਿਨ ਅਜੇ ਏਥੇ ਹੀ ਹੋ।'

'ਹਾਂ'

'ਅੱਛਾ, ਫੇਰ ਤੁਹਾਡੇ ਨਾਲ ਕਲ ਮੁਲਾਕਾਤ ਹੋਵੇਗੀ। ਫੇਰ ਗੱਲ ਕਰਾਂਗੇ। ਕੋਈ ਪ੍ਰੋਗਰਾਮ ਬਣਾਵਾਂਗੇ।

ਅਮਜਦ ਭੱਟੀ ਨੇ ਹੱਥ ਮਿਲਾਇਆ। ਗੁਰਸ਼ਰਨ ਸਿੰਘ ਦੀ ਕਾਰ ਵਿਚ ਬੈਠ ਕੇ ਚਲਾ ਗਿਆ।

**9 ਨਵੰਬਰ**: ਮੈਂ ਠੀਕ ਸਾਢੇ ਦਸ ਵਜੇ ਪੰਜਾਬੀ ਵਿਭਾਗ, ਪੰਜਾਬ ਯੂਨੀਵਰਸਿਟੀ ਪੁੱਜਾ। ਅਜੇ ਭੱਟੀ ਨਹੀਂ ਸੀ ਪੁੱਜਾ। ਸਾਰੇ ਉਸ ਨੂੰ ਉਡੀਕ ਰਹੇ ਸਨ। ਪੰਦਰਾਂ ਕੁ ਮਿੰਟ ਬਾਅਦ ਭੱਟੀ ਪਹੁੰਚ ਗਿਆ। ਪੰਜਾਬੀ ਵਿਭਾਗ ਦੇ ਵਿਦਿਆਰਥੀ ਅਤੇ ਅਧਿਆਪਕ ਸਭ ਇਕ ਲੈਕਚਰ ਰੂਮ ਵਿਚ ਇਕੱਠੇ ਸਨ। ਕਮਰਾ ਖਚਾ ਖਚ ਭਰਿਆ ਹੋਇਆ ਸੀ। ਕੁਝ ਲੋਕ ਬੈਂਚਾਂ ਤੋਂ ਥੱਲੇ ਪੌੜੀਆਂ ਵਿਚ ਬੈਠੇ ਸਨ। ਸਾਰੇ ਸ੍ਰੋਤੇ ਭੱਟੀ ਨੂੰ ਸੁਣਨ ਲਈ ਬੇਤਾਬ ਸਨ।

ਡਾ: ਸੁਰਿੰਦਰ ਸਿੰਘ ਕੋਹਲੀ, ਮੁਖੀ ਪੰਜਾਬੀ ਵਿਭਾਗ, ਨੇ ਕਿਹਾ, 'ਅੱਜ ਸਾਡੇ ਵੱਡੇ ਭਾਗ ਹਨ ਕਿ ਸ੍ਰੀ ਅਮਜਦ ਭੱਟੀ ਅੱਜ ਸਾਡੇ ਦਰਮਿਆਨ ਮੌਜੂਦ ਹਨ। ਉਹ ਲਾਹੌਰ ਵਿਚ ਪੰਜਾਬੀ ਦੇ

ਪਰਚੇ 'ਪੰਜ ਦਰਿਆ' ਦੇ ਸੰਪਾਦਕ ਹਨ। ਮੈਂ 'ਪੰਜ ਦਰਿਆ' ਦੇ ਕੁਝ ਅੰਕ ਹੀ ਦੇਖੇ ਹਨ ਅਤੇ ਉਨ੍ਹਾਂ ਨੂੰ ਦੇਖ ਕੇ ਮੈਂ ਭੱਟੀ ਹੁਰਾਂ ਦੀ ਹਿੰਮਤ ਦੀ ਦਾਦ ਦਿੱਤੇ ਬਿਨਾਂ ਨਹੀਂ ਰਹਿ ਸਕਿਆ। ਉਨ੍ਹਾਂ ਦਾ ਪੰਜਾਬੀ ਭਾਸ਼ਾ ਅਤੇ ਸਭਿਆਚਾਰ ਪ੍ਰਤਿ ਪਿਆਰ ਸਾਡੇ ਸਤਿਕਾਰ ਦਾ ਪਾਤਰ ਹੈ। ਮੈਂ ਭੱਟੀ ਹੁਰਾਂ ਦੇ ਸੰਬੰਧ ਵਿਚ ਬਹੁਤ ਨਹੀਂ ਜਾਣਦਾ ਇਸ ਲਈ ਮੈਂ ਡਾ: ਅਤਰ ਸਿੰਘ ਨੂੰ ਬੇਨਤੀ ਕਰਾਂਗਾ ਕਿ ਉਹ ਤੁਹਾਡੇ ਨਾਲ ਭੱਟੀ ਸਾਹਿਬ ਦੀ ਚੰਗੇ ਤਰ੍ਹਾਂ ਜਾਣ ਪਛਾਣ ਕਰਾਉਣ।'

ਡਾ: ਅਤਰ ਸਿੰਘ ਨੇ ਕਿਹਾ, 'ਪਾਕਿਸਤਾਨ ਵਿਚ ਪੰਜਾਬੀ ਨੇ ਬਹੁਤ ਤਰੱਕੀ ਕੀਤੀ ਹੈ। ਪੰਜਾਬੀ ਸਭਿਆਚਾਰ ਅਤੇ ਭਾਸ਼ਾ ਲਈ ਪਾਕਿਸਤਾਨ ਵਿਚ ਜੋ ਸੰਘਰਸ਼ ਚਲ ਰਿਹਾ ਹੈ ਉਹ ਸਾਡੇ ਸਾਰਿਆਂ ਲਈ ਮਾਣ ਵਾਲੀ ਗੱਲ ਹੈ। ਤੁਸੀਂ ਉਸ ਸੰਘਰਸ਼ ਦਾ ਅੰਦਾਜ਼ਾ ਭੱਟੀ ਦੇ ਛੀਟਕੇ ਜਿਹੇ ਸਰੀਰ ਤੋਂ ਨਾ ਲਗਾ ਲੈਣਾ। ਸਾਰੇ ਪਾਕਿਸਤਾਨੀ ਲੇਖਕ ਭੱਟੀ ਵਰਗੇ ਛੀਟਕੇ ਨਹੀਂ। ਉਹ ਵੱਡੇ ਜੁੱਸੇ, ਦਿਲ ਅਤੇ ਦਿਮਾਗ ਵਾਲੇ ਹਨ। ਮੈਂ ਭੱਟੀ ਨੂੰ ਪ੍ਰਤਿਨਿਧ ਦੇ ਤੌਰ 'ਤੇ ਨਹੀਂ ਪੇਸ਼ ਕਰ ਰਿਹਾ।' ਕਿਸੇ ਨੇ ਵਿਚੋਂ ਆਵਾਜ਼ਾ ਕੱਸਿਆ, 'ਮੁੰਡਾ ਤਾਂ ਸੁਹਣਾ ਹੈ ਤੁਸੀਂ ਐਵੇਂ ਹੀ ਕਿਉਂ ਇਹਦੇ ਮਗਰ ਪੈ ਗਏ ਹੋ।' ਡਾ: ਅਤਰ ਸਿੰਘ ਨੇ ਆਪਣੀ ਗੱਲ ਜਾਰੀ ਰੱਖਦਿਆਂ ਕਿਹਾ, 'ਭੱਟੀ ਸਾਹਿਬ ਪਾਕਿਸਤਾਨ ਵਿਚ ਗੁਰਦੁਆਰਿਆਂ ਦੇ ਦਰਸ਼ਣ ਕਰਨ ਲਈ ਜਥਿਆਂ ਨਾਲ ਗਏ ਲੇਖਕਾਂ ਜਾਂ ਉਥੇ ਜਾ ਕੇ ਬਣੇ ਲੇਖਕਾਂ ਜਾਂ ਭੱਟੀ ਸਾਹਿਬ ਦੇ ਲੱਭ ਲਭਾ ਕੇ ਮੱਲੋ ਮੱਲੀ ਬਣਾਏ ਲੇਖਕਾਂ ਦੀ ਬਹੁਤ ਆਓ ਭਗਤ ਕਰਦੇ ਹਨ। ਇਹ ਖੁਸ਼ੀ ਦੀ ਗੱਲ ਹੈ ਕਿ ਕੋਈ ਥਾਂ ਤਾਂ ਐਸੀ ਹੈ ਜਿੱਥੇ ਲੇਖਕ ਅਖਵਾਉਣਾ ਮਾਣ ਵਾਲੀ ਗੱਲ ਹੈ। ਅਤੇ ਕਿਸੇ ਆਦਮੀ ਦੀ ਬਤੌਰ ਲੇਖਕ ਵੀ ਕਦਰ ਪੈਂਦੀ ਹੈ।'

ਹੁਣ ਭੱਟੀ ਦੀ ਤਕਰੀਰ ਸ਼ੁਰੂ ਹੋਈ। ਸਾਰੇ ਕੰਨ ਅਤੇ ਅੱਖਾਂ ਭੱਟੀ ਵੱਲ ਸਨ। ਭੱਟੀ ਨੇ ਕਿਹਾ, 'ਮੇਰੇ ਸਰੀਰ ਅਤੇ ਪਹਿਰਾਵੇ ਬਾਰੇ ਜੋ ਗੱਲ ਆਖੀ ਗਈ ਹੈ, ਮੈਂ ਦੱਸਣਾ ਚਾਹੁੰਦਾ ਹਾਂ ਕਿ ਮੈਂ ਸੂਟ ਇਸ ਕਰਕੇ ਪਹਿਨਿਆ ਹੋਇਆ ਹੈ ਤਾਕਿ ਮੈਂ ਓਪਰਾ ਨਾ ਲੱਗਾਂ। ਮੈਂ ਜਲੰਧਰ ਕਮੀਜ਼ ਸਲਵਾਰ ਪਾਈ ਹੋਈ ਬਾਜ਼ਾਰ ਵਿਚ ਜਾ ਰਿਹਾ ਸਾਂ, ਇਕ ਕੁੜੀ ਦੂਜੀ ਨੂੰ ਕਹਿਣ ਲੱਗੀ, 'ਨੀਂ ਦੇਖ ਉਹ ਮੁੰਡਾ ਕਮੀਜ਼ ਸਲਵਾਰ ਪਾਈ ਜਾ ਰਿਹਾ ਹੈ।' ਕਿਸੇ ਨੇ ਆਵਾਜ਼ਾ ਕਸਿਆ, 'ਤੁਸੀਂ ਮੁੰਡੇ ਹੀ ਹੋ, ਐਵੇਂ ਕਿਉਂ ਝੇਂਪ ਰਹੇ ਹੋ।' ਸਾਰੇ ਪਾਸੇ ਹਾਸੇ ਦੀਆਂ ਫੁੱਲ-ਝੜੀਆਂ ਮਚ ਉਠੀਆਂ। ਭੱਟੀ ਨੇ ਗੱਲ ਅੱਗੇ ਤੋਰਦਿਆਂ ਆਖਿਆ, 'ਪਾਕਿਸਤਾਨ ਵਿਚ ਗੁਰਮੁਖੀ ਪੜ੍ਹਾਉਣ ਦਾ ਕੋਈ ਇੰਤਜ਼ਾਮ ਨਹੀਂ ਸੀ, ਸਤਿਨਾਮ ਮਹਿਮੂਦ ਦਿਆਲ ਸਿੰਘ ਕਾਲਜ ਵਿਚ ਗਰਮੁਖੀ ਪੜ੍ਹਾਉਣ ਗਈ, ਜਦੋਂ 'ਕ, ਖ, ਗ, ਪੜ੍ਹਾਉਂਦੀ ਮ ਤੇ ਪੁੱਜੀ ਤਾਂ ਮੁੰਡਿਆਂ ਨੇ ਸ਼ੋਰ ਮਚਾ ਦਿੱਤਾ, 'ਮੰਮਾ ਓਏ, ਮੰਮਾ ਓਏ' ਅਤੇ ਉਹ ਉਥੋਂ ਭੱਜ ਖਲੋਤੀ ਅਤੇ ਮੁੜ ਕੇ ਉਸ ਨੇ ਗੁਰਮੁਖੀ ਪੜ੍ਹਾਉਣ ਦੀ ਜੁਰਅਤ ਨਹੀਂ ਕੀਤੀ। ਹੁਣ ਅਸੀਂ ਪੰਜਾਬੀ ਪੜ੍ਹਾਉਣ ਦਾ ਪ੍ਰਬੰਧ ਕੀਤਾ ਹੈ। ਪੰਜਾਬ ਯੂਨੀਵਰਸਿਟੀ ਵਿਚ ਐਮ. ਏ. ਤੱਕ ਪੰਜਾਬੀ ਦੀ ਪੜ੍ਹਾਈ ਹੁੰਦੀ ਹੈ। ਮੇਰਾ ਰਿਸਾਲਾ 'ਪੰਜ ਦਰਿਆ' ਪੰਜ ਹਜ਼ਾਰ ਛਪਦਾ ਹੈ। ਸਾਡੇ ਪੰਜਾਬੀ ਨੇ ਬਹੁਤ ਤਰੱਕੀ ਕੀਤੀ ਹੈ, ਤੁਹਾਡੇ ਏਥੇ ਬਿਲਕੁਲ ਨਹੀਂ ਕੀਤੀ। ਮੈਂ ਤੁਹਾਡੀਆਂ ਅਖ਼ਬਾਰਾਂ ਪੜ੍ਹੀਆਂ ਹਨ, ਉਨ੍ਹਾਂ ਵਿਚ ਕੁਝ ਨਹੀਂ ਹੁੰਦਾ। ਤੁਹਾਡੇ ਏਥੇ ਕੋਈ ਆਜ਼ਾਦੀ ਨਹੀਂ, ਸਾਡੇ ਓਧਰ ਬਹੁਤ ਆਜ਼ਾਦੀ ਹੈ।' ਭੱਟੀ ਦੋ ਤਿੰਨ ਮਿੰਟਾਂ ਵਿਚ ਆਪਣੀ ਗੱਲ ਮੁਕਾ ਚੁੱਕਾ ਸੀ। ਉਸਦੀ ਤਕਰੀਰ ਖਤਮ ਹੋ ਚੁੱਕੀ ਸੀ ਅਤੇ ਉਹ ਬਿਤਰ ਬਿਤਰ ਤੱਕ ਰਿਹਾ ਸੀ। ਉਸ ਨੂੰ ਕੁਝ ਸੁੱਝ ਨਹੀਂ ਸੀ ਰਿਹਾ ਕਿ ਉਹ ਕੀ ਕਰੇ, ਖੜਾ ਰਹੇ ਜਾਂ ਬੈਠ ਜਾਏ। ਸ੍ਰੋਤੇ ਉਸ ਵਲ ਤਕ ਰਹੇ ਸਨ। ਚੌਹੀਂ ਪਾਸੀਂ ਚੁੱਪ ਚਾਪ ਛਾਈ ਹੋਈ ਸੀ। ਏਸ ਚੁੱਪ ਨੂੰ ਤੋੜਨ ਲਈ ਮੈਂ ਕਿਹਾ, 'ਭੱਟੀ ਸਾਹਿਬ ਤੁਸੀਂ



ਬਹੁਤ ਸਵੀਪਿੰਗ ਸਟੇਟਸ ਮੈਂਟਸ ਦਿੱਤੀਆਂ ਹਨ ! ਤੁਸੀਂ ਸਾਡੇ ਮਹਿਮਾਨ ਹੋ ; ਅਸੀਂ ਤੁਹਾਡੇ ਨਾਲ ਕਿਸੇ ਬਹਿਸ 'ਚ ਉਲਝਣਾ ਨਹੀਂ ਚਾਹੁੰਦੇ। ਤੁਸੀਂ ਸਾਨੂੰ ਇਹ ਦੱਸੋ ਕਿ ਪਾਕਿਸਤਾਨ ਵਿਚ ਪੰਜਾਬੀ ਨੇ ਕੀ ਤਰੱਕੀ ਕੀਤੀ ਹੈ ? ਕਿਹੜੀਆਂ ਮੰਜ਼ਲਾਂ ਤੇ ਕੀਤੀਆਂ ਹਨ ਅਤੇ ਪੰਜਾਬੀ ਅਦਬ ਦਾ ਇਰਤਕਾ ਕਿਵੇਂ ਹੋਇਆ ਹੈ ? ਪੰਜਾਬੀ ਅਦਬ ਦੀ ਪਾਕਿਸਤਾਨ ਵਿਚ ਕਿਹੜੀ ਸਿਨਫ ਏਧਰਲੇ ਅਦਬ ਨਾਲੋਂ ਤਰੱਕੀ ਯਾਫਤਾ ਹੈ ਅਤੇ ਕਿਵੇਂ ਅੱਗੇ ਹੈ ? ਤੁਸੀਂ, ਸਾਨੂੰ ਕੁਝ ਦੋਹਾਂ ਪਾਸਿਆਂ ਦੇ ਅਦਬ ਦਾ ਮੁਕਾਬਲਾ ਕਰਕੇ ਆਪਣੀ ਗੱਲ ਸਮਝਾਓ ਤਾਕਿ ਸਾਡੇ ਵੀ ਕੁਝ ਹੱਥ ਪੱਲੇ ਪਏ।' ਭੱਟੀ ਨੇ ਕਿਹਾ, 'ਸਾਡੀ ਕਹਾਣੀ, ਨਾਵਲ, ਡਰਾਮਾ, ਨਜ਼ਮ, ਸਭ ਕੁਝ ਅੱਗੇ ਹੈ।' ਇਸ ਤੋਂ ਬਾਅਦ ਭੱਟੀ ਚੁੱਪ ਸੀ। ਸ੍ਰੋਤੇ ਉਸਦੇ ਮੂੰਹ ਵੱਲ ਤਕ ਰਹੇ ਸਨ ਉਹ ਸ੍ਰੋਤਿਆਂ ਦੇ ਮੂੰਹ ਵੱਲ ਤੱਕ ਰਿਹਾ ਸੀ। ਕੁਝ ਦੇਰ ਦੀ ਖਾਮੋਸ਼ੀ ਤੋਂ ਬਾਅਦ, ਇਕ ਵਿਦਿਆਰਥੀ ਨੇ ਕਿਹਾ, 'ਤੁਸੀਂ ਪ੍ਰੀਤਮ ਸਿੰਘ ਹੁਰਾਂ ਦੀ ਗੱਲ ਦਾ ਜੁਆਬ ਨਹੀਂ ਦਿੱਤਾ, ਤੁਸੀਂ ਇਹ ਦੱਸੋ ਕਿ ਤੁਹਾਡਾ ਸਾਹਿਤ ਸਾਡੇ ਸਾਹਿਤ ਤੋਂ ਕਿਵੇਂ ਅੱਗੇ ਹੈ ? ਤੁਸੀਂ ਕੀ ਕੁਝ ਪੜ੍ਹਿਆ ਹੈ ? ਤੁਹਾਨੂੰ ਪੰਜਾਬੀ ਪੜ੍ਹਨੀ ਵੀ ਆਉਂਦੀ ਹੈ ?' ਭੱਟੀ ਨੇ ਔਖੇ ਜਿਹੇ ਹੋ ਕੇ ਉਤਰ ਦਿੱਤਾ, 'ਮੈਨੂੰ ਗੁਰਮੁਖੀ ਪੜ੍ਹਨੀ ਆਉਂਦੀ ਹੈ। ਮੈਂ ਚੰਗੀ ਤਰ੍ਹਾਂ ਤੁਹਾਡੀਆਂ ਅਖਬਾਰਾਂ ਪੜ੍ਹ ਸਕਦਾ ਹਾਂ। ਮੈਂ ਲਾਹੌਰ ਵਿਚ ਆਪ ਗੁਰਮੁਖੀ ਦੀਆਂ ਕਲਾਸਾਂ ਲੈਂਦਾ ਹਾਂ, ਗੁਰਮੁਖੀ ਪੜ੍ਹਾਉਂਦਾ ਹਾਂ।' ਹੁਣ ਫੇਰ ਖਾਮੋਸ਼ੀ ਛਾਈ ਹੋਈ ਸੀ। ਭੱਟੀ ਸ੍ਰੋਤਿਆਂ ਵੱਲ ਦੇਖ ਰਿਹਾ ਸੀ, ਸ੍ਰੋਤੇ ਭੱਟੀ ਵੱਲ ਦੇਖ ਰਹੇ ਸਨ।

ਤੁਹਾਨੂੰ ਸਾਡੀਆਂ ਅਖਬਾਰਾਂ ਦਾ ਕੀ ਚੰਗਾ ਨਹੀਂ ਲੱਗਾ ? ਕਿਸੇ ਵਿਦਿਆਰਥੀ ਨੇ ਸਵਾਲ ਕੀਤਾ। 'ਕੁਝ ਵੀ ਚੰਗਾ ਨਹੀਂ ਲੱਗਾ। ਉਨ੍ਹਾਂ ਵਿਚ ਕੁਝ ਵੀ ਨਹੀਂ ਹੁੰਦਾ। ਤੁਹਾਨੂੰ ਕੋਈ ਆਜ਼ਾਦੀ ਨਹੀਂ। ਸਾਡੇ ਬਹੁਤ ਆਜ਼ਾਦੀ ਹੈ। ਤੁਹਾਡੀਆਂ ਅਖਬਾਰਾਂ ਦੀ ਜ਼ਬਾਨ ਹੀ ਮੇਰੀ ਸਮਝ 'ਚ ਨਹੀਂ ਪੈਂਦੀ।' ਭੱਟੀ ਨੇ ਕਿਹਾ।

'ਇਹ ਤੁਹਾਡਾ ਵਹਿਮ ਹੈ। ਸਾਨੂੰ ਪੂਰੀ ਆਜ਼ਾਦੀ ਹੈ। ਤੁਹਾਨੂੰ ਆਜ਼ਾਦੀ ਹੁਣ ਮਿਲੀ ਹੈ। ਸਾਨੂੰ ਬਹੁਤ ਦੇਰ ਦੀ ਮਿਲੀ ਹੋਈ ਹੈ।' ਇਕ ਵਿਦਿਆਰਥੀ ਨੇ ਕੁਝ ਗੁੱਸੇ ਨਾਲ ਕਿਹਾ।

'ਜਿਵੇਂ ਤੁਹਾਡੀ ਜ਼ਬਾਨ ਵਿਚ ਉਰਦੂ, ਫਾਰਸੀ ਦੇ ਬਹੁਤ ਲਫਜ਼ ਆਉਂਦੇ ਹਨ, ਏਵੇਂ ਹੀ ਸਾਡੇ ਵੀ ਹਿੰਦੀ ਸੰਸਕ੍ਰਿਤ ਦੇ ਆਉਂਦੇ ਹਨ। ਇਹਦੇ ਵਿਚ ਕੀ ਮਾੜ ਹੈ ?' ਇਕ ਹੋਰ ਵਿਆਰਥੀ ਨੇ ਕਿਹਾ।

'ਨਹੀਂ ਅਸੀਂ ਉਰਦੂ, ਫਾਰਸੀ ਦੇ ਲਫਜ਼ ਬਿਲਕੁਲ ਇਸਤੇਮਾਲ ਨਹੀਂ ਕਰਦੇ। ਤੁਸੀਂ ਗਲਤ ਕਹਿੰਦੇ ਹੋ। ਕੋਈ ਮਿਸਾਲ ਦਿਓ।' ਭੱਟੀ ਨੇ ਕਿਹਾ।

'ਤੁਸੀਂ ਕਰਦੇ ਹੋ। ਤੁਹਾਡੀ ਵੀ ਜ਼ਬਾਨ 'ਚ ਬਹੁਤ ਲਫਜ਼ ਸਾਡੀ ਸਮਝ 'ਚ ਨਹੀਂ ਆਉਂਦੇ ਕਿਉਂਕਿ ਅਸੀਂ ਉਰਦੂ ਫਾਰਸੀ ਨਹੀਂ ਪੜ੍ਹੇ ਹੋਏ।' ਇਕ ਵਿਦਿਆਰਥੀ ਨੇ ਫੇਰ ਗੱਲ ਅੱਗੇ ਤੋਰੀ।

'ਮੈਨੂੰ ਤੁਹਾਡੀਆਂ ਗੱਲਾਂ ਸੁਣ ਕੇ ਬਹੁਤ ਹੈਰਾਨੀ ਹੋਈ ਹੈ। ਹੁਣ ਤੱਕ ਸਾਡੇ ਦੋਹਾਂ ਧਿਰਾਂ ਦਾ ਵਤੀਰਾ ਬਹੁਤ ਉਲਾਰ ਰਿਹਾ ਹੈ। ਅਸੀਂ ਇਕ ਦੂਜੇ ਵੱਲ ਬੜੇ ਜਜ਼ਬਾਤੀ ਰਹੇ ਹਾਂ। ਸਾਡੇ ਲੇਖਕ ਕਹਿੰਦੇ ਰਹੇ ਹਨ ਕਿ ਪਾਕਿਸਤਾਨ ਵਿਚ ਪੰਜਾਬੀ ਲਈ ਬਹੁਤ ਕੁਝ ਹੋ ਰਿਹਾ ਹੈ। ਸਾਡੇ ਵੱਲ ਕੁਝ

'ਨਹੀਂ ਹੋਇਆ ; ਪਾਕਿਸਤਾਨੀ ਸਾਹਿਤ ਸਾਡੇ ਨਾਲੋਂ ਚੰਗਾ ਹੈ। ਤੁਹਾਡੇ ਲੇਖਕ ਕਹਿੰਦੇ ਹਨ ਕਿ ਸਾਡੇ ਵੱਲ ਬਹੁਤ ਕੁਝ ਹੋਇਆ ਹੈ ਅਤੇ ਪਾਕਿਸਤਾਨ ਵਿਚ ਕੁਝ ਨਹੀਂ ਹੋਇਆ। ਤੁਸੀਂ ਮੇਜਰ ਇਸਹਾਕ ਮੁਹੰਮਦ ਦਾ ਮਜ਼ਮੂਨ,'ਸਾਡਾ ਬਾਬਾ ਸ਼ਰਨਾਰਥੀ ਹੋ ਗਿਆ' ਪੜ੍ਹਿਆ ਹੋਣੈ ? ਮੈਂ ਇਹ ਮਜ਼ਮੂਨ 'ਸਿਰਜਣਾ' ਵਿਚ ਛਾਪਿਆ ਸੀ। ਪਹਿਲਾਂ ਇਹ ਇਮਰੋਜ਼ 'ਚ ਛਪਿਆ ਸੀ। ਇਸ ਵਿਚ ਇਸਹਾਕ ਮੁਹੰਮਦ ਕਹਿੰਦਾ ਹੈ ਕਿ ਵਾਰਿਸ ਸ਼ਾਹ ਦੀ ਹੀਰ ਦੀ ਪਾਕਿਸਤਾਨ ਵਿਚ ਕੋਈ ਕਦਰ ਨਹੀਂ ਜਦੋਂ ਕਿ ਜਲੰਧਰ ਰੇਡੀਓ ਸਟੇਸ਼ਨ ਤੋਂ ਇਹ ਰੋਜ਼ ਬਰਾਡਕਾਸਟ ਹੁੰਦੀ ਹੈ। ਇਸ ਲਈ ਵਾਰਿਸ ਸ਼ਾਹ ਪਾਕਿਸਤਾਨ ਤੋਂ ਹਿਜਰਤ ਕਰਕੇ ਭਾਰਤ ਚਲਾ ਗਿਆ ਹੈ। ਉਸਦੇ ਕਹਿਣ ਦਾ ਭਾਵ ਇਹ ਹੈ ਕਿ ਪੰਜਾਬੀ ਕਲਚਰ ਨੂੰ ਪਕਿਸਤਾਨ ਵਿਚ ਲੋੜੀਂਦੀ ਇੱਜ਼ਤ ਨਹੀਂ ਦਿੱਤੀ ਜਾ ਰਹੀ। ਮੈਂ ਨਹੀਂ ਕਹਿੰਦਾ ਕਿ ਇਹ ਵਤੀਰਾ ਐਨ ਠੀਕ ਹੈ। ਜਜ਼ਬਾਤੀ ਵਤੀਰਾ ਸਦਾ ਗਲਤ ਹੁੰਦਾ ਹੈ। ਪਰ ਤੁਸੀਂ ਪਹਿਲੇ ਪਾਕਿਸਤਾਨੀ ਸ਼ਖਸ ਮਿਲੇ ਹੋ ਜਿਸ ਤੋਂ ਬਿਲਕੁਲ ਵੱਖਰੀ ਤੇ ਉਲਟ ਗੱਲ ਸੁਣ ਕੇ ਹੈਰਾਨੀ ਜ਼ਰੂਰ ਹੋਈ।' ਰਘਬੀਰ ਸਿੰਘ ਸੰਪਾਦਕ 'ਸਿਰਜਣਾ' ਨੇ ਆਪਣਾ ਵਿਚਾਰ ਵਿਅਕਤ ਕੀਤਾ।

'ਮੈ ਇਸਹਾਕ ਦਾ ਮਜ਼ਮੂਨ ਨਹੀਂ ਪੜ੍ਹਿਆ, ਪਰ ਜੋ ਉਹ ਕਹਿੰਦਾ ਹੈ ਬਿਲਕੁਲ ਗਲਤ ਕਹਿੰਦਾ ਹੈ।' ਭੱਟੀ ਨੇ ਸੰਖੇਪ ਜਿਹਾ ਉਤਰ ਦਿੱਤਾ।

'ਜ਼ਬਾਨ ਦਾ ਮਸਲਾ ਵੀ ਕੋਈ ਏਡਾ ਸੌਖਾ ਨਹੀਂ। ਜਦੋਂ ਟੈਕਨੀਕਲ ਲਫਜ਼ਾਂ ਦਾ ਤਰਜਮਾ ਕਰਨਾ ਪੈਂਦਾ ਹੈ, ਤਾਂ ਸਵਾਲ ਪੈਦਾ ਹੁੰਦਾ ਹੈ ਕਿ ਲਫਜ਼ ਕਿੱਥੋਂ ਲਏ ਜਾਣ। ਤੁਸੀਂ ਦੱਸੋ ਕਿ ਤੁਹਾਡੇ ਰੇਡੀਓ ਉਤੇ ਜੋ ਜ਼ਬਾਨ ਬੋਲੀ ਜਾਂਦੀ ਹੈ, ਦੇਹਾਤੀ ਪ੍ਰੋਗਰਾਮ ਨੂੰ ਛੱਡ ਕੇ, ਕੀ ਉਹ ਠੇਠ ਪੰਜਾਬੀ ਹੁੰਦੀ ਹੈ। ਜਿਹੜੀਆਂ ਟਰਮਜ਼ ਪੰਜਾਬੀ ਵਿਚ ਮੌਜੂਦ ਨਹੀਂ, ਉਨ੍ਹਾਂ ਦਾ ਤਰਜਮਾ ਕਰਨ ਲੱਗਿਆਂ ਇਹ ਦੇਖਣਾ ਪੈਂਦਾ ਹੈ ਕਿ ਸ਼ਬਦ ਕਿਸ ਜ਼ਬਾਨ ਤੋਂ ਉਧਾਰੇ ਲਏ ਜਾਣ।' ਰਘਬੀਰ ਸਿੰਘ ਨੇ ਫੇਰ ਆਪਣਾ ਮਤ ਪ੍ਰਗਟਾਇਆ।

'ਸਾਡੇ ਰੇਡੀਓ ਦੀ ਜ਼ਬਾਨ ਬਿਲਕੁਲ ਪੰਜਾਬੀ ਹੈ।' ਭੱਟੀ ਨੇ ਛਿੱਥੇ ਪੈ ਕੇ ਫੇਰ ਸੰਖੇਪ ਜਿਹਾ ਉਤਰ ਦਿੱਤਾ।

'ਤੁਸੀਂ ਤੁਲਨਾਤਮਕ ਅਧਿਐਨ ਦੁਆਰਾ ਆਪਣਾ ਮੱਤ ਸਪਸ਼ਟ ਕਰੋ।' ਇਕ ਹੋਰ ਵਿਦਿਆਰਥੀ ਨੇ ਭੱਟੀ ਨੂੰ ਉਕਸਾਇਆ।

'ਮੈਨੂੰ ਸਮਝ ਨਹੀਂ ਆਈ ਤੁਸੀਂ ਕੀ ਪੁੱਛ ਰਹੇ ਹੋ ? ਭੱਟੀ ਨੇ ਉਤਰ ਦਿੱਤਾ।

'ਤੁਹਾਨੂੰ ਏਥੇ ਕੁਝ ਚੰਗਾ ਵੀ ਲੱਗਾ ਹੈ ?' ਇਕ ਹੋਰ ਵਿਦਿਆਰਥੀ ਨੇ ਸਵਾਲ ਕੀਤਾ।

'ਇਹ ਤਾਂ ਤੁਹਾਨੂੰ ਉਦੋਂ ਪਤਾ ਲੱਗੇਗਾ, ਜਦੋਂ ਮੈਂ ਓਧਰ ਜਾ ਕੇ ਲਿਖਾਂਗਾ।' ਭੱਟੀ ਨੇ ਕਿਹਾ।

'ਅੱਛਾ ਤੁਸੀਂ ਲਿਖਣਾ ਵੀ ਜਾਣਦੇ ਹੋ ?' ਕਿਸੇ ਨੇ ਆਵਾਜ਼ਾ ਕਸਿਆ।

ਮੈਂ ਡਾ: ਕੋਹਲੀ ਨੂੰ ਕਿਹਾ, ਮੁਆਮਲਾ ਬਿਗੜ ਰਿਹਾ ਹੈ। ਕੁਝ ਕਰੋ। ਡਾ: ਕੋਹਲੀ ਨੇ ਉਠ ਕੇ ਵਿਦਿਆਰਥੀਆਂ ਨੂੰ ਕਿਹਾ, ਭੱਟੀ ਸਾਹਿਬ ਸਾਡੇ ਮਹਿਮਾਨ ਹਨ। ਪਰਾਹੁਣਿਆਂ ਵੱਲ ਹਮੇਸ਼ਾ ਉਦਾਰਤਾ ਵਾਲਾ ਵਤੀਰਾ ਅਪਨਉਣਾ ਚਾਹੀਦਾ ਹੈ। ਜੇ ਸਾਨੂੰ ਉਨ੍ਹਾਂ ਦੀ ਕੋਈ ਗੱਲ ਪਸੰਦ ਨਹੀਂ ਵੀ ਆਉਂਦੀ ਤਾਂ ਵੀ ਸਾਨੂੰ ਠਰੰਮੇ ਨੂੰ ਹੱਥੋਂ ਨਹੀਂ ਛੱਡਣਾ ਚਾਹੀਦਾ।

ਕੋਹਲੀ ਸਾਹਿਬ ਬੈਠ ਗਏ। ਹੁਣ ਭੱਟੀ ਬਾੜ ਵਿਚ ਫਸੇ ਹੋਏ ਬਿੱਲੇ ਵਾਂਗ ਫੇਰ ਲਾਚਾਰ



ਖੜਾ ਸੀ। ਸਾਰੇ ਚੁੱਪ ਸਨ। ਕੁਝ ਦੇਰ ਸੋਚ ਕੇ ਭੱਟੀ ਨੇ ਕਿਹਾ, 'ਲਓ ਮੈਂ ਤੁਹਾਨੂੰ ਆਪਣੀਆਂ ਨਜ਼ਮਾਂ ਸੁਣਾਉਂਦਾ ਹਾਂ।'

'ਹਾਂ ਸ਼ੁਰੂ, ਜ਼ਰੂਰ।' ਚੌਹਾਂ ਪਾਸਿਆਂ ਤੋਂ ਆਵਾਜ਼ਾਂ ਆਈਆਂ।

'ਤੁਸੀਂ ਨਜ਼ਮ ਸੁਣਾਓ, ਅਸੀਂ ਅਰਸ਼ਾਦ, ਅਰਸ਼ਾਦ, ਜ਼ਰੂਰ ਆਖਾਂਗੇ।' ਗੁਰਸ਼ਰਨ ਸਿੰਘ, ਸੰਪਾਦਕ ਟੈਕਸਟ ਬੁੱਕ ਬੋਰਡ ਨੇ ਕਿਹਾ।

ਭੱਟੀ ਨੇ ਇਕ ਤੋਂ ਬਾਅਦ ਦੂਜੀ ਨਜ਼ਮ ਸੁਣਾਈ। ਫੇਰ ਤੀਜੀ ਪਰ ਸ੍ਰੋਤਿਆਂ ਨੂੰ ਪ੍ਰਭਾਵਿਤ ਨਾ ਕਰ ਸਕਿਆ। ਇਹ ਸਭ ਲਘੂ ਕਵਿਤਾਵਾਂ ਸਨ। ਚੌਥੀ ਨਜ਼ਮ ਸੁਣਾਈ, ਜਿਸ ਵਿਚ ਸ਼ਬਦ ਆਉਂਦਾ ਸੀ 'ਮੌਹਰਾ'।

'ਤੁਸੀਂ ਮੌਹਰਾ ਤਾਂ ਸਮਝਦੇ ਹੋਣੇ ਓ ਨਾ ?' ਭੱਟੀ ਨੇ ਕਵਿਤਾ ਪੜ੍ਹਦਿਆਂ ਰੁਕ ਕੇ ਪੁਛਿਆ।

'ਅਸੀਂ ਤਾਂ ਮੌਹਰਾ ਚੱਟ ਰਹੇ ਹਾਂ, ਤੁਹਾਡਾ ਕੀ ਹਾਲ ਹੈ ?' ਗੁਰਬਖਸ਼ ਬਾਹਲਵੀ ਨੇ ਕਟਾਖਸ਼ ਕੀਤਾ।

ਭੱਟੀ ਝੇਂਪ ਗਿਆ। ਉਸ ਨੇ ਛੇਤੀ ਨਾਲ ਨਜ਼ਮ ਮੁਕਾਈ ਅਤੇ ਫੇਰ ਬਿਲ ਬਤੌਰੀ ਵਾਂਗ ਤੱਕਣ ਲੱਗ ਪਿਆ। 'ਇਸਦਾ ਖਹਿੜਾ ਛੁਡਾਓ।' ਮੈਂ ਭੱਟੀ ਦੀ ਹਾਲਤ ਦੇਖ ਕੇ ਡਾ: ਕੋਹਲੀ ਨੂੰ ਸਲਾਹ ਦਿੱਤੀ। ਡਾ: ਕੋਹਲੀ ਨੇ ਮੌਕਾ ਸੰਭਾਲਿਆ। ਝੱਟ ਪੱਟ ਉਠ ਕੇ ਭੱਟੀ ਦਾ ਅਤੇ ਸ੍ਰੋਤਿਆਂ ਦਾ ਧੰਨਵਾਦ ਕੀਤਾ ਅਤੇ ਮੀਟਿੰਗ ਬਰਖਾਸਤ ਹੋ ਗਈ।

ਹੁਣ ਭੱਟੀ, ਜੋਗਿੰਦਰ ਸਿੰਘ ਸੰਪਾਦਕ 'ਪੰਜ ਪਾਣੀ', ਗੁਰਸ਼ਰਨ ਸਿੰਘ, ਗੁਰਬਖਸ਼ ਬਾਹਲਵੀ ਅਤੇ ਪੰਜਾਬੀ ਵਿਭਾਗ ਦੇ ਅਧਿਆਪਕ ਡਾ: ਕੋਹਲੀ ਦੇ ਕਮਰੇ ਵਿਚ ਇਕੱਤਰ ਹੋਏ। ਡਾ: ਕੋਹਲੀ ਨੇ ਕਿਹਾ, 'ਭੱਟੀ ਸਾਹਿਬ ਚਾਹ ਦਾ ਕੱਪ ਪੀ ਕੇ ਚਲੇ ਜਾਣਾ।' ਉਨ੍ਹਾਂ ਨੇ ਸੇਵਾਦਾਰ ਨੂੰ ਚਾਹ ਲਿਆਉਣ ਦਾ ਆਦੇਸ਼ ਦਿੱਤਾ। ਫੇਰ ਗੱਲਾਂ ਸ਼ੁਰੂ ਹੋ ਗਈਆਂ।

'ਤੁਸੀਂ ਕਹਿੰਦੇ ਹੋ ਸਾਡੀ ਟੈਲੀਵੀਜਨ ਕੁਝ ਨਹੀਂ, ਪਰ ਅਸੀਂ ਸੁਣਿਆ ਹੈ ਕਿ ਜਦੋਂ ਸਾਡੇ ਟੈਲੀਵੀਜਨ 'ਤੇ ਹਿੰਦੋਸਤਾਨੀ ਪਿਕਚਰ ਦਿਖਾਈ ਜਾਂਦੀ ਹੈ ਤਾਂ ਤੁਹਾਡੇ ਬਾਜ਼ਾਰ ਬੰਦ ਹੋ ਜਾਂਦੇ ਹਨ ਅਤੇ ਲੋਕੀਂ ਘਰੋ ਘਰੀ ਪਿਕਚਰ ਦੇਖਣ ਲਈ ਜੁੜ ਬਹਿੰਦੇ ਹਨ।' ਇਕ ਅਧਿਆਪਕ ਨੇ ਪ੍ਰਸ਼ਨ ਕੀਤਾ।

'ਇਹ ਪਹਿਲਾਂ ਹੁੰਦਾ ਸੀ, ਹੁਣ ਅਜਿਹਾ ਨਹੀਂ ਹੁੰਦਾ।' ਭੱਟੀ ਨੇ ਸੰਖੇਪ ਜਿਹਾ ਉਤਰ ਦੇ ਕੇ ਗੱਲ ਟਾਲ ਦਿੱਤੀ।

'ਤੁਹਾਡੇ ਨਾਵਲ ਕਿੰਨੇ ਲਿਖੇ ਗਏ ਹਨ ?'

'ਸਿਰਫ਼ ਪੰਜ। ਪਹਿਲਾ ਅਬਦੁਲ ਮਜੀਦ ਭੱਟੀ ਦਾ 'ਠੇਡਾ'। ਪਰ ਉਸ ਨੂੰ ਬੈਨ ਕਰ ਦਿੱਤਾ ਗਿਆ ਸੀ, ਕਿਉਂਕਿ ਉਸ ਵਿਚ ਉਰਯਾਨੀ ਬਹੁਤ ਸੀ। ਅਫਜ਼ਲ ਅਹਿਸਨ ਰੰਧਾਵਾ ਦਾ 'ਦੀਵਾ ਤੇ ਦਰਿਆ', ਫਖ਼ਰ ਜ਼ਮਾਂ ਦਾ 'ਸੱਤ ਗਵਾਚੇ ਲੋਕ', ਸਲੀਮ ਖਾਂ ਗਿੰਮੀ ਦਾ 'ਸਾਂਝ'।

'ਠੇਡਾ ਬੈਨ ਕਿਉਂ ਕਰ ਦਿੱਤਾ ਗਿਆ ਸੀ ? ਮੈਂ ਉਹ ਨਾਵਲ ਪੜ੍ਹਿਆ ਹੈ। ਮੈਨੂੰ ਤਾਂ ਉਸ ਵਿਚ ਕਿਤੇ ਨੰਗੇਜ ਨਜ਼ਰ ਨਹੀਂ ਆਇਆ।' ਇਕ ਅਧਿਆਪਕ ਨੇ ਭੱਟੀ ਤੋਂ ਸਵਾਲ ਪੁਛਿਆ। 'ਠੇਡਾ ਵਿਚ ਬਹੁਤ ਉਰਿਆਨੀ ਹੈ। ਇਹ ਨਾਵਲ ਗੰਦਾ ਹੈ। ਸਾਡੇ ਪਰਦਾ ਬਹੁਤ ਹੈ।

ਸਾਡੇ ਲਈ ਇਸ ਵਿਚ ਬਹੁਤ ਉਰਿਆਨੀ ਹੈ।' ਭੱਟੀ ਨੇ ਉੱਤਰ ਦਿੱਤਾ।

'ਪਰ ਤੁਸੀਂ ਤਾਂ ਕਹਿੰਦੇ ਹੋ ਤੁਹਾਡੇ ਬਹੁਤ ਆਜ਼ਾਦੀ ਹੈ। ਕਾਹਦੀ ਆਜ਼ਾਦੀ ਹੈ ਜੇ ਠੰਡਾ ਜਿਹਾ ਨਾਵਲ ਵੀ ਬੈਨ ਹੋ ਜਾਂਦਾ ਹੈ। ਉਸ ਵਿਚ ਤਾਂ ਕੋਈ ਨੰਗੇਜ ਵੀ ਨਹੀਂ।' ਇਕ ਅਧਿਆਪਕ ਨੇ ਫੇਰ ਗੱਲ ਅੱਗੇ ਤੋਰੀ। ਪਰ ਭੱਟੀ ਨੇ ਚੁੱਪ ਰਹਿਣਾ ਹੀ ਬਿਹਤਰ ਸਮਝਿਆ।

'ਤੁਹਾਡੇ ਐਮ. ਏ. ਪੰਜਾਬੀ ਦਾ ਸਿਲੇਬਸ ਕੀ ਹੈ?' ਕਿਸੇ ਅਧਿਆਪਕ ਨੇ ਗੱਲ ਤੋਰਨ ਲਈ ਇਕ ਹੋਰ ਪ੍ਰਸ਼ਨ ਪੁੱਛਿਆ।

'ਏਸ ਵੇਲੇ ਮੈਨੂੰ ਪੂਰਾ ਪੂਰਾ ਯਾਦ ਨਹੀਂ। ਜੇ ਤੁਸੀਂ ਚਾਹੋ ਤਾਂ ਮੈਂ ਤੁਹਾਨੂੰ ਭਿਜਵਾ ਦਿਆਂਗਾ।' ਭੱਟੀ ਨੇ ਫੇਰ ਗੱਲ ਮੁਕਾਉਣ ਦੀ ਕੋਸ਼ਿਸ਼ ਕੀਤੀ।

'ਅਸੀਂ ਏਧਰ ਸਾਰੇ ਮੁਸਲਮਾਨ ਕਵੀ, ਬੁਲ੍ਹੇ ਸ਼ਾਹ, ਸ਼ੇਖ ਫਰੀਦ, ਸ਼ਾਹ ਹੁਸੈਨ, ਵਾਰਿਸ ਸ਼ਾਹ ਆਦਿ ਪੜ੍ਹਾਉਂਦੇ ਹਾਂ, ਕੀ ਤੁਹਾਡੇ ਵੀ ਓਧਰ ਗੁਰੂ ਨਾਨਕ ਪੜ੍ਹਾਇਆ ਜਾਂਦੈ?' ਪ੍ਰੋ: ਰਾਮ ਸਿੰਘ ਨੇ ਫੇਰ ਗੱਲ ਤੋਰਨ ਦੀ ਕੋਸ਼ਿਸ਼ ਕੀਤੀ।

'ਹਾਂ ਜੀ।' ਭੱਟੀ ਨੇ ਫੇਰ ਦੋ ਲਫ਼ਜ਼ਾਂ ਵਿਚ ਗੱਲ ਮੁਕਾ ਦਿੱਤੀ।

'ਤੁਹਾਡੇ ਪੰਜਾਬੀ ਰਸਾਲੇ ਕਿੰਨੇ ਕੁ ਛਪਦੇ ਹਨ ਅਤੇ ਪੰਜਾਬੀ ਕਿਤਾਬਾਂ ਕਿੰਨੀਆਂ ਕੁ ਛਪਦੀਆਂ ਹਨ?'

'ਪੰਜ ਦਰਿਆ' ਤੋਂ ਇਲਾਵਾ ਇਕ ਅੱਧਾ ਕੋਈ ਹੋਰ ਛਪਦਾ ਹੈ। ਪਰ ਬਾਕਾਇਦਗੀ ਨਾਲ ਸਿਰਫ਼ ਪੰਜ ਦਰਿਆ ਹੀ ਛਪਦਾ ਹੈ। ਪੰਜਾਬੀ ਦੀਆਂ ਕਿਤਾਬਾਂ ਵੀ ਲੋਕ ਪੱਲਿਓਂ ਪੈਸੇ ਖਰਚ ਕੇ ਛਪਵਾਉਂਦੇ ਹਨ। ਕਈ ਲੇਖਕਾਂ ਦੀ ਕਿਤਾਬ ਭਾਵੇਂ ਛਪਦੀ ਸੌ ਹੀ ਹੈ ਪਰ ਲਿਖਵਾਉਂਦੇ ਹਨ ਕਿ ਹਜ਼ਾਰ ਛਪੀ ਹੈ। ਮਗਰ ਸਾਡੇ ਲੇਖਕ ਤੁਹਾਡੇ ਲੇਖਕਾਂ ਵਾਂਗ ਆਪ ਹੀ ਆਪਣੇ ਉਤੇ ਮਜ਼ਮੂਨ ਲਿਖ ਕੇ ਨਹੀਂ ਛਾਪਦੇ'। ਭੱਟੀ ਨੇ ਆਖਰੀ ਫਿਕਰੇ ਨਾਲ ਕਟਾਖਸ਼ ਦਾ ਵਾਰ ਕੀਤਾ ਅਤੇ ਉਸਦੇ ਚਿਹਰੇ 'ਤੇ ਸਵੈ-ਭਰੋਸੇ ਦੀ ਮੁਸਕਾਨ ਫੈਲ ਗਈ। ਘਬਰਾਹਟ ਦੂਰ ਹੁੰਦੀ ਜਾਪੀ।

'ਇਸ ਵਿਚ ਹੱਸਣ ਵਾਲੀ ਕਿਹੜੀ ਗੱਲ ਹੈ, ਭੱਟੀ ਸਾਹਿਬ। ਜਦੋਂ ਕੋਈ ਲੇਖਕ ਰਵਾਇਤ ਨੂੰ ਤੋੜ ਕੇ ਇਕ ਵੱਖਰੀ ਕਿਸਮ ਦੀ ਰਚਨਾ ਪੇਸ਼ ਕਰਦਾ ਹੈ ਤਾਂ ਉਸ ਨੂੰ ਆਪਣੀ ਗੱਲ ਸਮਝਾਉਣ ਲਈ ਆਪ ਹੀ ਅੱਗੇ ਆਉਣਾ ਪੈਂਦਾ ਹੈ ਕਿਉਂਕਿ ਪੁਰਾਣੀਆਂ ਲੀਹਾਂ 'ਤੇ ਤੁਰੀ ਜਾਣ ਵਾਲੇ ਲੇਖਕ ਅਤੇ ਨੱਕਾਦ ਨਾ ਹੀ ਬਗਾਵਤ ਨੂੰ ਪਸੰਦ ਕਰਦੇ ਹਨ ਅਤੇ ਨਾ ਹੀ ਉਸ ਦੇ ਅਰਥ ਸਮਝ ਸਕਦੇ ਹਨ। ਇਨ੍ਹਾਂ ਹਾਲਾਤ ਵਿਚ ਅਜਿਹੇ ਲੇਖਕਾਂ ਨੂੰ ਆਪਣਾ ਨਜ਼ਰੀਆ ਸਪਸ਼ਟ ਕਰਨ ਲਈ ਅਤੇ ਉਸ ਲਈ ਰਾਹ ਹਮਵਾਰ ਕਰਨ ਲਈ ਆਪਣੇ ਉਤੇ ਆਪ ਲਿਖਣ ਤੋਂ ਸਿਵਾ ਕੋਈ ਚਾਰਾ ਹੀ ਨਹੀਂ ਰਹਿ ਜਾਂਦਾ। ਇਸ ਵਿਚ ਕੋਈ ਮਾੜ ਨਹੀਂ। ਬਰਨਾਰਡ ਸ਼ਾਅ ਅਤੇ ਈਲੀਅਟ ਵੀ ਆਪਣਾ ਮਤ ਵਿਅਕਤ ਕਰਨ ਲਈ ਆਪ ਲਿਖਦੇ ਰਹੇ ਹਨ। ਕਦੇ ਕਿਸੇ ਨੇ ਇਹ ਨਹੀਂ ਆਖਿਆ ਕਿ ਉਨ੍ਹਾਂ ਨੇ ਬੁਰਾ ਕੰਮ ਕੀਤਾ ਹੈ। ਉਰਦੂ ਵਿਚ ਜਦੋਂ ਜਦੀਦੀਅਤ ਦੀ ਲਹਿਰ ਚੱਲੀ ਸੀ ਤਾਂ ਮੀਰਾ ਜੀ ਨੇ ਆਪਣਾ ਨਜ਼ਰੀਆ ਸਪਸ਼ਟ ਕਰਨ ਲਈ ਆਪਣੇ ਬਾਰੇ ਲੇਖ ਲਿਖੇ ਸਨ। ਇਸੇ ਤਰ੍ਹਾਂ ਉਰਦੂ ਦੇ ਬਹੁਤ ਸਾਰੇ ਸ਼ਾਇਰਾਂ ਨੇ ਕੀਤਾ ਸੀ। ਤਦ ਕਿਤੇ ਉਰਦੂ ਸ਼ਾਇਰੀ ਰਵਾਇਤ ਦੇ ਚੁੰਗਲ ਤੋਂ ਆਜ਼ਾਦ ਹੋ ਸਕੀ।' ਮੇਰੀ ਲੰਮੀ ਤਕਰੀਰ ਨੂੰ ਸੁਣ ਕੇ ਭੱਟੀ ਝੇਂਪ ਗਿਆ। ਉਸ ਨੂੰ ਅਜਿਹੇ ਕਰਾਰੇ ਉੱਤਰ ਦੀ ਆਸ ਨਹੀਂ ਸੀ। ਉਹ ਖਾਮੋਸ਼ ਹੋ ਗਿਆ।



'ਪਰ ਇਹ ਤਾਂ ਪੰਜਾਬੀ ਦੇ ਬੜੇ ਸਮਰਥਕ ਹਨ। ਇਨ੍ਹਾਂ ਨੂੰ ਪਾਕਿਸਤਾਨ ਵਿਚ 'ਮੁਸਲਮਾਨ ਸਿੱਖ' ਆਖਿਆ ਜਾਂਦਾ ਹੈ। ਇਹ ਸਾਡੇ ਸਾਹਿਤ ਦੇ ਮੁਖਾਲਿਫ਼ ਨਹੀਂ। ਇਨ੍ਹਾਂ ਦਾ ਮਤਲਬ ਇਹ ਸੀ ਕਿ ਸਾਡੇ ਵੱਲ ਕਈ ਲੇਖਕ ਆਪੇ ਆਪਣੀ ਕਿਤਾਬ ਦਾ ਰੀਵੀਊ ਲਿਖ ਕੇ ਦੂਜੇ ਦੇ ਨਾਂ ਥੱਲੇ ਪ੍ਰਕਾਸ਼ਿਤ ਹੋਣ ਲਈ ਕਿਸੇ ਰਸਾਲੇ ਨੂੰ ਭੇਜ ਦੇਂਦੇ ਹਨ।' ਜੋਗਿੰਦਰ ਸਿੰਘ ਸੰਪਾਦਕ 'ਪੰਜ ਪਾਣੀ' ਨੇ ਮੌਕੇ ਦੀ ਨਜ਼ਾਕਤ ਨੂੰ ਤਾੜਦਿਆਂ ਹੋਇਆਂ ਭੱਟੀ ਦੀ ਵਕਾਲਤ ਕਰਕੇ ਕੁੜੱਤਣ ਨੂੰ ਘਟਾਉਣ ਦੀ ਕੋਸ਼ਿਸ਼ ਕੀਤੀ।

'ਇਹ ਤੁਹਾਡਾ ਨਿੱਜੀ ਤਜਰਬਾ ਹੋਵੇਗਾ। ਮੈਨੂੰ ਕਿਸੇ ਚੰਗੇ ਲੇਖਕ ਦਾ ਪਤਾ ਨਹੀਂ ਜਿਹੜਾ ਅਜਿਹਾ ਕਰਦਾ ਹੋਵੇ।' ਮੈਂ ਜੋਗਿੰਦਰ ਸਿੰਘ ਨੂੰ ਉਤਰ ਮੋੜਿਆ।

'ਚਲੋ ਛੱਡੋ ਸਾਹਿਤ ਦੀਆਂ ਗੱਲਾਂ। ਕੀ ਲੈਣਾ ਇਨ੍ਹਾਂ ਬਖੇੜਿਆਂ ਵਿਚੋਂ। ਦੱਸੋ ਕੁੜੀਆਂ ਕਿੱਧਰ ਜ਼ਿਆਦਾ ਸੁਹਣੀਆ ਨੇ। ਤੁਹਾਨੂੰ ਏਧਰ ਦੀਆਂ ਕੁੜੀਆਂ ਸੁਹਣੀਆਂ ਲਗਦੀਆਂ ਨੇ ਜਾਂ ਉਧਰ ਦੀਆਂ?' ਗੁਰਬਖਸ਼ ਬਾਹਲਵੀ ਨੇ ਵਾਤਾਵਰਨ ਦੀ ਤਲਖੀ ਘਟਾਉਣ ਅਤੇ ਉਸ ਨੂੰ ਸੁਖਾਵਾਂ ਕਰਨ ਲਈ ਭੱਟੀ ਤੋਂ ਸਵਾਲ ਪੁਛਿਆ। ਸਾਰੇ ਹੱਸਣ ਲੱਗ ਪਏ।

'ਕੁੜੀਆਂ ਵੀ ਉਧਰ ਹੀ ਸੁਹਣੀਆਂ ਹਨ! ਸਾਡੇ ਪਰਦਾ ਬੜਾ ਸਖਤ ਹੈ। ਪਰ ਕੁੜੀਆਂ ਬਹੁਤ ਸੁਹਣੀਆਂ ਹਨ।' ਭੱਟੀ ਨੇ ਉਤਰ ਦਿੱਤਾ।

'ਹਾਂ, ਨ੍ਹੇਰੇ ਵਿਚ ਸਾਧਾਰਨ ਸ਼ਕਲ ਸੂਰਤ ਦੀ ਕੁੜੀ ਵੀ ਸੁਹਣੀ ਲਗਦੀ ਹੈ। ਇਹ ਮਾਨਸਿਕ ਅਵਸਥਾ ਦੀ ਗੱਲ ਹੈ।' ਮੇਰਾ ਉਤਰ ਸੁਣ ਕੇ ਵਾਤਾਵਰਨ ਵਿਚ ਫੇਰ ਕੁਝ ਖਿਚਾਓ ਜਿਹਾ ਪੈਦਾ ਹੋ ਗਿਆ।

ਸੇਵਾਦਾਰ ਚਾਹ ਲੈ ਆਇਆ।

'ਲਓ ਚਾਹ ਪੀਓ।' ਡਾ: ਕੋਹਲੀ ਨੇ ਭੱਟੀ ਨੂੰ ਅਤੇ ਬਾਕੀ ਮਹਿਮਾਨਾਂ ਨੂੰ ਚਾਹ ਪੀਣ ਦੀ ਦਾਅਵਤ ਦਿੱਤੀ। ਸ਼ਾਇਦ ਉਨ੍ਹਾਂ ਦਾ ਮਤਲਬ ਸੀ ਕਿ ਚਾਹ ਪੀਓ ਅਤੇ ਬਾਕੀ ਗੱਲਾਂ ਛੱਡੋ।

'ਅਸੀਂ ਕੱਲ ਅਰੋਮਾ ਹੋਟਲ ਵਿਚ ਛੇ ਵਜੇ ਭੱਟੀ ਸਾਹਿਬ ਦੇ ਮਾਣ ਵਿਚ ਇਕ ਸਮਾਗਮ ਕਰ ਰਹੇ ਹਾਂ। ਚਾਹ ਕੰਟਰੀਬਿਊਟਰੀ ਹੋਵੇਗੀ। ਦਸ ਰੁਪਏ ਕੰਟਰੀਬਿਊਸ਼ਨ ਹੈ। ਜੇ ਤੁਸੀਂ ਚਾਹੋ ਤਾਂ ਕੰਟਰੀਬਿਊਸ਼ਨ ਹੁਣੇ ਹੀ ਦੇ ਸਕਦੇ ਹੋ।' ਜੋਗਿੰਦਰ ਸਿੰਘ ਨੇ ਮੈਨੂੰ ਸੂਚਨਾ ਦਿੱਤੀ।

ਮੈਂ ਕੰਟਰੀਬਿਊਸ਼ਨ ਮੌਕੇ 'ਤੇ ਹੀ ਦੇ ਦੇਵਾਂਗਾ।' ਮੈਂ ਉਤਰ ਦਿੱਤਾ।

ਸਾਡੇ ਲੇਖਕ ਕੰਟਰੀਬਿਊਸ਼ਨ ਵੇਲੇ ਭੱਜ ਜਾਂਦੇ ਹਨ। ਜਦੋਂ ਰਵਿੰਦਰ ਰਵੀ ਦਾ ਪਿਛਲੀ ਵਾਰੀ ਸਮਾਗਮ ਹੋਇਆ ਸੀ ਤਾਂ ਬੜੀ ਪਰੇਸ਼ਾਨੀ ਹੋਈ ਸੀ। ਕਈ ਲੇਖਕ ਕੰਟਰੀਬਿਊਸ਼ਨ ਤੋਂ ਭੱਜ ਗਏ ਸਨ।' ਗੁਰਸ਼ਰਨ ਸਿੰਘ ਨੇ ਕਿਹਾ।

'ਪਰ ਇਹ ਤਾਂ ਕੰਟਰੀਬਿਊਸ਼ਨ ਤੋਂ ਵੀ ਵੱਧ ਦੇਣ ਨੂੰ ਹੋ ਤਿਆਰ ਗਏ ਸਨ। ਇਨ੍ਹਾਂ ਦੇ ਦੋਸਤ ਆਹਲੂਵਾਲੀਏ ਨੇ ਹੀ ਬਖੇੜਾ ਖੜਾ ਕਰ ਦਿੱਤਾ ਸੀ।' ਗੁਰਬਖਸ਼ ਬਾਹਲਵੀ ਨੇ ਕਿਹਾ।

'ਉਹ ਆਪਣੀ ਕੰਟਰੀਬਿਊਸ਼ਨ ਦੇਣ ਨੂੰ ਤਿਆਰ ਸੀ। ਬਾਕੀ ਦੇ ਪੈਸੇ ਇਕੱਠੇ ਕਰਨਾ ਤਾਂ ਉਨ੍ਹਾਂ ਦਾ ਕੰਮ ਸੀ ਜਿਨ੍ਹਾਂ ਦਾ ਦਾਅਵਤਨਾਮੇ ਉਤੇ ਮੇਜ਼ਬਾਨਾਂ ਵਜੋਂ ਨਾਂ ਸੀ। ਪਰ ਤੁਸੀਂ ਇਹ ਗੱਲ

ਭੱਟੀ ਸਾਹਿਬ ਦੇ ਸਾਹਮਣੇ ਕਿਉਂ ਕਰਦੇ ਹੋ।' ਮੈਂ ਸਮਾਗਮ ਦੇ ਪ੍ਰਬੰਧਕਾਂ ਨੂੰ ਸਲਾਹ ਦਿੱਤੀ।

**9, 10, 11 ਨਵੰਬਰ** : 9 ਨਵੰਬਰ ਨੂੰ ਮੈਂ ਇਸ ਗੱਲ ਦੀ ਉਡੀਕ ਕਰਦਾ ਰਿਹਾ ਕਿ ਪਤਾ ਲੱਗੇ ਕਿ ਭੱਟੀ ਦੇ ਸਨਮਾਨ ਵਿਚ ਅਰੋਮਾ ਹੋਟਲ ਵਿਚ ਸਮਾਗਮ ਕਿੰਨੇ ਵਜੇ ਹੋ ਰਿਹਾ ਹੈ। ਪਰ ਕੋਈ ਉਘ ਸੁੱਘ ਨਾ ਲੱਗੀ। ਦਸ, ਗਿਆਰਾਂ ਨੂੰ ਤਰ੍ਹਾਂ ਤਰ੍ਹਾਂ ਦੀਆਂ ਅਫਵਾਹਾਂ ਸੁਣੀਆਂ। ਕੋਈ ਆਖੇ ਭਗਵੰਤ ਸਿੰਘ ਨੇ ਸਮਾਗਮ ਨਹੀਂ ਹੋਣ ਦਿੱਤਾ। ਉਹ ਕਹਿੰਦਾ ਹੈ ਕਿ ਮੈਂ ਸਮਾਗਮ ਕਰਕੇ ਆਪਣੀ ਪੈਨਸ਼ਨ ਨਹੀਂ ਗਵਾਉਣੀ। ਮੈਨੂੰ ਪੈਨਸ਼ਨ ਲੈਣ ਜੋਗਾ ਰਹਿਣ ਦਿਓ। ਭੱਟੀ ਪਾਕਿਸਤਾਨ ਦੀ ਸੀ. ਆਈ. ਡੀ. ਦਾ ਬੰਦਾ ਹੈ। ਕੋਈ ਆਖੇ ਅਤਰ ਸਿੰਘ ਸਮਾਗਮ ਦੇ ਹੱਕ ਵਿਚ ਨਹੀਂ ਇਸ ਕਰਕੇ ਸਮਾਗਮ ਨਹੀਂ ਹੋ ਸਕਿਆ। ਜਿੰਨੇ ਮੂੰਹ ਉਨੀਆਂ ਗੱਲਾਂ। ਬੱਸ ਇਹ ਤਿੰਨ ਦਿਨ ਐਵੇਂ ਨਿਕਲ ਗਏ।

11 ਨਵੰਬਰ ਦੀ ਸ਼ਾਮ ਨੂੰ ਮੈਂ ਜੋਗਿੰਦਰ ਸਿੰਘ ਸੰਪਾਦਕ 'ਪੰਜ ਪਾਣੀ' ਨੂੰ ਟੈਲੀਫੂਨ ਕਰਕੇ ਭੱਟੀ ਦਾ ਪ੍ਰੋਗਰਾਮ ਪੁੱਛਿਆ। ਪਤਾ ਲੱਗਾ ਭੱਟੀ 12 ਨਵੰਬਰ ਤਕ ਚੰਡੀਗੜ੍ਹ ਵਿਚ ਹੀ ਹੈ। 13 ਨਵੰਬਰ ਨੂੰ ਜਲੰਧਰ ਜਾ ਰਿਹਾ ਹੈ, ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸਮਾਗਮ ਵਿਚ ਸ਼ਾਮਲ ਹੋਣ ਲਈ। ਮੈਂ ਕਿਹਾ, 'ਭੱਟੀ ਸਾਹਿਬ ਨੂੰ ਮੇਰੇ ਵਲੋਂ 12 ਨਵੰਬਰ ਸ਼ਾਮ ਨੂੰ ਚਾਹ ਦੀ ਦਾਅਵਤ ਦੇ ਦਿਓ।' ਜੋਗਿੰਦਰ ਸਿੰਘ ਨੇ ਕਿਹਾ 'ਪਰ ਉਨ੍ਹਾਂ ਸਾਢੇ ਚਾਰ ਵਜੇ ਗੁਰੂ ਗੋਬਿੰਦ ਸਿੰਘ ਕਾਲਜ ਵਿਚ ਲੈਕਚਰ ਦੇਣਾ ਹੈ।' ਮੈਂ ਕਿਹਾ, 'ਉਨ੍ਹਾਂ ਦਾ ਲੈਕਚਰ ਕੋਈ ਬਹੁਤ ਲੰਬਾ ਨਹੀਂ ਹੁੰਦਾ। ਤੁਸੀਂ ਸਾਢੇ ਛੇ ਵਜੇ ਆ ਜਾਇਓ। ਦੋ ਘੰਟਿਆਂ ਵਿਚ ਮੇਰਾ ਖਿਆਲ ਹੈ ਸਮਾਗਮ ਖਤਮ ਹੋ ਜਾਵੇਗਾ।' ਜੋਗਿੰਦਰ ਸਿੰਘ ਨੇ ਕਿਹਾ, ਮੇਰੇ ਨਾਲ 'ਦਿਸ਼ਾ' ਦੇ ਸੰਪਾਦਕ ਵੀ ਹੋਣਗੇ।' ਮੈਂ ਕਿਹਾ, 'ਤੁਸੀਂ ਉਨ੍ਹਾਂ ਨੂੰ ਜ਼ਰੂਰ ਨਾਲ ਲਿਆਓ ਅਤੇ ਜਗਜੀਤ ਕੌਰ ਹੁਰਾਂ ਨੂੰ ਵੀ ਕਿਉਂਕਿ 'ਪੰਜ ਪਾਣੀ' ਦੇ ਅਸਲੀ ਸੰਪਾਦਕ ਤਾਂ ਉਹ ਹਨ। ਤੁਸੀਂ ਤਾਂ ਸਹਿ ਸੰਪਾਦਕ ਹੀ ਹੋ। ਕੋਈ ਹੋਰ ਲੇਖਕ ਵੀ ਹੋਵੇ ਤਾਂ ਉਸਨੂੰ ਵੀ ਨਾਲ ਲੈਂਦੇ ਆਉਣਾ। 'ਸਾਲਾਏ ਆਮ ਹੈ ਯਾਰਾਨੇ ਨੁਕਤਾ ਦਾਂ ਕੇ ਲੀਏ'। ਜੋਗਿੰਦਰ ਸਿੰਘ ਨੇ ਭੱਟੀ ਵਲੋਂ ਦਾਅਵਤ ਕਬੂਲ ਕਰ ਲਈ ਅਤੇ ਵੇਲੇ ਸਿਰ ਆਪ ਪੁੱਜਣ ਅਤੇ ਭੱਟੀ ਨੂੰ ਲਿਆਉਣ ਦਾ ਵਚਨ ਦਿੱਤਾ।

**12 ਨਵੰਬਰ** : ਮੈਂ ਜਸਬੀਰ ਸਿੰਘ ਆਹਲੂਵਾਲੀਆ ਨੂੰ ਵੀ ਚਾਹ 'ਤੇ ਬੁਲਾਇਆ ਅਤੇ ਵੇਲੇ ਸਿਰ ਪੁੱਜਣ ਦੀ ਤਾਕੀਦ ਕੀਤੀ। ਉਹ ਭੱਟੀ ਨੂੰ ਮਿਲਣ ਲਈ ਬਹੁਤ ਉਤਸੁਕ ਸੀ ਅਤੇ ਉਸਦੇ ਜ਼ੋਰ ਦੇਣ 'ਤੇ ਹੀ ਇਸ ਤਕਰੀਬ ਦਾ ਮੈਂ ਚੁੱਕਣ ਚੁੱਕਿਆ ਸੀ। ਰਘਬੀਰ ਸਿੰਘ ਸੰਪਾਦਕ 'ਸਿਰਜਣਾ' ਨੂੰ ਵੀ ਬੇਨਤੀ ਕੀਤੀ। 12 ਨਵੰਬਰ ਨੂੰ ਜਸਬੀਰ ਸਿੰਘ ਆਹਲੂਵਾਲੀਆ ਅਤੇ ਰਘਬੀਰ ਸਿੰਘ ਠੀਕ ਸਾਢੇ ਛੇ ਵਜੇ ਪੁੱਜ ਗਏ। ਪਰ ਅਮਜਦ ਭੱਟੀ ਦੀ ਕੋਈ ਉਘ ਸੁੱਘ ਨਹੀਂ ਸੀ। 'ਪੰਜ ਪਾਣੀ' ਦੇ ਦਫ਼ਤਰ ਟੈਲੀਫੂਨ ਕੀਤਾ, ਪਰ ਉਥੇ ਟੈਲੀਫੋਨ ਦੀ ਘੰਟੀ ਸੁਣਨ ਵਾਲਾ ਕੋਈ ਨਹੀਂ ਸੀ।

ਸੱਤ ਵਜੇ ਆਹਲੂਵਾਲੀਆ ਕਾਹਲਾ ਪੈ ਗਿਆ। ਉਸ ਨੂੰ ਘਰੋਂ ਟੈਲੀਫੋਨ ਤੇ ਟੈਲੀਫੋਨ ਆ ਰਹੇ ਸਨ। ਉਸ ਨੂੰ ਮਹਿਮਾਨ ਉਡੀਕ ਰਹੇ ਸਨ। ਉਸ ਨੇ ਕਿਹਾ ਚਾਹ ਦਾ ਜਿਹੜਾ ਪਿਆਲਾ ਪਿਆਉਣਾ ਹੈ ਪਿਆਓ ਮੈਂ ਹੋਰ ਨਹੀਂ ਰੁਕ ਸਕਦਾ। ਚਾਹ ਪਿਲਾਈ ਅਤੇ ਉਸ ਨੂੰ ਵਿਦਾ ਕੀਤਾ।



ਅਜੇ ਮੈਂ ਤੇ ਰਘਬੀਰ ਸਿੰਘ ਗੱਲਾਂ ਕਰ ਰਹੇ ਸਾਂ ਕਿ ਅਮਜਦ ਭੱਟੀ ਆਪਣੇ ਕਾਫਲੇ ਸਮੇਤ ਆ ਪੁੱਜਾ। ਉਸ ਨਾਲ ਜੋਗਿੰਦਰ ਸਿੰਘ, ਉਸਦੀ ਪਤਨੀ ਜਗਜੀਤ ਕੌਰ ਸੰਪਾਦਕ 'ਪੰਜ ਪਾਣੀ', ਅਸ਼ੂ ਮਲਹੋਤਰਾ ਸੰਪਾਦਕ 'ਦਿਸ਼ਾ' ਅਤੇ ਉਸ ਦਾ ਪਤੀ ਗੁਰਸ਼ਰਨ ਸਿੰਘ ਸਨ। ਜੋਗਿੰਦਰ ਸਿੰਘ ਨੇ ਦਸਿਆ ਕਿ ਗੁਰੂ ਗੋਬਿੰਦ ਸਿੰਘ ਕਾਲਜ ਵਿਚ ਫੰਕਸ਼ਨ ਲੰਮਾ ਹੋਣ ਕਰਕੇ ਦੇਰੀ ਹੋ ਗਈ।

ਡਰਾਇੰਗ ਰੂਮ ਵਿਚ ਆਪੋ ਆਪਣੀ ਥਾਂ ਬੈਠੇ ਹੀ ਸਾਂ ਕਿ ਗੁਰਸ਼ਰਨ ਸਿੰਘ ਨੇ ਅਮਜਦ ਭੱਟੀ ਨਾਲ ਮੇਰੀ ਜਾਣ ਪਛਾਣ ਕਰਵਾਉਣ ਲਈ ਅਮਜਦ ਭੱਟੀ ਵੱਲ ਇਸ਼ਾਰਾ ਕਰਦਿਆਂ ਆਖਿਆ, 'ਇਹ ਅਮਜਦ ਭੱਟੀ ਹਨ।' 'ਮੈਂ ਇਹਨਾਂ ਨੂੰ ਤੁਹਾਡੇ ਤੋਂ ਪਹਿਲਾਂ ਜਾਣਦਾ ਹਾਂ। ਮੈਂ ਇਨ੍ਹਾਂ ਨੂੰ ਲਾਹੌਰ ਮਿਲ ਚੁੱਕਾ ਹਾਂ। ਭਾਵੇਂ ਮੁਲਾਕਾਤ ਬੜੀ ਮੁਖਤਸਿਰ ਜਿਹੀ ਹੋਈ ਸੀ।' 'ਅੱਛਾ ਤੁਸੀਂ ਲਾਹੌਰ ਗਏ ਸੀ? ਉਹ ਕਿਵੇਂ?' ਗੁਰਸ਼ਰਨ ਸਿੰਘ ਨੇ ਹੈਰਾਨ ਹੋ ਕੇ ਪੁੱਛਿਆ। 'ਮਹਾਰਾਜਾ ਰਣਜੀਤ ਸਿੰਘ ਦੀ ਬਰਸੀ 'ਤੇ ਜੱਥੇ ਨਾਲ ਗਿਆ ਸਾਂ।' ਮੈਂ ਉਤਰ ਦਿਤਾ। 'ਹਾਂ ਉਦੋਂ ਮੁਲਾਕਾਤ ਬਹੁਤ ਮੁਖਤਸਿਰ ਜਿਹੀ ਹੋਈ ਸੀ। ਮੈਨੂੰ ਲੜਕਾਣੇ ਜਾਣ ਦੀ ਕਾਹਲ ਸੀ। ਉਥੇ ਪੀਪਲਜ਼ ਪਾਰਟੀ ਦੇ ਔਰਤਾਂ ਦੇ ਵਿੰਗ ਦੇ ਇੰਤਖਾਬ ਕਰਵਾਉਣੇ ਸਨ। ਭੁੱਟੋ ਸਾਹਿਬ ਐਵੇਂ ਔਰਤਾਂ ਨੂੰ ਅੱਗੇ ਲਿਆ ਰਹੇ ਨੇ।' ਅਮਜਦ ਭੱਟੀ ਨੇ ਹੁੰਗਾਰਾ ਭਰਿਆ।

'ਪਰ ਤੁਹਾਨੂੰ ਕਿਵੇਂ ਇਸ ਕੰਮ ਲਈ ਉਨ੍ਹਾਂ ਫਿੱਟ ਸਮਝਿਆ। ਕੀ ਤੁਹਾਨੂੰ ਉਹ ਔਰਤਾਂ ਵਿਚ ਸ਼ੁਮਾਰ ਕਰਦੇ ਹਨ?' ਗੁਰਸ਼ਰਨ ਸਿੰਘ ਨੇ ਮਜ਼ਾਕ ਕੀਤਾ। ਸਾਰੇ ਹੱਸਣ ਲੱਗ ਪਏ।

'ਸਾਡਾ ਵੀ ਇਕ ਕਾਮਰੇਡ ਹੈ। ਉਹ ਹਰ ਕਾਨਫਰੰਸ ਵਿਚ ਜ਼ਰੂਰ ਸ਼ਾਮਿਲ ਹੁੰਦਾ ਹੈ। ਇਕ ਵਾਰ ਔਰਤਾਂ ਦੀ ਕਾਨਫਰੰਸ ਹੋਈ ਤੇ ਉਹ ਉਸ ਵਿਚ ਵੀ ਹਾਜ਼ਰ ਸੀ। ਇਸ ਲਈ ਅਸੀਂ ਮਖੌਲ ਵਜੋਂ ਉਸ ਦਾ ਨਾਂ ਹੀ ਬੀਬੀ ਜਗੀਰ ਸਿੰਘ ਜਗਤਾਰ ਰਖ ਦਿਤਾ ਹੈ।' ਰਘਬੀਰ ਸਿੰਘ ਨੇ ਗੱਲ ਬਾਤ ਵਿਚ ਹਿੱਸਾ ਲੈਂਦਿਆਂ ਹੋਇਆਂ ਆਖਿਆ।

'ਭੱਟੀ ਸਾਹਿਬ ਕਿਥੇ ਕਿਥੇ ਦੀ ਸੈਰ ਕੀਤੀ?' ਮੈਂ ਗੱਲ ਤੋਰਨ ਲਈ ਪੁੱਛਿਆ।

'ਚੰਡੀਗੜ੍ਹ ਵਿਚ ਸਭ ਥਾਵਾਂ ਦੇਖੀਆਂ ਹਨ। ਇਸਲਾਮਾਬਾਦ ਵਰਗਾ ਲਗਦਾ ਹੈ। ਜਲੰਧਰ ਘੁੰਮਿਆਂ ਫਿਰਿਆ ਹਾਂ। ਦਿੱਲੀ ਦੀ ਵੀ ਸੈਰ ਕੀਤੀ ਹੈ।'

'ਅੱਛਾ ਫੇਰ ਤਾਂ ਤੁਹਾਡੇ ਮਜ਼ੇ ਹਨ। ਸਾਨੂੰ ਤਾਂ ਉਥੇ ਗੁਰਦੁਆਰੇ ਦੀਆਂ ਦਹਿਲੀਜ਼ਾਂ ਨਹੀਂ ਸੀ ਟੱਪਣ ਦੇਂਦੇ। ਫੇਰ ਵੀ ਤੁਸੀਂ ਕਹਿੰਦੇ ਹੋ ਏਥੇ ਕੋਈ ਆਜ਼ਾਦੀ ਨਹੀਂ?' ਮੈਂ ਗਿਲਾ ਕੀਤਾ।

'ਸਾਡੇ ਬਹੁਤ ਆਜ਼ਾਦੀ ਹੈ। ਦੇਖੋ ਮੈਂ ਏਥੇ ਕਿਵੇਂ ਤੁਰਿਆ ਫਿਰਦਾ ਹਾਂ। ਜਿਥੇ ਚਾਹਵਾਂ ਆ ਜਾ ਲੈਂਦਾ ਹਾਂ।' ਭੱਟੀ ਨੇ ਉਤਰ ਦਿੱਤਾ।

'ਭੱਟੀ ਸਾਹਿਬ ਕਮਾਲ ਹੈ, ਤੁਸੀਂ ਤਾਂ ਉਹ ਗੱਲ ਕੀਤੀ ਜਿਹੜੀ ਇਕ ਵਾਰ ਖਰੁਸ਼ਚੋਵ ਨੇ ਅਮਰੀਕਾ ਦੇ ਦੌਰੇ ਸਮੇਂ ਕੀਤੀ ਸੀ। ਅਮਰੀਕਨ ਅਖਬਾਰ ਨਵੀਸਾਂ ਨੇ ਖਰੁਸ਼ਚੋਵ ਨੂੰ ਕਿਹਾ ਦੇਖੋ ਸਾਡੇ ਕਿੰਨੀ ਆਜ਼ਾਦੀ ਹੈ, ਅਸੀਂ ਚਾਹੀਏ ਤਾਂ ਆਪਣੇ ਪਰੈਜ਼ੀਡੈਂਟ ਨੂੰ ਗਾਲਾਂ ਵੀ ਕੱਢ ਸਕਦੇ ਹਾਂ। ਖੁਰਸ਼ਚੋਵ ਨੇ ਉਤਰ ਦਿੱਤਾ, ਸਾਡੇ ਵੀ ਬਹੁਤ ਆਜ਼ਾਦੀ ਹੈ ਅਸੀਂ ਵੀ ਜਿੰਨੀਆਂ ਗਾਲਾਂ ਤੁਹਾਡੇ ਪਰੈਜ਼ੀਡੈਂਟ ਨੂੰ ਕੱਢਣੀਆਂ ਚਾਹੀਏ ਕੱਢ ਸਕਦੇ ਹਾਂ।' ਮੈਂ ਭੱਟੀ ਦੀ ਗੱਲ ਮੋੜੀ। ਸਾਰੇ ਹੱਸਣ ਲੱਗ ਪਏ। ਭੱਟੀ ਖਿਸਿਆਨਾ ਜਿਹਾ ਹੋ ਗਿਆ।

'ਕੀ ਵਾਕਈ ਪੁਲਿਸ ਗੁਰਦੁਆਰੇ ਤੋਂ ਬਾਹਰ ਪੈਰ ਧਰਨ ਨਹੀਂ ਦੇਂਦੀ ?' ਜੋਗਿੰਦਰ ਸਿੰਘ ਨੇ ਪੁਛਿਆ

'ਹਾਂ ਜੀ ਇਹ ਠੀਕ ਹੈ। ਪਰ ਇਸ ਲਈ ਤੁਹਾਡੇ ਬੰਦੇ ਆਪ ਜ਼ਿੰਮੇਵਾਰ ਨੇ। ਉਹ ਸਾਡੀਆਂ ਕੁੜੀਆਂ ਨੂੰ ਤੰਗ ਕਰਦੇ ਨੇ ਹੀਰਾ ਮੰਡੀ ਜਾ ਕੇ।' ਭੱਟੀ ਨੇ ਉਤਰ ਦਿੱਤਾ।

'ਚੰਗੇ ਲੋਕ ਜੱਥੇ ਨਾਲ ਜਾਂਦੇ ਨੇ।' ਗੁਰਸ਼ਰਨ ਸਿੰਘ ਨੇ ਹੈਰਾਨੀ ਪ੍ਰਗਟਾਉਂਦਿਆਂ ਆਖਿਆ।

'ਭੱਟੀ ਸਾਹਿਬ ਹੀਰਾ ਮੰਡੀ ਤੁਹਾਡੇ ਲੋਕ ਜਾ ਕੇ ਕੋਈ ਵੱਖਰੀ ਕਿਸਮ ਦਾ ਕੰਮ ਕਰਦੇ ਹਨ? ਕੀ ਉਦੋਂ ਉਹ ਤੰਗ ਨਹੀਂ ਪੈਂਦੀਆਂ ?' ਮੈਂ ਭੱਟੀ ਦੀ ਗੱਲ ਮੋੜਨ ਲਈ ਆਖਿਆ। ਭੱਟੀ ਚੁੱਪ ਕਰ ਗਿਆ।

'ਇਸਲਾਮ ਵਿਚ ਜ਼ਾਤ ਪਾਤ ਲਈ ਕੋਈ ਥਾਂ ਨਹੀਂ, ਫੇਰ ਤੁਸੀਂ ਆਪਣੇ ਨਾਂ ਨਾਲ ਭੱਟੀ ਕਿਉਂ ਲਿਖਦੇ ਹੋ ? ਭੱਟੀ ਤਾਂ ਰਾਜਪੂਤ ਹੁੰਦੇ ਨੇ ਅਤੇ ਰਾਜਪੂਤਾਂ ਵਿਚ ਜ਼ਾਤ ਦੀ ਊਚ ਨੀਚ ਦਾ ਬੜਾ ਖਿਆਲ ਹੁੰਦਾ ਹੈ। ਕੀ ਤੁਸੀਂ ਵੀ ਜ਼ਾਤ ਪਾਤ ਵਿਚ ਵਿਸ਼ਵਾਸ ਰਖਦੇ ਹੋ ?' ਮੇਰੀ ਬੀਵੀ ਨੇ ਭੱਟੀ ਤੋਂ ਸਵਾਲ ਪੁਛਿਆ। ਸਮਾਜ ਸ਼ਾਸਤਰੀ ਹੋਣ ਕਰਕੇ ਇਸ ਮਾਮਲੇ ਵਿਚ ਉਸਦੀ ਡੂੰਘੀ ਦਿਲਚਸਪੀ ਹੈ।

'ਨਹੀਂ, ਕੁਰਾਨ ਮਜੀਦ ਨੇ ਇਸ ਗੱਲ ਦੀ ਇਜਾਜ਼ਤ ਦਿਤੀ ਹੈ ਕਿ ਅਸੀਂ ਆਪਣੇ ਨਾਵਾਂ ਨਾਲ ਆਪਣੇ ਕਬੀਲੇ, ਆਪਣੇ ਖਾਨਦਾਨ, ਆਪਣੀ ਜ਼ਾਤ ਬਰਾਦਰੀ ਦਾ ਜ਼ਿਕਰ ਵੀ ਕਰੀਏ ਤਾਕਿ ਪਛਾਣਿਆ ਜਾ ਸਕੇ ਕਿ ਅਸੀਂ ਕਿਹੜੇ ਕਬੀਲੇ ਵਿਚੋਂ ਹਾਂ। ਰਾਜਪੂਤਾਂ ਵਿਚ ਵੀ ਰਾਓ, ਰਾਣਾ ਵਗੈਰਾ ਜ਼ਾਤਾਂ ਹਨ। ਇਸ ਵਿਚ ਕੋਈ ਮਨਾਹੀ ਨਹੀਂ'। ਭੱਟੀ ਨੇ ਉਤਰ ਦਿੱਤਾ।

'ਪਰ ਰਾਜਪੂਤਾਂ ਦੀਆਂ ਕਈ ਜ਼ਾਤਾਂ ਉਚੀਆਂ ਹਨ। ਜਿਵੇਂ ਕਈ ਆਪਣੇ ਆਪ ਨੂੰ ਸੂਰਜ ਬੰਸੀ ਕਹਿੰਦੇ ਹਨ, ਕਈ ਚੰਦਰ ਬੰਸੀ। ਸੂਰਜ ਬੰਸੀ ਆਪਣੇ ਆਪ ਨੂੰ ਸਭ ਤੋਂ ਉਚਾ ਸਮਝਦੇ ਹਨ। ਤੁਸੀਂ ਵੀ ਰਾਜਪੂਤ ਹੋ, ਕੀ ਤੁਸੀਂ ਰਾਈਆਂ ਨੂੰ ਜਾਂ ਮੋਚੀਆਂ ਨੂੰ ਆਪਣੇ ਬਰਾਬਰ ਸਮਝਦੇ ਹੋ ?' ਮੈਂ ਭੱਟੀ ਨੂੰ ਮਾਮਲਾ ਸਪਸ਼ਟ ਕਰਨ ਲਈ ਪ੍ਰੇਰਿਆ।

'ਨਹੀਂ, ਮੈਂ ਰਾਜਪੂਤ ਹਾਂ। ਰਾਜਪੂਤ ਰਾਈਆਂ ਨਾਲ ਕਿਵੇਂ ਮਿਲ ਗਏ। ਮੋਚੀ ਬਹੁਤ ਨੀਵੀਂ ਜ਼ਾਤ ਹੈ ?' ਭੱਟੀ ਨੇ ਤਲਖ ਹੋ ਕੇ ਉਤਰ ਦਿਤਾ।

'ਫੇਰ ਤੁਹਾਡੇ ਅਤੇ ਹਿੰਦੂਆਂ ਵਿਚ ਕੀ ਫਰਕ ਹੋਇਆ ?' ਮੇਰਾ ਖਿਆਲ ਹੈ ਇਸਲਾਮ ਤਾਂ ਊਚ ਨੀਚ ਦੀ ਇਜਾਜ਼ਤ ਨਹੀਂ ਦੇਂਦਾ।' ਮੈਂ ਭੱਟੀ ਨੂੰ ਚੇਤਾਵਨੀ ਦਿੱਤੀ। ਭੱਟੀ ਚੁੱਪ ਕਰ ਗਿਆ।

'ਭੱਟੀ ਸਾਹਿਬ ਤੁਸੀਂ ਵੀ ਕੇਂਦਰੀ ਲੇਖਕ ਸਭਾ ਦੇ ਸਮਾਗਮ 'ਤੇ ਪਰਚਾ ਪੜ੍ਹ ਰਹੇ ਹੋ ?' ਲਖਬੀਰ ਸਿੰਘ ਨੇ ਪੁਛਿਆ।

'ਹਾਂ।' ਭੱਟੀ ਨੇ ਉਤਰ ਦਿਤਾ।

'ਕਿਸ ਵਿਸ਼ੇ 'ਤੇ ?' ਮੈਂ ਪੁਛਿਆ।

'ਨਾਵਲ 'ਤੇ।' ਭੱਟੀ ਨੇ ਉਤਰ ਦਿਤਾ।

'ਪਾਕਿਸਤਾਨ ਵਿਚ ਪੰਜਾਬੀ ਦੇ ਕਿੰਨੇ ਕੁ ਨਾਵਲ ਲਿਖੇ ਗਏ ਹਨ ?' ਗੁਰਸ਼ਰਨ ਸਿੰਘ ਨੇ ਪੁਛਿਆ।



'ਸਿਰਫ ਪੰਜ'। ਭੱਟੀ ਨੇ ਜੁਆਬ ਦਿਤਾ।

'ਫੇਰ ਤਾਂ ਤੁਹਾਡਾ ਕੰਮ ਬੜਾ ਆਸਾਨ ਹੈ !' ਮੈਂ ਕਿਹਾ।

'ਤੁਹਾਡਾ ਕੰਮ ਮੁਸ਼ਕਿਲ ਹੈ, ਏਥੇ ਤਾਂ ਪੰਜ ਸੌ ਨਾਵਲ ਲਿਖੇ ਗਏ ਹੋਣਗੇ ?' ਜੋਗਿੰਦਰ ਸਿੰਘ ਨੇ ਮੈਨੂੰ ਸੰਬੋਧਨ ਕਰਦਿਆਂ ਆਖਿਆ।

'ਕੀ ਪੰਜ ਸੌ ਲਿਖੇ ਗਏ ਹਨ ?' ਗੁਰਸ਼ਰਨ ਸਿੰਘ ਨੇ ਹੈਰਾਨੀ ਨਾਲ ਪੁਛਿਆ।

'ਹਾਂ ਸਭ ਤਰ੍ਹਾਂ ਦੇ ਨਾਵਲ ਸ਼ਾਮਲ ਕਰ ਲਈਏ ਤਾਂ ਜ਼ਰੂਰ ਏਨੇ ਲਿਖੇ ਗਏ ਹੋਣਗੇ। ਪੰਜਾਹ ਨਾਵਲ ਤਾਂ ਇਕੱਲੇ ਸਾਧੂ ਸਿੰਘ ਹਮਦਰਦ ਨੇ ਲਿਖੇ ਹਨ।' ਮੈਂ ਉਤਰ ਦਿਤਾ।

'ਅੱਛਾ, ਸਾਧੂ ਸਿੰਘ ਹਮਦਰਦ ਨੇ ਨਾਵਲਵੀ ਲਿਖੇ ਨੇ ? ਮੈਂ ਤਾਂ ਸਮਝਦਾ ਸੀ, ਉਹ ਸਿਰਫ਼ ਗ਼ਜ਼ਲਾਂ ਹੀ ਲਿਖਦੇ ਹਨ ?' ਗੁਰਸ਼ਰਨ ਸਿੰਘ ਦੇ ਲਹਿਜੇ ਵਿਚ ਫੇਰ ਹੈਰਾਨੀ ਸੀ।

'ਹਮਦਰਦ ਗ਼ਜ਼ਲਾਂ ਲਿਖਦਾ ਹੈ ?' ਭੱਟੀ ਨੇ ਠਹਾਕਾ ਮਾਰ ਕੇ ਪੁਛਿਆ।

'ਐਤਕਾਂ ਤਾਂ 'ਆਰਸੀ' ਵਿਚ ਕਿਸੇ ਨੇ ਹਮਦਰਦ ਦੀ ਤਰਜ਼ 'ਤੇ ਗਜ਼ਲੂ ਲਿਖਿਆ ਹੈ।' ਜੋਗਿੰਦਰ ਸਿੰਘ ਨੇ ਕਿਹਾ।

'ਤੇ ਹਮਦਰਦ ਕੀ ਲਿਖਦਾ ਹੈ ਗਜਰੇਲਾ ? ਹਮਦਰਦ ਨੂੰ ਗਜ਼ਲ ਲਿਖਣੀ ਆਉਂਦੀ ਹੈ ?' ਭੱਟੀ ਨੇ ਫੇਰ ਠਹਾਕਾ ਮਾਰਿਆ।

'ਗਜਰੇਲਾ ਸਵਾਦ ਹੁੰਦਾ ਹੈ। ਮਾੜੀ ਚੀਜ਼ ਨਹੀਂ।' ਜਗਜੀਤ ਕੌਰ ਨੇ ਹਸਦਿਆਂ ਕਿਹਾ।

'ਪਰ ਪਾਕਿਸਤਾਨ ਵਿਚ ਤਾਂ ਬਹੁਤੀ ਗ਼ਜ਼ਲ ਹੀ ਲਿਖੀ ਜਾਂਦੀ ਹੈ ?' ਮੈਂ ਗੱਲ ਤੋਰਨ ਲਈ ਕਿਹਾ।

'ਹਾਂ'। ਭੱਟੀ ਨੇ ਸੰਖੇਪ ਜਿਹਾ ਉਤਰ ਦਿਤਾ।

'ਪਾਕਿਸਤਾਨ ਵਿਚ ਪੰਜਾਬੀ ਦਾ ਸਭ ਤੋਂ ਵਧੀਆ ਸ਼ਾਇਰ ਕਿਹੜਾ ਹੈ?' ਮੈਂ ਪੁਛਿਆ।

'ਮੁਨੀਰ ਨਿਆਜ਼ੀ। ਉਹ ਸਾਡਾ ਹੀਰੋ ਹੈ।' ਭੱਟੀ ਨੇ ਕਿਹਾ।

'ਅੱਛਾ, ਪਰ ਨੰਬਰ ਤਾਂ ਤੁਸੀਂ ਫ਼ਖਰ ਜ਼ਮਾਂ ਦਾ ਕਢਦੇ ਹੋ।' ਮੈਂ ਆਖਿਆ।

'ਉਹ ਗੱਲ ਹੋਰ ਹੈ। ਉਹ ਨਾਵਲ ਚੰਗਾ ਲਿਖਦਾ ਹੈ।' ਭੱਟੀ ਨੇ ਕਿਹਾ।

'ਉਸ ਨੇ 'ਸੱਤ ਗਵਾਚੇ ਲੋਕ' ਤੋਂ ਇਲਾਵਾ ਵੀ ਕੋਈ ਨਾਵਲ ਲਿਖਿਆ ਹੈ ?' ਜੋਗਿੰਦਰ ਸਿੰਘ ਨੇ ਪੁੱਛਿਆ।

'ਨਹੀਂ'। ਭੱਟੀ ਨੇ ਕਿਹਾ।

'ਪਰ ਉਸ ਨਾਵਲ ਵਿਚ ਕੀ ਖਾਸ ਗੱਲ ਹੈ ? ਉਲਝੀ ਜਿਹੀ ਭਾਸ਼ਾ ਵਿਚ ਉਸ ਨੇ ਆਪਣੀ ਗੱਲ ਆਖੀ ਹੈ। ਉਹੀ ਗੱਲ ਉਹ ਚੰਗੇ ਢੰਗ ਨਾਲ ਵੀ ਆਖ ਸਕਦਾ ਸੀ।' ਜੋਗਿੰਦਰ ਸਿੰਘ ਨੇ ਆਪਣਾ ਵਿਚਾਰ ਪ੍ਰਗਟ ਕੀਤਾ।

'ਮੈਨੂੰ ਨੀਂਦ ਆ ਰਹੀ ਹੈ।' ਭੱਟੀ ਨੇ ਅੱਖਾਂ ਮੀਟਦਿਆਂ ਕਿਹਾ।

'ਅਜੇ ਤਾਂ ਅੱਠ ਹੀ ਵੱਜੇ ਹਨ ?' ਜਗਜੀਤ ਕੌਰ ਨੇ ਘੜੀ ਦੇਖਦਿਆਂ ਕਿਹਾ।

'ਮੇਰੀ ਵੀ ਇਸ ਨਾਵਲ ਬਾਰੇ ਕੋਈ ਚੰਗੀ ਰਾਏ ਨਹੀਂ। ਫਖਰ ਜ਼ਮਾਂ ਨੇ ਕਾਫਕਾ ਦੀ ਟੈਕਨੀਕ ਵਰਤੀ ਹੈ ਜਿਹੜੀ ਕਿ ਢੁਕਦੀ ਨਹੀਂ। ਕਾਫਕਾ ਦੀ ਟੈਕਨੀਕ ਓਭੜਪੁਣੇ ਦੀ ਸਮਸਿਆ ਨੂੰ ਪ੍ਰਗਟਾਉਣ ਲਈ ਬਹੁਤ ਢੁਕਵੀਂ ਹੈ। ਪਰ ਜਿਸ ਸਮਾਜਕ ਪਿਛੋਕੜ ਵਿਚ ਫਖਰ ਜ਼ਮਾਂ ਨੇ ਆਪਣੀ ਕਹਾਣੀ ਬਿਆਨ ਕੀਤੀ ਹੈ ਉਸ ਵਿਚ ਇਹ ਸਮੱਸਿਆ ਪੈਦਾ ਹੀ ਨਹੀਂ ਹੋ ਸਕਦੀ। ਓਭੜਪੁਣੇ ਦੀ ਪਰਾਬਲਮ ਬਹੁਤ ਵਿਕਸਿਤ ਸੋਸਾਇਟੀ ਦੀ ਪਰਾਬਲਮ ਹੈ, ਪਰ ਫਖਰ ਜ਼ਮਾਂ ਦੀ ਕਹਾਣੀ ਉਸ ਪੰਜਾਬ ਵਿਚ ਵਾਪਰਦੀ ਹੈ ਜਿਥੇ ਅਜੇ ਸਨਅਤੀ ਵਿਕਾਸ ਉਸ ਪੱਧਰ 'ਤੇ ਨਹੀਂ ਪੁਜਾ ਜਿਥੇ ਇਹ ਸਮੱਸਿਆ ਪੈਦਾ ਹੋ ਸਕੇ। ਕਿਸੇ ਵੀ ਫਨਪਾਰੇ ਦੀ ਕਾਮਯਾਬੀ ਦੀ ਨਿਸ਼ਾਨੀ ਇਹ ਹੁੰਦੀ ਹੈ ਕਿ ਇਸ ਵਿਚ ਰੂਪ ਅਤੇ ਵਸਤੂ ਆਪੋ ਵਿਚ ਇਕ ਮਿਕ ਹੁੰਦੇ ਹਨ। 'ਸੱਤ ਗਵਾਚੇ ਲੋਕ' ਸੰਬੰਧੀ ਅਸੀਂ ਇਹ ਗੱਲ ਨਹੀਂ ਆਖ ਸਕਦੇ। ਮੈਨੂੰ ਤਾਂ ਇਹ ਨਾਵਲ 'ਕਿੱਸਾ ਚਾਰ ਦਰਵੇਸ਼' ਵਰਗੀ ਕੋਈ ਚੀਜ਼ ਲਗਦੀ ਹੈ। ਮੈਨੂੰ ਜਗਤਾਰ ਨੇ ਇਸ ਨਾਵਲ ਬਾਰੇ ਲਿਖਣ ਲਈ ਆਖਿਆ ਸੀ ਪਰ ਮੈਂ ਕਿਹਾ ਕਿ ਜੇ ਤੁਹਾਡਾ ਮਤਲਬ ਇਹ ਹੈ ਕਿ ਮੈਂ ਇਸਦੀ ਤਾਰੀਫ ਕਰਾਂ ਤਾਂ ਮੈਂ ਅਜਿਹਾ ਕਰਨੋਂ ਅਸਮਰਥ ਹਾਂ।' ਮੈਂ ਨਾਵਲ ਬਾਰੇ ਆਪਣੀ ਰਾਏ ਪ੍ਰਗਟ ਕਰਦਿਆਂ ਆਖਿਆ।

'ਪ੍ਰੀਤਮ ਸਿੰਘ ਹੋਰਾਂ ਦੀ ਗੱਲ ਠੀਕ ਹੈ ਤੇ ਇਹ ਕੁਝ ਮੈਂ ਇਸ ਨਾਵਲ ਦਾ ਰੀਵੀਊ ਕਰਦਿਆਂ ਲਿਖਿਆ ਵੀ ਹੈ। ਪਰ ਮੇਰਾ ਵਿਚਾਰ ਏਸ ਨਾਵਲ ਬਾਰੇ ਬਹੁਤਾ ਮਾੜਾ ਨਹੀਂ। ਫਖਰ ਜ਼ਮਾਂ ਨੇ ਪੰਜਾਬੀ ਵਿਚ ਇਕ ਨਵੀਂ ਚੀਜ਼ ਜ਼ਰੂਰ ਪੇਸ਼ ਕੀਤੀ ਹੈ। ਨਾਵਲ ਏਡਾ ਵਧੀਆ ਬਿਲਕੁਲ ਨਹੀਂ ਜਿਵੇਂ ਏਧਰ ਕਈ ਲੋਕ ਇਸ ਬਾਰੇ ਭਾਵੁਕ ਹੋਏ ਫਿਰਦੇ ਨੇ। ਮੈਂ ਇਕ ਗੱਲ ਜ਼ਰੂਰ ਕਹਾਂਗਾ ਕਿ ਫਖਰ ਜ਼ਮਾਂ ਹੈ ਹਿੰਮਤੀ ਆਦਮੀ। ਉਸ ਨੇ ਡਾਕ ਦਾ ਸਿਲਸਿਲਾ ਬਹਾਲ ਹੁੰਦਿਆਂ ਹੀ ਏਧਰ ਏਨੇ ਜ਼ਿਆਦਾ ਲੋਕਾਂ ਨੂੰ ਆਪਣਾ ਨਾਵਲ ਭੇਜਿਆ ਅਤੇ ਅਜਿਹੀ ਮੁਹਿੰਮ ਚਲਾਈ ਕਿ ਨਾਵਲ ਦੀ ਚਰਚਾ ਸ਼ੁਰੂ ਹੋ ਗਈ।' ਰਘਬੀਰ ਸਿੰਘ ਨੇ ਗੱਲ ਤੋਰੀ।

ਪਰ ਭੱਟੀ ਅੱਖਾਂ ਮੀਟਦਾ ਰਿਹਾ। ਮੇਰੀ ਬੀਵੀ ਨੇ ਕਿਹਾ ਚਲੋ ਛਡੋ ਇਸ ਬਹਿਸ ਨੂੰ ਭੱਟੀ ਸਾਹਿਬ ਨੂੰ ਨੀਂਦ ਆ ਰਹੀ ਹੈ।

'ਮੈਂ ਸਵੇਰੇ ਉਠ ਗਿਆ ਸਾਂ। ਹੁਣ ਨੀਂਦ ਆ ਰਹੀ ਹੈ।' ਭੱਟੀ ਨੇ ਅੱਖਾਂ ਮੀਟ ਕੇ ਕਿਹਾ।

'ਭੱਟੀ ਸਾਹਿਬ ਹੋਰ ਚਾਹ ਪੀਓਗੇ?' ਮੇਰੀ ਬੀਵੀ ਨੇ ਕਿਹਾ।

'ਹਾਂ ਭੱਟੀ ਸਾਹਿਬ ਨੂੰ ਗਰਮ ਗਰਮ ਚਾਹ ਦਾ ਪਿਆਲਾ ਪਿਆਓ, ਇਨ੍ਹਾਂ ਦੀ ਜਾਗ ਖੁਲ੍ਹੇ।' ਜਗਜੀਤ ਕੌਰ ਨੇ ਕਿਹਾ।

'ਨਹੀਂ ਮੈਂ ਹੋਰ ਚਾਹ ਨਹੀਂ ਪੀਣੀ। ਬਹੁਤ ਪੀ ਚੁੱਕਾ ਹਾਂ। ਸਵੇਰ ਦੀ ਕਈ ਵਾਰ ਪੀਤੀ ਹੈ। ਦਿਲ ਅੱਕਿਆ ਪਿਆ ਹੈ।' ਭੱਟੀ ਨੇ ਅੱਖਾਂ ਖੋਲਦਿਆਂ ਕਿਹਾ।

'ਭੱਟੀ ਸਾਹਿਬ ਮੈਂ ਤੁਹਾਨੂੰ ਜਗਤਾਰ ਦੀਆਂ ਕਿਤਾਬਾਂ ਦਾ ਪੈਕਟ ਦੇ ਆਇਆ ਸੀ, ਇਕਬਾਲ ਸਲਾਹੁਦੀਨ ਨੂੰ ਪਹੁੰਚਾਣ ਲਈ। ਕੀ ਤੁਸੀਂ ਪਹੁੰਚਾਈਆ ਨਹੀਂ? ਜਗਤਾਰ ਕਹਿੰਦਾ ਹੈ ਕਿ ਕਿਤਾਬਾਂ ਉਸ ਨੂੰ ਮਿਲੀਆਂ ਨਹੀਂ।' ਮੈਂ ਵਿਸ਼ਾ ਬਦਲਿਆ।

'ਮੈਂ ਪਹੁੰਚਾ ਦਿਤੀਆਂ ਸਨ ਕਿਤਾਬਾਂ। ਮੈਂ ਕੀ ਕਰਨੀਆਂ ਸਨ ਉਹ ਕਿਤਾਬਾਂ। ਇਕਬਾਲ ਸਲਾਹੁਦੀਨ ਝੂਠ ਬੋਲਦਾ ਹੈ।' ਭੱਟੀ ਨੇ ਖਿਝ ਕੇ ਕਿਹਾ।



'ਜਗਤਾਰ ਨੇ ਮੈਨੂੰ ਦੱਸਿਆ ਸੀ।' ਮੈਂ ਫੇਰ ਆਪਣੀ ਗੱਲ 'ਤੇ ਜ਼ੋਰ ਦੇਣ ਲਈ ਕਿਹਾ।

'ਜਗਤਾਰ ਗਲਤ ਕਹਿੰਦਾ ਹੈ।' ਭੱਟੀ ਨੇ ਖਿਝਕੇ ਕਿਹਾ।

'ਭੱਟੀ ਸਾਹਿਬ ਤੁਹਾਡੇ ਕਹਾਣੀ ਕਿਹੋ ਜਿਹੀ ਲਿਖੀ ਜਾ ਰਹੀ ਹੈ?' ਰਘਬੀਰ ਸਿੰਘ ਨੇ ਵਿਸ਼ਾ ਬਦਲਣ ਲਈ ਫੇਰ ਸਵਾਲ ਕੀਤਾ।

'ਕੋਈ ਖਾਸ ਨਹੀਂ।' ਭੱਟੀ ਨੇ ਗਲੋਂ ਲਾਹੁਣ ਦੀ ਕੀਤੀ।

'ਗਜ਼ਲ ਤੋਂ ਇਲਾਵਾ ਨਜ਼ਮ ਕਿਹੋ ਜਿਹੀ ਲਿਖੀ ਜਾ ਰਹੀ ਹੈ?' ਮੈਂ ਫੇਰ ਬਹਿਸ ਛੇੜਨ ਦੀ ਕੋਸ਼ਿਸ਼ ਕੀਤੀ।

'ਖਾਸ ਨਹੀਂ।' ਅੱਖਾਂ ਮੀਟਦਿਆਂ ਭੱਟੀ ਨੇ ਉਤਰ ਦਿੱਤਾ।

'ਚਲੋ, ਭੱਟੀ ਸਾਹਿਬ ਨੂੰ ਨੀਂਦ ਆ ਰਹੀ ਹੈ।' ਮੇਰੀ ਬੀਵੀ ਨੇ ਇਸ ਮਹਿਫਲ ਨੂੰ ਬਰਖਾਸਤ ਕਰਨ 'ਤੇ ਜ਼ੋਰ ਦੇਂਦਿਆਂ ਹੋਇਆਂ ਕਿਹਾ।

ਭੱਟੀ ਉਠ ਖੜੋਤਾ। ਸਾਰੇ ਉਠ ਖੜੋਤੇ।

ਭੱਟੀ, ਜੋਗਿੰਦਰ ਸਿੰਘ, ਜਗਜੀਤ ਕੌਰ, ਅਸ਼ੂ, ਗੁਰਸ਼ਰਨ ਸਿੰਘ ਦੀ ਕਾਰ ਵਿਚ ਸਵਾਰ ਹੋਏ। ਭੱਟੀ ਨੇ ਅਲਵਿਦਾ ਆਖੀ ਤੇ ਕਾਫਲਾ 'ਪੰਜ ਪਾਣੀ' ਦੇ ਦਫਤਰ ਨੂੰ ਰਵਾਨਾ ਹੋ ਗਿਆ।

ਸਰਦੀ ਕਾਫੀ ਸੀ। ਰਘਬੀਰ ਸਿੰਘ ਨੂੰ ਕਾਰ ਵਿਚ ਉਸ ਦੇ ਘਰ ਛੱਡਣ ਜਾ ਰਿਹਾ ਸਾਂ। ਰਸਤੇ ਵਿਚ ਵੀ ਅੱਜ ਦੀ ਭੱਟੀ ਨਾਲ ਮੁਲਾਕਾਤ ਬਾਰੇ ਗੱਲਾਂ ਹੁੰਦੀਆਂ ਰਹੀਆਂ। ਮੈਂ ਕਿਹਾ, 'ਦੇਖੋ ਯੂਨੀਵਰਸਿਟੀ ਵਿਚ ਭੱਟੀ ਕਹਿੰਦਾ ਸੀ ਕਿ ਸਾਡਾ ਅਦਬ ਵਧੀਆ ਹੈ ਅਤੇ ਤੁਹਾਡੇ ਕੁਝ ਨਹੀਂ ਲਿਖਿਆ ਜਾ ਰਿਹਾ। ਪਰ ਹੁਣ ਉਸ ਨੇ ਇਕ ਸਿਰਿਉਂ ਬਿਲਕੁਲ ਹੀ ਫੱਟੀ ਪੋਚ ਦਿੱਤੀ।'

'ਮੇਰੇ ਦੋਸਤ ਰਿਆਲ ਨੇ ਭੱਟੀ ਦਾ ਯੂਨੀਵਰਸਿਟੀ ਵਿਚ ਲੈਕਚਰ ਸੁਣਨ ਪਿਛੋਂ ਉਸ ਬਾਰੇ ਠੀਕ ਹੀ ਆਖਿਆ ਸੀ 'ਕਾਕਾ ਤੇਰੇ ਖੇਲਣ ਖਾਣ ਦੇ ਦਿਨ ਨੇ, ਤੂੰ ਕਿਹੜੇ ਬਖੇੜਿਆਂ ਵਿਚ ਪੈ ਗਿਆ। ਛੱਡ ਤੂੰ ਇਨ੍ਹਾਂ ਝੇੜਿਆਂ ਨੂੰ, ਇਹ ਤੇਰੇ ਵੱਸ ਦਾ ਰੋਗ ਨਹੀਂ।' ਰਘਬੀਰ ਸਿੰਘ ਨੇ ਹੱਸ ਦਿਆਂ ਕਿਹਾ, 'ਤੁਸੀਂ ਗਰੀਬ ਦੇ ਪਿੱਛੇ ਪੈ ਗਏ ਹੋ? ਕੀ ਫ਼ਾਇਦਾ ਕਿਸੇ ਨੂੰ ਏਨਾ ਠਿੱਠ ਕਰਨ ਦਾ?'

□ [ਈ 49, ਸੈਕਟਰ 14, ਚੰਡੀਗੜ੍ਹ]

## ਯਥਾਰਥਵਾਦ ਤੇ ਰੁਮਾਂਸਵਾਦ

ਸਾਹਿਤਕ ਇਂਸਟੀਚਿਊਟ ਦੇ ਇਕ ਇਮਤਿਹਾਨ ਵਿਚ ਕਿਸੇ ਅਵਾਰ ਨੂੰ ਯਥਾਰਥਵਾਦ ਤੇ ਰੋਮਾਂਸਵਾਦ ਵਿਚਕਾਰ ਫਰਕ ਦੱਸਣ ਲਈ ਕਿਹਾ ਗਿਆ। ਉਸਨੇ ਸ਼ਾਇਦ ਇਸ ਮਸਲੇ ਬਾਰੇ ਕੋਈ ਕਿਤਾਬਾਂ ਨਹੀਂ ਸਨ ਪੜ੍ਹੀਆਂ ਹੋਈਆਂ, ਪਰ ਜਵਾਬ ਦੀ ਤਾਂ ਆਸ ਕੀਤੀ ਜਾਂਦੀ ਸੀ। ਕੁਝ ਸਮਾਂ ਸੋਚਣ ਤੋਂ ਪਿਛੋਂ ਉਸਨੇ ਇਸ ਤਰ੍ਹਾਂ ਪ੍ਰੋਫੈਸਰ ਨੂੰ ਜਵਾਬ ਦਿੱਤਾ: "ਜੇ ਅਸੀਂ ਬਾਜ਼ ਨੂੰ ਬਾਜ਼ ਕਹੀਏ ਤਾਂ ਇਹ ਯਥਾਰਥਵਾਦ ਹੈ। ਪਰ ਜਦੋਂ ਅਸੀਂ ਕੁੱਕੜ ਨੂੰ ਬਾਜ਼ ਕਹਿੰਦੇ ਹਾਂ, ਤਾਂ ਇਹ ਰੋਮਾਂਸਵਾਦ ਹੈ।"

[ਰਸੂਲ ਹਮਜ਼ਾਤੋਵ]

## **ਜ਼ਰਾ ਦੇਖ ਕੇ ਚਲੋ**/ਸੁਰਜੀਤ ਬਰਾੜ ਘੋਲੀਆ

ਹਰ ਮੋੜ 'ਤੇ ਲਾਲ ਬੱਤੀ ਜਗਦੀ ਹੈ
ਹੇ ਭਾਈ। ਜ਼ਰਾ ਦੇਖ ਕੇ ਚਲੋ
ਕਾਹਲੀ ਮੂਹਰੇ ਟੋਏ, ਸਿਆਣਿਆ ਦੀ ਕਹੌਤ
ਖ਼ਤ: ਾ ! ਆਸੇ ਪਾਸੇ
ਖ਼ਤਰਾ ! ਅੱਗੇ ਪਿੱਛੇ

ਕਿਉਂ ਸਹਿਮ ਕੇ ਚੌਕਾਂ ਵਿਚ ਖੜ ਕਿਉਂ ਗਏ,
ਛਿਣ-ਭੰਗਰੀ ਆਫਤਾਵਾਂ ਤੋਂ ਡਰ ਕਿਉਂ ਗਏ ?
ਕਹਿਣ ਦਾ ਅਰਥ ਇਹ ਨਹੀਂ ਸੀ
ਕਿ ਜ਼ਮੀਰ ਦੇ ਗੁੱਟੀਂ ਚੜ੍ਹੇ ਲੋਹੇ ਦੇ ਕੜੇ
ਕੱਚ ਦੀਆਂ ਵੰਗਾਂ ਬਣ ਜਾਣ।
ਕਹਿਣ ਦਾ ਅਰਥ ਤਾਂ ਇਹ ਸੀ
ਕਿ ਬਿੱਲੀ ਦੇਖ ਕੇ
ਕਬੂਤਰ ਨਾ ਬਣ ਜਾਇਉ ਕਿਤੇ

ਊਂ ਤਾਂ ਸਿਰਾਂ 'ਤੇ ਬੰਨ੍ਹੀ ਹੈ ਸਾਡੇ
ਸਰਫ਼ਰੋਸ਼ੀ ਦੀ ਤਮੰਨਾ ਦੀ ਦਸਤਾਰ
ਊਂ ਤਾਂ ਜਾਨ ਤਲੀ 'ਤੇ ਧਰਨੀ
ਹੈ ਸਾਡਾ ਜਨਮ-ਸਿੱਧ ਅਧਿਕਾਰ
ਊਂ ਤਾਂ ਜਾਣਦੇ ਹਾਂ ਅਸੀਂ
ਜਿਸ ਚੀਜ਼ ਦਾ ਹੱਲ ਨਹੀਂ ਉਸ ਦਾ ਹੱਲ ਤਲਵਾਰ।
ਊਂ ਤਾਂ ਅਨਾਦਿ-ਕਾਲ ਤੋਂ
ਅਸੀਂ ਹੱਕਾਂ ਲਈ ਲੜਦੇ ਆਏ ਹਾਂ
ਯਾਦਵਾਂ ਸਾਹਮਣੇ ਅੜਦੇ ਆਏ ਹਾਂ—
ਫਿਰ ਵੀ ਅੱਜ ਦੇ 'ਯਾਦਵ' ਸੁਚੇਤ ਹਨ
ਜ਼ਰਾ ਦੇਖ ਕੇ ਸੋਚ ਸਮਝ ਕੇ......

ਹਰ ਮੋੜ 'ਤੇ ਲਾਲ ਬੱਤੀ ਜਗਦੀ ਹੈ
ਕਾਹਲੀ ਮੂਹਰੇ ਟੋਏ : ਸਿਆਣਿਆ ਦੀ ਕਹੌਤ
ਖ਼ਤਰਾ ! ਅੱਗੇ-ਪਿੱਛੇ
ਖ਼ਤਰਾ ! ਆਸੇ-ਪਾਸੇ।

□ [ਘੋਲੀਆ ਕਲਾਂ, ਤਹਿਸੀਲ ਮੋਗਾ, ਜ਼ਿਲਾ ਫ਼ਰੀਦਕੋਟ]



## **ਲੋਕ ਜਮਹੂਰੀ ਚੀਨ ਵਿਚ ਵਿਦਿਅਕ ਪ੍ਰਬੰਧ**/ਤਾਰਾ ਚੰਦ ਗੁਪਤਾ

[ਸਿਰਜਣਾ ਦੇ ਪਿਛਲੇ ਅੰਕ ਵਿਚ ਪ੍ਰਸਿੱਧ ਪੱਤਰਕਾਰ ਸ੍ਰੀ ਤਾਰਾ ਚੰਦ ਗੁਪਤਾ ਨੇ ਆਪਣੀ ਪਿਛੇ ਜੇਹੇ ਦੀ ਚੀਨ ਯਾਤਰਾ ਦੇ ਮੋਟੇ ਮੋਟੇ ਪ੍ਰਭਾਵ ਅੰਕਿਤ ਕੀਤੇ ਸਨ। ਇਸ ਅੰਕ ਵਿਚ ਉਹ ਚੀਨ ਦੀ ਵਿਦਿਅਕ ਤੇ ਸਭਿਆਚਾਰਕ ਸਥਿਤੀ ਬਾਰੇ ਆਪਣੇ ਪ੍ਰਭਾਵ ਦੇ ਰਹੇ ਹਨ। ਪਾਠਕਾਂ ਨੂੰ ਪਤਾ ਹੀ ਹੈ ਕਿ ਸ੍ਰੀ ਤਾਰਾ ਚੰਦ ਗੁਪਤਾ ਉਸ ਭਾਰਤੀ ਮਿੱਤਰ ਮੰਡਲ ਦੇ ਮੈਂਬਰ ਸਨ ਜੋ ਕੁਝ ਮਹੀਨੇ ਪਹਿਲਾਂ ਕੂਟਨਿਸ ਯਾਦਗਾਰੀ ਸਮਾਰੋਹਾਂ ਦੇ ਸੰਬੰਧ ਵਿਚ ਚੀਨ ਗਿਆ ਸੀ। ਦੋਨਾਂ ਦੇਸ਼ਾਂ ਵਿਚਕਾਰ ਵਪਾਰੀਆਂ 1962 ਦੀਆਂ ਅਫਸੋਸਨਾਕ ਘਟਨਾਵਾਂ ਤੋਂ ਪਿਛੋਂ ਪਿਛਲੇ ਪੰਦਰਾਂ ਸਾਲਾਂ ਵਿਚ ਚੀਨ ਦੀ ਸਦਭਾਵਨਾ ਯਾਤਰਾ ਉਤੇ ਜਾਣ ਵਾਲਾ ਇਹ ਪਹਿਲਾ ਭਾਰਤੀ ਪ੍ਰਤਿਨਿਧ ਮੰਡਲ ਸੀ—ਸੰਪਾਦਕ]

□

'ਚੇਅਰਮੈਨ ਹੁਆ ਕੋ ਫੈਂਗ ਦੀ ਬੇਟੀ ਮਿਡਲ ਸਕੂਲ ਦੀ ਪੜ੍ਹਾਈ ਪੂਰੀ ਕਰਕੇ ਕਿਸਾਨੀ ਤੋਂ ਸਿੱਖਿਆ ਪ੍ਰਾਪਤ ਕਰਨ ਲਈ ਤਿੰਨ ਸਾਲ ਤਕ ਇਕ ਕਮਿਊਨ ਵਿਚ ਰਹਿਕੇ ਖੇਤੀ ਬਾੜੀ ਦਾ ਕੰਮ ਕਰਨ ਲਈ ਗਈ ਹੈ।' ਇਸ ਗੱਲ ਦਾ ਪ੍ਰਗਟਾਵਾ ਹੋਪੇ ਪ੍ਰਾਂਤ ਦੀ ਰਾਜਧਾਨੀ ਸ਼ੀਸ਼ਾ ਚੁਆਂਗ ਦੇ ਮਿਉਂਸਪਲ ਮਿਡਲ ਸਕੂਲ ਨੰਬਰ ਪੰਜੀ ਦੇ ਸਰਪ੍ਰਸਤ ਨੇ ਬੜੀ ਸਹਿਜਤਾ ਨਾਲ ਆਪਣੇ ਸੁਆਗਤੀ ਭਾਸ਼ਨ ਵਿਚ ਉਦੋਂ ਕੀਤਾ, ਜਦ ਸਾਡਾ ਵਫਦ ਗਿਆਰਾਂ ਦਸੰਬਰ ਨੂੰ ਨਵੀਂ ਵਿਦਿਆ ਬਾਰੇ ਜਾਣਕਾਰੀ ਲਈ ਇਸ ਸਕੂਲ ਵਿਚ ਗਿਆ।

ਸਕੂਲ ਦੀ ਇਨਕਲਾਬੀ ਕਮੇਟੀ ਦੇ ਪ੍ਰਧਾਨ ਨੇ ਆਪਣੇ ਆਰੰਭਕ ਭਾਸ਼ਨ ਵਿਚ ਕਿਹਾ ਕਿ ਜਦ 1955 ਵਿਚ ਸਕੂਲ ਸਥਾਪਿਤ ਹੋਇਆ ਤਾਂ ਏਥੇ ਅੱਠ ਸਾਲ ਦੀ ਪੜ੍ਹਾਈ ਹੁੰਦੀ ਸੀ। ਚਾਰ ਸਾਲ ਜੂਨੀਅਰ ਮਿਡਲ ਸਕੂਲ ਅਤੇ ਇਸ ਪਿਛੋਂ ਹੋਰ ਚਾਰ ਸਾਲ ਸੀਨੀਅਰ ਮਿਡਲ ਕਲਾਸਾਂ। ਸਭਿਆਚਾਰਕ ਇਨਕਲਾਬ ਦੇ ਪ੍ਰਭਾਵ ਹੇਠ ਮਿਡਲ ਸਕੂਲ ਦੀ ਪੜ੍ਹਾਈ ਦਾ ਸਮਾਂ ਅੱਠ ਸਾਲ ਤੋਂ ਘੱਟ ਕਰਕੇ ਛੇ ਸਾਲ ਕਰ ਦਿਤਾ ਗਿਆ। ਹੁਣ ਇਸ ਸਕੂਲ ਵਿਚ ਵਿਦਿਆਰਥੀਆਂ ਦੀ ਕੁਲ ਗਿਣਤੀ ਲਗ ਪਗ ਦੋ ਹਜ਼ਾਰ ਹੈ ਅਤੇ ਅਧਿਆਪਕਾਂ ਤੇ ਦਫਤਰੀ ਸਟਾਫ਼ ਦੀ ਗਿਣਤੀ 160 ਹੈ।

ਸ਼ੀਸ਼ਾ ਚੁਆਂਗ ਤੋਂ ਲਗ ਪਗ ਪੰਜਾਹ ਕਿਲੋਮੀਟਰ ਦੇ ਫਾਸਲੇ 'ਤੇ ਟਰੈਕਟਰਾਂ ਦਾ ਇਕ ਵੱਡਾ ਕਾਰਖਾਨਾ ਹੈ। ਮਹਾਨ ਪ੍ਰੋਲਤਾਰੀ ਸਭਿਆਚਾਰਕ ਇਨਕਲਾਬ ਦੇ ਸਮੇਂ ਇਸ ਕਾਰਖਾਨੇ ਦੇ ਮਜ਼ਦੂਰਾਂ ਦੀ ਇਕ ਟੋਲੀ ਸਕੂਲ ਵਿਚ ਆਈ। ਮਜ਼ਦੂਰ ਨੇਤਾਵਾਂ ਨੇ ਅਧਿਆਪਕਾਂ ਅਤੇ ਵਿਦਿਆਰਥੀਆਂ ਦੇ ਮਾਪਿਆਂ ਨੂੰ ਖੋਲ੍ਹਕੇ ਸਮਝਾਇਆ ਕਿ ਪ੍ਰੋਲਤਾਰੀ ਇਨਕਲਾਬੀ ਸਮਾਜ ਨੂੰ ਨਵੀਂ ਵਿਦਿਆ ਦੀ ਲੋੜ ਹੈ। ਅਜਿਹੀ ਵਿਦਿਆ ਦੀ ਜੋ ਸੂਝਵਾਨ, ਸਿਆਣੇ ਅਤੇ ਸਭਿਆਚਾਰ ਦੇ ਭੂਸ਼ਨਾਂ ਨਾਲ ਸਜੇ ਹੋਏ ਮਜ਼ਦੂਰ ਪੈਦਾ ਕਰੇ। ਪੁਰਾਣੀ ਕਿਸਮ ਦੀ ਕਿਤਾਬੀ ਵਿਦਿਆ ਨਵੇਂ ਸਮਾਜ ਦੇ ਲਈ ਬੇਕਾਰ ਅਤੇ ਹਾਨੀਕਾਰਕ ਹੈ। ਮਜ਼ਦੂਰਾਂ ਦੀ ਪ੍ਰਚਾਰ ਟੋਲੀ ਨੇ ਧੀਰਜ ਨਾਲ ਲਿਊ ਸ਼ਾਉ ਚੀ ਦੀ ਇਸ ਸਾਜ਼ਿਸ਼ ਨੂੰ ਬੇਨਿਕਾਬ ਕੀਤਾ, ਜਿਸ ਨਾਲ ਉਹਨੇ ਚੇਅਰਮੈਨ ਮਾਉ ਦੀ ਨਵੀਂ ਇਨਕਲਾਬੀ ਨੀਤੀ ਨੂੰ ਸਾਬੋਤਾਜ ਕੀਤਾ। ਕਿਉਂਕਿ ਲਿਊ ਸ਼ਾਉ ਚੀ ਨਵੀਂ ਵਿਦਿਆ ਦਾ ਵਿਰੋਧੀ ਸੀ ਅਤੇ ਦੇਸ਼ ਦੀ ਆਰਥਿਕਤਾ ਨੂੰ ਮੁੜ ਪੂੰਜੀਵਾਦੀ ਧੁਰੇ 'ਤੇ ਵਾਪਸ ਲਿਆਉਣ ਦਾ ਯਤਨ ਕਰਦਾ ਸੀ। ਚੇਅਰਮੈਨ ਮਾਉ ਦੀ ਨਵੀਂ ਨੀਤੀ ਦੀ ਮੰਗ ਸੀ ਕਿ ਵਿਦਿਅਕ ਸੰਸਥਾਵਾਂ ਵਿਚ ਪ੍ਰੋਲਤਾਰੀ ਰਾਜਨੀਤੀ ਦਾ ਬੋਲਬਾਲਾ ਹੋਵੇ ਅਤੇ ਵਿਦਿਆ ਨੂੰ ਉਤਪਾਦਨ ਨਾਲ ਜੋੜਿਆ ਜਾਏ। ਬੱਚਿਆਂ

ਨੂੰ ਕੰਮ ਦੀ ਆਦਤ ਸ਼ੁਰੂ ਤੋਂ ਹੀ ਪਾਈ ਜਾਏ ਅਤੇ ਵਿਦਿਆਰਥੀਆਂ ਨੂੰ ਇਹ ਚੇਤੇ ਕਰਾਇਆ ਜਾਏ ਕਿ ਸੋਸ਼ਲਿਸਟ ਸਮਾਜ ਦੀ ਉਸਾਰੀ ਲਈ ਕੜੀ ਮਿਹਨਤ ਹੀ ਸਭ ਤੋਂ ਵੱਡਾ ਮਨੁੱਖੀ ਕਰਤਵ ਹੈ। ਮਿਹਨਤ ਦੇ ਗੌਰਵ ਨੂੰ ਦ੍ਰਿੜਾਉਂਦਿਆਂ ਹੋਇਆਂ ਇਸ ਗੱਲ ਉਤੇ ਬਾਰ ਬਾਰ ਜ਼ੋਰ ਦਿਤਾ ਗਿਆ ਕਿ ਜੇ ਦੇਸ਼ ਅਤੇ ਸਮਾਜ ਨੇ ਸਮਾਜਵਾਦ ਦੀ ਰਾਹ 'ਤੇ ਅੱਗੇ ਵਧਣਾ ਹੈ ਤਾਂ ਚੇਅਰਮੈਨ ਮਾਓ ਜ਼ੇ ਤੁੰਗ ਦੀ 7 ਮਈ ਦੀ ਹਦਾਇਤ ਨੂੰ ਲਾਗੂ ਕਰਨਾ ਹੋਵੇਗਾ। ਇਸ ਹਦਾਇਤ ਅਨੁਸਾਰ ਸਕੂਲਾਂ ਤੇ ਯੂਨੀਵਰਸਿਟੀਆਂ ਵਿਚ ਅੱਧਾ ਸਮਾਂ ਪੜ੍ਹਾਈ ਤੇ ਬਾਕੀ ਅੱਧਾ ਸਮਾਂ ਪੈਦਾਵਾਰ ਦੇ ਲਈ ਰਖਿਆ ਜਾਏ। ਵਿਦਿਅਕ ਸੰਸਥਾਵਾਂ ਦੇ ਦਰਵਾਜ਼ੇ ਕਿਸਾਨਾਂ, ਮਜ਼ਦੂਰਾਂ ਲਈ ਖੁਲ੍ਹੇ ਹੋਣ, ਅਤੇ ਵਿਦਿਆਰਥੀ ਖ਼ੁਦ ਕਾਰਖਾਨਿਆਂ ਤੇ ਖੇਤਾਂ ਵਿਚ ਜਾ ਕੇ ਪੈਦਾਵਾਰ ਦੇ ਕੰਮ ਵਿਚ ਹੱਥ ਵਟਾਉਣ। ਨਵੇਂ ਨਾਅਰੇ ਉਚੇ ਕੀਤੇ ਗਏ—'ਚੰਗੀ ਖੇਤੀ ਕਰਨਾ ਸਿੱਖੋ, ਹੁਨਰ ਮੰਦ ਬਣੋ ਅਤੇ ਜਨਤਕ ਮੁਕਤੀ ਫੌਜ ਦੀਆਂ ਸੰਸਥਾਵਾਂ ਵਿਚ ਚੰਗਾ ਕੰਮ ਕਰਨ ਦੀ ਸਿਖਿਆ ਪ੍ਰਾਪਤ ਕਰੋ।'

ਸਕੂਲ ਦੀ ਇਨਕਲਾਬੀ ਕਮੇਟੀ ਦੇ ਪ੍ਰਧਾਨ ਨੇ ਹੋਰ ਕਿਹਾ ਕਿ ਅਸੀਂ ਮਜ਼ਦੂਰਾਂ ਦੀ ਅਗਵਾਈ ਵਿਚ ਆਪਣੇ ਸਕੂਲ ਦਾ ਵਿਦਿਅਕ ਢੰਗ ਬਿਲਕੁਲ ਬਦਲ ਦਿਤਾ ਹੈ। ਵਿਗਿਆਨ ਦੀਆਂ ਪੁਸਤਕਾਂ ਦੀ ਲਾਇਬਰੇਰੀ ਸ਼ੁਰੂ ਕੀਤੀ ਹੈ। ਵਿਗਿਆਨ ਦੇ ਵਿਸ਼ਿਆਂ ਨੂੰ ਵਿਕਸਿਤ ਕਰਨ ਲਈ ਲਿਬਾਰਟਰੀਆਂ ਕਾਇਮ ਕੀਤੀਆਂ ਹਨ। ਇਤਿਹਾਸ ਤੇ ਸਾਹਿਤ ਨੂੰ ਜਮਾਤੀ ਜਦੋ ਜਹਿਦ ਦੀ ਦ੍ਰਿਸ਼ਟੀ ਤੋਂ ਪੜ੍ਹਾਉਣਾ ਸ਼ੁਰੂ ਕੀਤਾ ਹੈ। ਗੱਲ ਕੀ ਸਕੂਲ ਇਕ ਵੱਖਰਾ ਟਾਪੂ ਨਾ ਰਹਿਕੇ, ਕਿਸਾਨ-ਮਜ਼ਦੂਰ ਸਮਾਜ ਵਿਚ ਘੁਲ ਮਿਲ ਗਿਆ ਹੈ। ਉਸ ਦਾ ਇਕ ਲਾਭਦਾਇਕ ਅੰਗ ਬਣ ਗਿਆ ਹੈ। ਮਜ਼ਦੂਰ ਪ੍ਰਚਾਰ ਟੋਲੀ ਨੇ ਇਹ ਸਿਖਿਆ ਵੀ ਦਿਤੀ ਕਿ ਅਧਿਆਪਕ ਅਤੇ ਵਿਦਿਆਰਥੀ ਜੇ ਆਪਣਾ ਉਸਾਰੂ ਕੰਮ ਸਕੂਲ ਦੀ ਚਾਰ ਦੀਵਾਰੀ ਤਕ ਹੀ ਸੀਮਤ ਰਖਦੇ ਹਨ, ਤਾਂ ਸਮਾਜ ਦੇ ਪ੍ਰਤੀ ਉਨ੍ਹਾਂ ਦਾ ਰੁਖ ਨੌਕਰਸ਼ਾਹੀ ਵਾਲਾ ਹੀ ਹੋਵੇਗਾ। ਇਸ ਲਈ ਉਨ੍ਹਾਂ ਨੂੰ ਚਾਹੀਦਾ ਹੈ ਕਿ ਵਿਦਿਆ ਦੀ ਮਿਸ਼ਾਲ ਲੈਕੇ ਦੂਰ ਦੁਰਾਡੇ ਤੇ ਪਛੜੇ ਹੋਏ ਇਲਾਕਿਆਂ ਵਿਚ ਜਾਣ। ਇਸ ਗੱਲ ਨੂੰ ਸਨਮੁਖ ਰਖਦੇ ਹੋਏ ਇਸ ਸਕੂਲ ਨੇ ਗੁਆਂਢ ਦੇ ਨੀਮ ਪਹਾੜੀ ਇਲਾਕੇ ਵਿਚ ਸਤਾਰਾਂ ਮਊ (ਇਕ ਜ਼ਮੀਨੀ ਮਾਪ) ਜ਼ਮੀਨ ਪੱਧਰ ਕੀਤੀ। ਇਕ ਹਜ਼ਾਰ ਵਰਗ ਮੀਟਰ ਦੇ ਖੇਤਰ ਵਿਚ ਇਮਾਰਤਾਂ ਉਸਾਰੀਆਂ ਅਤੇ ਨਾਲ ਹੀ ਦੋ ਵਰਕਸ਼ਾਪਾਂ ਖੋਲ੍ਹੀਆਂ। ਇਕ ਵਿਚ ਬਿਜਲੀ ਨਾਲ ਸੰਬੰਧਿਤ ਮਸ਼ੀਨਰੀ ਅਤੇ ਦੂਜੀ ਵਰਕਸ਼ਾਪ ਵਿਚ ਰਸਾਇਣਕ ਅਲਕੋਹਲ ਤਿਆਰ ਕਰਨ ਦਾ ਪ੍ਰਬੰਧ ਕੀਤਾ।

ਪ੍ਰਧਾਨ ਨੇ ਕਿਹਾ ਕਿ ਹੁਣ ਸਾਡੇ ਨਿਸ਼ਾਨੇ ਹਨ ਕਿ ਵਿਦਿਆ ਅਤੇ ਹੁਨਰਮੰਦੀ ਦਾ ਮੇਲ ਹੋਵੇ। ਵਿਦਿਆਰਥੀਆਂ ਵਿਚ ਅਮਲੀ ਮਸਲਿਆਂ ਨੂੰ ਹੱਲ ਕਰਨ ਦਾ ਗੁਣ ਵਿਕਸਿਤ ਹੋਵੇ। ਬੁਧੀ ਜੀਵੀ ਖੇਡਾਂ ਅਤੇ ਕਾਰਖਾਨਿਆਂ ਵਿਚ ਕਿਸਾਨਾਂ ਤੇ ਮਜ਼ਦੂਰਾਂ ਨਾਲ ਭਾਈਵਾਲੀ ਦੇ ਰਿਸ਼ਤੇ ਕਾਇਮ ਕਰਨ। ਅਸੀਂ ਸਮਝਦੇ ਹਾਂ ਕਿ ਉਨ੍ਹਾਂ ਨਿਸ਼ਾਨਿਆਂ ਨੂੰ ਪੂਰਾ ਕਰਨ ਦੀ ਬੇਹੱਦ ਲੋੜ ਹੈ। ਕਿਉਂਕਿ ਲਿਊ ਸ਼ਾਓ ਚੀ, ਲਿਨ ਪਿਆਓ ਅਤੇ ਚਾਰ ਦੇ ਗੁੱਟ ਦੀਆਂ ਕਮੀਨੀਆਂ ਹਰਕਤਾਂ ਸਾਡੇ ਸਾਮ੍ਹਣੇ ਹਨ। ਇਸ ਪ੍ਰਕਾਰ ਦੀਆਂ ਸਾਜ਼ਸ਼ਾਂ ਨੂੰ ਅਸਫਲ ਕਰਨ ਦੇ ਲਈ ਲੋਕਾਂ ਦੀ ਸਿਆਸੀ ਸੂਝ ਨੂੰ ਉੱਚਾ ਰਖਣ ਲਈ ਅਜਿਹਾ ਕਰਨਾ ਜ਼ਰੂਰੀ ਹੈ।

ਇਸ ਸਕੂਲ ਦੇ 1800 ਡਿਗਰੀ ਪ੍ਰਾਪਤ ਨੌਜਵਾਨ ਲੜਕੇ ਤੇ ਲੜਕੀਆਂ ਦੇਸ਼ ਦੇ ਖੇਤੀ ਬਾੜੀ



ਫ਼ਰੰਟ ਉੱਤੇ ਪੂਰੀ ਲਗਨ ਨਾਲ ਕੰਮ ਉਤੇ ਜੁਟੇ ਹੋਏ ਹਨ। ਖੇਤੀਬਾੜੀ ਦੇ ਖੇਤਰ ਵਿਚ ਉਨਤੀ ਦੀ ਰਫ਼ਤਾਰ ਤੇਜ਼ ਕਰਨ ਦੇ ਲਈ ਦੋ ਨਾਅਰੇ ਹਨ।(1) ਖੇਤੀ ਦਾ ਮਸ਼ੀਨੀਕਰਨ ਕਰੋ (2) ਤਾ ਚਾਈ ਦੀ ਪੈਰਵੀ ਕਰਦੇ ਹੋਏ ਪੈਦਾਵਾਰ ਨੂੰ ਵਧਾਉ। ਭਾਵ ਇਹ ਹੈ ਕਿ ਵਿਦਿਆ ਦਾ ਇਕੋ ਇਕ ਉਦੇਸ਼ ਵਰਤਮਾਨ ਯੁਗ ਵਿਚ ਇਹ ਹੈ ਕਿ ਨਵੀਂ ਤਕਨਾਲੋਜੀ ਦੇ ਰਾਹੀਂ ਖੇਤੀ, ਉਦਯੋਗ ਅਤੇ ਸੁਰਖਿਆ ਨੂੰ ਨਵੇਂ ਢੰਗ ਦਾ ਬਣਾਇਆ ਜਾਏ। ਪੜ੍ਹਾਏ ਜਾਣ ਵਾਲੇ ਵਿਸ਼ਿਆਂ ਵਿਚ ਇਤਿਹਾਸ, ਭੂਗੋਲ,ਰਾਜਨੀਤੀ, ਹਿਸਾਬ, ਭੌਤਿਕ ਵਿਗਿਆਨ, ਰਸਾਇਣ, ਚੀਨੀ ਭਾਸ਼ਾ ਅਤੇ ਸਾਹਿਤ,ਸੰਗੀਤ, ਡਰਾਇੰਗ, ਖੇਤੀ ਬਾੜੀ ਵਿਸ਼ਿਆਂ ਦੀ ਡੂੰਘੀ ਜਾਣਕਾਰੀ ਦੇ ਨਾਲ ਨਾਲ ਸਰੀਰਕ ਸਿਖਿਆ ਅਤੇ ਇਕ ਵਿਦੇਸ਼ੀ ਭਾਸ਼ਾ ਲਾਜ਼ਮੀ ਹੈ। ਅਜੇ ਦੋ ਵਿਦੇਸ਼ੀ ਭਾਸ਼ਾਵਾਂ ਦੇ ਪੜ੍ਹਾਉਣ ਦਾ ਪ੍ਰਬੰਧ ਹੈ, ਅੰਗ੍ਰੇਜ਼ੀ ਅਤੇ ਰੂਸੀ ਹੋਸਟਲ ਦੀ ਲੋੜ ਨਹੀਂ, ਕਿਉਂਕਿ ਸਾਰੇ ਵਿਦਿਆਰਥੀ ਨੇੜੇ ਤੇੜੇ ਦੇ ਹਨ। ਕੁੜੀਆਂ ਤੇ ਮੁੰਡੇ ਇਕੱਠੇ ਬਹਿੰਦੇ, ਪੜ੍ਹਦੇ ਤੇ ਖੇਡਦੇ ਹਨ। ਕੁਝ ਕੁੜੀਆਂ ਦੇ ਸਿਰਾਂ ਦੇ ਵਾਲ ਮਸ਼ੀਨ ਨਾਲ ਕੱਟੇ ਹੋਏ ਛੋਟੇ ਛੋਟੇ ਹਨ ਪਰ ਵਧੇਰੇ ਕੁੜੀਆਂ ਨੇ ਪਿਛਲੇ ਪਾਸੇ ਕੰਘੀ ਕਰ ਕੇ ਦੋ ਛੋਟੀਆਂ ਗੁੱਤਾਂ ਵਿਚ ਰਬੜ ਦੇ ਧਾਗੇ ਨਾਲ ਕਸ ਕੇ ਬੰਨ੍ਹੇ ਹੋਏ ਹਨ। ਲਿਬਾਸ ਸਾਫ਼ ਸੁਥਰਾ ਤੇ ਸਾਦਾ ਹੈ। ਸਿਹਤ ਬਹੁਤ ਚੰਗੀ, ਚਿਹਰਿਆਂ ਉੱਤੇ ਰੌਣਕ ਤੇ ਮੁਸਕਾਨ। ਕੁੜੀਆਂ ਤੇ ਮੁੰਡਿਆ ਦੇ ਸੰਬੰਧ ਦੋਸਤਾਨਾ ਹਨ। ਕਾਮੁਕਤਾ ਦੀ ਭਾਵਨਾ ਦਾ ਪਰਛਾਵਾਂ ਤਕ ਨਹੀਂ। ਗੰਭੀਰਤਾ ਤੇ ਮਿਹਨਤ ਨਾਲ ਪੜ੍ਹਨ ਦਾ ਵਾਤਾਵਰਨ ਹੈ। ਅਧਿਆਪਕਾਂ ਤੇ ਵਿਦਿਆਰਥੀਆਂ ਵਿਚਕਾਰ ਕਿਸੇ ਪ੍ਰਕਾਰ ਦਾ ਖਿਚਾਉ ਨਹੀਂ। ਇਕ ਦੂਜੇ ਲਈ ਆਦਰ ਸਤਿਕਾਰ ਅਤੇ ਪਿਆਰ ਦੀ ਭਾਵਨਾ ਹੈ।

ਅਸੀਂ ਕਮਰਿਆਂ ਵਿਚ ਲਿਬਾਰਟਰੀਆਂ ਵਿਚ ਜਾਕੇ ਅਧਿਆਪਕਾਂ ਨੂੰ ਪੜ੍ਹਾਉਂਦੇ ਹੋਏ ਵੇਖਿਆ। ਇਕ ਲਿਬਾਰਟਰੀ ਵਿਚ ਮੁੰਡੇ ਕੁੜੀਆਂ ਧਰਤੀ ਦੀ ਉਪਜਾਊ ਸ਼ਕਤੀ ਦਾ ਨਿਰੀਖਣ ਕਰਨ ਵਿਚ ਰੁਝੇ ਹੋਏ ਸਨ। ਇਕ ਕਮਰੇ ਵਿਚ ਦੋ ਵੱਡੇ ਬਲੈਕ ਬੋਰਡ ਸਨ ਅਤੇ ਉਨ੍ਹਾਂ ਦੇ ਸਾਹਮਣੇ ਦੀ ਕੰਧ ਦੇ ਵਿਚਕਾਰ ਪ੍ਰਧਾਨ ਮਾਓ ਦੀ ਤਸਵੀਰ ਲੱਗੀ ਹੋਈ ਸੀ ਜਿਸ ਦੇ ਦੋਨੋ ਪਾਸੇ ਲਾਲ ਪੋਸਟਰ ਲੱਗੇ ਹੋਏ ਸਨ।

ਸਕੂਲ ਵਿਚ ਫੀਸ ਲਈ ਜਾਂਦੀ ਹੈ। ਫੀਸ ਸੱਤ ਯੁਆਨ ਤੋਂ ਅੱਠ ਯੁਆਨ ਪ੍ਰਤੀ ਸਾਲ ਹੈ। (ਇਕ ਯੁਆਨ ਚਾਰ ਰੁਪਏ ਪੰਜਾਹ ਪੈਸੇ ਦੇ ਬਰਾਬਰ ਹੈ) ਕਿਤਾਬਾਂ ਕਾਗਜ਼ ਆਦਿ ਵਿਦਿਆਰਥੀ ਖ਼ੁਦ ਖਰੀਦਦੇ ਹਨ। ਜੇ ਮਾਂ ਬਾਪ ਬਿਮਾਰ ਬੁਢੇ ਅਤੇ ਲਾਚਾਰ ਹੋਣ ਤਾਂ ਸਾਰੇ ਖਰਚ ਸਕੂਲ ਦੀ ਪ੍ਰਬੰਧਕ ਕਮੇਟੀ ਵਲੋਂ ਦਿਤੇ ਜਾਂਦੇ ਹਨ। ਸਾਲ ਵਿਚ ਦੋ ਮਹੀਨਿਆਂ ਦੀ ਛੁੱਟੀ ਹੁੰਦੀ ਹੈ। ਇਕ ਮਹੀਨਾ ਗਰਮੀ ਵਿਚ ਤੇ ਇਕ ਮਹੀਨਾ ਸਰਦੀ ਵਿਚ। ਅਧਿਆਪਕਾਂ ਅਤੇ ਦਫਤਰ ਵਿਚ ਕੰਮ ਕਰਨ ਵਾਲੇ ਕਰਮਚਾਰੀਆਂ ਦੀ ਤਨਖਾਹ ਚਾਲੀ ਅਤੇ ਇਕ ਸੌ ਯੁਆਨ ਦੇ ਵਿਚਕਾਰ ਹੈ। ਆਮ ਤੌਰ 'ਤੇ ਸੱਠ ਸੱਤਰ ਯੁਆਨ ਦੇ ਵਿਚਕਾਰ। ਪੁਰਸ਼ ਅਧਿਆਪਕਾਂ ਲਈ ਰੀਟਾਇਰ ਹੋਣ ਦੀ ਉਮਰ ਸੱਠ ਸਾਲ ਅਤੇ ਇਸਤ੍ਰੀਆਂ ਲਈ ਪਚਵੰਜਾ ਸਾਲ ਹੈ। ਪੈਨਸ਼ਨ ਤਨਖਾਹ ਦਾ ਲਗ ਪਗ ਸੱਠ ਪ੍ਰਤੀਸ਼ਤ ਹੁੰਦੀ ਹੈ। ਵਾਰਸ਼ਿਕ ਖਰਚੇ ਦਾ ਅਨੁਮਾਨ ਇਕ ਲੱਖ ਵੀਹ ਹਜ਼ਾਰ ਯੁਆਨ ਹੈ। ਸਕੂਲ ਸਵੈ-ਬੱਚਤ ਦੇ ਅਸੂਲ ਦੇ ਆਧਾਰ 'ਤੇ ਚਲਦਾ ਹੈ। ਸਕੂਲ ਦੀ ਇਕ ਵਰਕਸ਼ਾਪ ਹੈ ਜਿਸ ਵਿਚ ਬਿਜਲੀ ਦੀਆਂ ਮੋਟਰਾਂ ਦੀ ਮੁਰੰਮਤ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ ਸਕੂਲ ਦੀ ਇਮਾਰਤ ਦੇ ਹੇਠਾਂ ਸਿਆਹੀ ਤਿਆਰ ਕਰਨ ਦੀ ਇਕ ਫੈਕਟਰੀ ਹੈ।

ਫੇਰ ਸਕੂਲ ਦੇ ਵੱਡੇ ਹਾਲ ਵਿਚ ਸਭਿਆਚਾਰਕ ਪ੍ਰੋਗਰਾਮ ਤੇ ਜਿਸਮਾਨੀ ਕਰਤਵਾਂ ਦੇ ਖੇਡ ਵਿਖਾਏ ਗਏ। ਕੁੜੀਆਂ ਦੀ ਇਕ ਟੋਲੀ ਨੇ ਭਾਰਤ ਤੋਂ ਆਏ ਹੋਏ ਮਹਿਮਾਨਾਂ ਦੇ ਸੁਆਗਤ ਵਿਚ ਇਕ ਖਾਸ ਨਾਚ ਪੇਸ਼ ਕੀਤਾ। ਕੁੜੀਆਂ ਨੇ, ਜਿਨ੍ਹਾਂ ਦੀਆਂ ਬਾਹਾਂ ਉਤੇ ਸੁਰਖ ਰੰਗ ਦੀਆਂ ਪੱਟੀਆਂ ਬੰਨ੍ਹੀਆਂ ਸਨ, ਤਾਚਿੰਗ ਦੇ ਤੇਲ ਕਢਣ ਵਾਲੇ ਮਜ਼ਦੂਰਾਂ ਦੀ ਪ੍ਰਸ਼ੰਸਾ ਵਿਚ ਇਕ ਜੋਸ਼ ਭਰਿਆ ਗੀਤ

ਗਾਇਆ । ਮੰਗੋਲੀਆ ਦੇ ਇਕ ਕਮਿਊਨ ਵਿਚ ਦੁੱਧ ਚੋ ਰਹੀਆਂ ਇਸਤ੍ਰੀਆਂ ਦੀ ਇਕ ਟੋਲੀ ਦਾ ਦ੍ਰਿਸ਼ ਪੇਸ਼ ਕੀਤਾ ਅਤੇ ਵਿਚ ਇਕ ਦਿਲਚਸਪ ਰੰਗਾ-ਰੰਗ ਨਾਚ ਜਿਸ ਵਿਚ ਚੀਨ ਦੇਸ਼ ਦੇ ਵਖੋ ਵਖਰੇ ਪ੍ਰਦੇਸ਼ਾ ਦੀਆਂ ਔਰਤਾਂ ਆਪਣੇ-ਆਪਣੇ ਵਿਸ਼ੇਸ਼ ਲਿਬਾਸ ਵਿਚ ਨਾਚ ਕਰਦੀਆ ਹੋਈਆ ਗਾਉਂਦੀਆਂ ਹਨ : "ਚੇਅਰਮੈਨ ਸਾਰੀਆਂ ਕੌਮਾਂ ਦੇ ਦਿਲਾਂ 'ਤੇ ਕਦੀ ਨਾ ਛੁਪਣ ਵਾਲੇ ਇਕ ਸੂਰਜ ਦੀ ਤਰ੍ਹਾਂ ਚਮਕਦੇ ਹਨ।"

ਮਿਡਲ ਸਕੂਲ ਦੀ ਵਿਦਿਆ ਤੋਂ ਪਿਛੋਂ ਹਰ ਵਿਦਿਆਰਥੀ ਨੂੰ, ਚਾਹੇ ਉਹ ਚੇਅਰਮੈਨ ਦੀ ਧੀ ਹੋਵੇ ਜਾਂ ਦੂਰ-ਦੁਰਾਡੇ ਦੇ ਪ੍ਰਾਂਤ ਵਿਚ ਰਹਿਣ ਵਾਲੇ ਕਿਸਾਨ ਦਾ ਮੁੰਡਾ, ਤਿੰਨ ਸਾਲ ਦੇ ਲਈ ਕਮਿਊਨ, ਫੈਕਟਰੀ ਜਾਂ ਜਨਤਕ ਫੌਜ ਦੀ ਕਿਸੇ ਸੰਸਥਾ ਵਿਚ ਕੰਮ ਕਰਨਾ ਪੈਂਦਾ ਹੈ। ਸਖਤ ਮਿਹਨਤ ਦਾ ਇਹ ਤਿੰਨ ਸਾਲ ਦਾ ਕੋਰਸ ਪੂਰਾ ਕਰਨ ਪਿਛੋਂ ਸੰਸਥਾ ਦੀ ਰਿਪੋਰਟ 'ਤੇ ਹੀ ਕੋਈ ਮੁੰਡਾ ਜਾਂ ਕੁੜੀ ਯੂਨੀਵਰਸਿਟੀ ਦੀ ਵਿਦਿਆ ਲਈ ਦਾਖਲੇ ਦੀ ਦਰਖਾਸਤ ਦੇ ਸਕਦਾ ਹੈ। ਯੂਨੀਵਰਸਿਟੀ ਵਿਚ ਸਿੱਧੇ ਦਾਖਲੇ ਦਾ ਰਿਵਾਜ ਬਿਲਕੁਲ ਖਤਮ ਕਰ ਦਿਤਾ ਗਿਆ ਹੈ। ਦਾਖਲੇ ਦੇ ਸਮੇਂ ਬਹੁਤ ਸਾਰੀਆਂ ਗੱਲਾਂ ਨੂੰ ਮੁਖ ਰਖਿਆ ਜਾਂਦਾ ਹੈ ਜਿਵੇਂ ਕਿ ਜਿਸ ਖਾਨਦਾਨ 'ਚੋਂ ਵਿਦਿਆਰਥੀ ਆਇਆ ਹੈ, ਉਹ ਕਿਸ ਸ਼੍ਰੇਣੀ ਦਾ ਸੀ। ਗਰੀਬ ਅਤੇ ਨਿਚਲੇ ਦਰਜੇ ਦੇ ਕਿਸਾਨਾਂ ਦੇ ਬਚਿਆ ਨੂੰ ਰਿਆਇਤ ਦਿਤੀ ਜਾਂਦੀ ਹੈ। ਵਿਦਿਆਰਥੀ ਦੀ ਰਾਜਸੀ ਸੂਝ ਦੀ ਪਧੱਰ ਕੀ ਹੈ ? ਜੇ ਸਖਤ ਕੰਮ ਕਰਨ ਦੀ ਆਦਤ ਅਤੇ ਸਮਾਜ ਸੇਵਾ ਦੀ ਭਾਵਨਾ ਹੈ ਤਾਂ ਦਾਖਲਾ ਮਿਲਣਾ ਸੌਖਾ ਹੈ ! ਮਿਡਲ ਸਕੂਲ ਦੀ ਪਰੀਖਿਆ ਵਿਚ ਕਿੰਨੇ ਨੰਬਰ ਹਾਸਲ ਕੀਤੇ ਸਨ, ਇਸ ਗੱਲ ਨੂੰ ਵੀ ਮੁਖ ਰਖਿਆ ਜਾਂਦਾ ਹੈ। ਪਰ ਇਸ ਗੱਲ ਨੂੰ ਉਹ ਮੱਹਤਤਾ ਨਹੀਂ, ਜਿਹੜੀ ਪੂੰਜੀਵਾਦੀ ਸਮਾਜ ਵਿਚ ਹੈ।

7 ਜਨਵਰੀ ਨੂੰ ਅਸੀਂ ਕੈਨਟਨ ਸ਼ਹਿਰ ਵਿਚ ਸੁਨ ਯਾਤ ਸੈਨ ਯੂਨੀਵਰਸਿਟੀ ਵੇਖਣ ਲਈ ਗਏ। ਇਕ ਅੱਧਖੜ ਉਮਰ ਦੀ ਇਸਤ੍ਰੀ ਨੇ ਸਾਡਾ ਸਵਾਗਤ ਕੀਤਾ। ਪਿਛੋਂ ਪਤਾ ਲੱਗਾ ਕਿ ਸਵਾਗਤ ਕਰਨ ਵਾਲੀ ਇਸਤ੍ਰੀ ਯੂਨੀਵਰਸਿਟੀ ਦੀ ਵਾਇਸ ਚਾਂਸਲਰ ਸੀ। ਭੌਤਿਕ ਵਿਗਿਆਨ ਵਿਭਾਗ ਦੇ ਮੁਖੀ ਕਾਮਰੇਡ ਲੀ ਤੇਨ ਚਿੰਗ ਨੇ ਦਸਿਆ ਕਿ ਵਿਗਿਆਨ ਅਤੇ ਆਰਟ ਦੀ ਵਿਦਿਆ ਲਈ ਗਿਆਰਾਂ ਵਿਭਾਗ ਹਨ। ਬੱਤੀ ਸਪੈਸ਼ਲ ਕੋਰਸਾਂ ਦੀ ਪੜ੍ਹਾਈ ਦਾ ਪ੍ਰਬੰਧ ਹੈ। ਪੂਰੇ ਤਿੰਨ ਸਾਲਾ ਕੋਰਸ ਵਿਚ ਪੜ੍ਹਨ ਵਾਲੇ ਵਿਦਿਆਰਥੀਆਂ ਦੀ ਸੰਖਿਆ ਲਗ ਪਗ ਤਿੰਨ ਹਜ਼ਾਰ ਹੈ। ਇਨ੍ਹਾਂ ਤੋਂ ਬਿਨਾਂ ਦਸ ਹਜ਼ਾਰ ਉਹ ਲੋਕ ਹਨ ਜੋ ਥੋੜੇ ਸਮੇਂ ਦੇ ਕੋਰਸਾਂ ਜਾਂ ਪੱਤਰ-ਵਿਹਾਰ ਵਿਭਾਗ ਰਾਹੀਂ ਵਿਦਿਆ ਹਾਸਿਲ ਕਰਦੇ ਹਨ। ਯੂਨੀਵਰਸਿਟੀ ਦੀ ਵਿਦਿਆ ਤੋਂ ਪਿਛੋਂ ਜੋ ਡਿਗਰੀ ਜਾਂ ਡਿਪਲੋਮਾ ਮਿਲਦਾ ਹੈ, ਉਸ ਦੀ ਮਹੱਤਤਾ ਇਕ ਸਜਾਵਟੀ ਮੈਡਲ ਤੋਂ ਵਧ ਨਹੀਂ। ਨੌਕਰੀ ਦੇ ਲਈ ਮੁਕਾਬਲੇ ਦੇ ਇਮਤਿਹਾਨਾਂ ਦਾ ਰਿਵਾਜ ਨਹੀਂ। ਯੂਨੀਵਰਸਿਟੀ ਦਾ ਰਿਕਾਰਡ ਹੀ ਵਿਸ਼ੇਸ਼ ਥਾਂ ਰਖਦਾ ਹੈ। ਪੜ੍ਹਾਉਣ ਵਾਲਿਆਂ ਦੀ ਰਿਪੋਰਟ, ਨਾਲ ਪੜ੍ਹਨ ਵਾਲੇ ਵਿਦਿਆਰਥੀਆਂ ਦੀ ਰਿਪੋਰਟ, ਸਮੱਸਿਆਵਾਂ ਨੂੰ ਹੱਲ ਕਰਨ ਦੀ ਖੂਬੀ, ਇਹ ਸਭ ਗੱਲਾਂ ਮੁੱਖ ਰਖੀਆਂ ਜਾਂਦੀਆਂ ਹਨ।

ਕਾਮਰੇਡ ਲੀ, ਜਿਸ ਨੇ ਭੌਤਿਕ ਵਿਗਿਆਨ ਦੀ ਉਚੀ ਵਿਦਿਆ ਲੰਦਨ ਯੂਨੀਵਰਸਿਟੀ ਤੋਂ ਪ੍ਰਾਪਤ ਕੀਤੀ ਹੈ, ਨੇ ਦਸਿਆ ਕਿ ਅਧਿਆਪਕਾਂ ਦੀ ਕੁਲ ਸੰਖਿਆ ਇਕ ਹਜ਼ਾਰ ਦੇ ਕਰੀਬ ਹੈ। ਤੀਹ ਚਾਲੀ ਸਾਲ ਤੋਂ ਪੜ੍ਹਾਉਣ ਵਾਲੇ ਪੁਰਾਣੇ ਅਧਿਆਪਕਾਂ ਨੂੰ ਹੁਣ ਵੀ ਪ੍ਰੋਫੈਸਰ ਜਾਂ ਨਾਇਬ ਪ੍ਰੋਫੈਸਰ ਕਿਹਾ ਜਾਂਦਾ ਹੈ ਅਤੇ ਇਨ੍ਹਾਂ ਦੀ ਤਨਖਾਹ ਤਿੰਨ ਸੌ ਅੱਸੀ ਯੁਆਨ ਪ੍ਰਤੀ ਮਾਸਕ ਦੇ



ਨੇੜੇ ਹੈ ਅਰਥਾਤ ਪੰਦਰਾਂ ਸੌ ਰੁਪਿਆ ਮਾਸਿਕ। ਬਾਕੀ ਸਾਢੇ ਨੌਂ ਸੌ ਅਧਿਆਪਕਾਂ ਨੂੰ ਅਧਿਆਪਕ ਮਜ਼ਦੂਰ ਦੇ ਨਾਂ ਨਾਲ ਯਾਦ ਕਰਦੇ ਹਨ। ਅਤੇ ਉਨ੍ਹਾਂ ਦੀ ਔਸਤ ਮਾਸਿਕ ਤਨਖਾਹ ਸੱਠ ਤੋਂ ਲੈ ਕੇ ਇਕ ਸੌ ਯੁਆਨ ਤਕ ਹੈ। ਤਨਖਾਹ ਦੇ ਮਸਲੇ ਨੂੰ ਲੈ ਕੇ ਇਕ ਲੰਬੀ ਬਹਿਸ ਛਿੜ ਪਈ। ਪੁਛਿਆ ਗਿਆ ਕਿ ਪੁਰਾਣੇ ਅਨੁਭਵੀ ਪ੍ਰੋਫੈਸਰ ਮੋਟੀ ਤੇ ਵੱਡੀ ਤਨਖਾਹ ਨਾਲ ਕੀ ਕਰਦੇ ਹਨ ? ਕਿਉਂਕਿ ਚੀਨ ਵਿਚ ਨਾ ਤਾਂ ਪਬਲਿਕ ਸਕੂਲਾਂ ਦਾ ਰਿਵਾਜ ਹੈ ਜਿਥੇ ਬੱਚਿਆਂ ਦੀ ਮਹਿੰਗੀ ਵਿਦਿਆ ਉਤੇ ਵਧੇਰੇ ਖਰਚ ਕੀਤਾ ਜਾਏ। ਨਾ ਹੀ ਬਾਜ਼ਾਰ ਵਿਚ ਸੋਨੇ ਚਾਂਦੀ ਦੇ ਜ਼ੇਵਰ ਮਿਲਦੇ ਹਨ। ਕੋਈ ਆਦਮੀ ਨਿਜੀ ਕਾਰ ਨਹੀਂ ਖਰੀਦ ਸਕਦਾ। ਤਾਂ ਫੇਰ ਇਹ ਲੋਕ ਰੁਪਏ ਦੀ ਵਰਤੋਂ ਕਿਵੇਂ ਕਰਦੇ ਹਨ ?

ਉੱਤਰ ਮਿਲਿਆ ਕਿ ਪੁਰਾਣੇ ਪ੍ਰੋਫੈਸਰ ਪੁਸਤਕਾਂ ਖਰੀਦ ਸਕਦੇ ਹਨ, ਸਫਰ ਕਰ ਸਕਦੇ ਹਨ, ਟੈਲੀਵੀਯਨ ਖਰੀਦ ਸਕਦੇ ਹਨ, ਅਤੇ ਬਾਕੀ ਬਚਦੇ ਪੈਸੇ ਬੈਂਕ ਵਿਚ ਜਮ੍ਹਾਂ ਕਰਾ ਸਕਦੇ ਹਨ। ਜਦ ਕਿ ਉਨ੍ਹਾਂ ਦੇ ਬੱਚੇ ਬੱਚੀਆਂ ਮਾਂ ਬਾਪ ਦੇ ਛੱਡੇ ਹੋਏ ਰੁਪਏ ਨੂੰ ਵਿਰਾਸਤ ਵਿਚ ਲੈਣ ਤੋਂ ਉੱਕਾ ਹੀ ਇਨਕਾਰ ਕਰਦੇ ਹਨ। ਕਿਉਂਕਿ ਵਿਰਾਸਤ ਵਿਚ ਦੌਲਤ ਸਵੀਕਾਰ ਕਰ ਲੈਣ ਤਾਂ ਪੂੰਜੀਵਾਦੀ ਕਹਿਲਾਉਣਗੇ, ਜੋ ਸ਼ਰਮ ਵਾਲੀ ਗੱਲ ਸਮਝੀ ਜਾਂਦੀ ਹੈ। ਨਵੇਂ ਚੀਨ ਵਿਚ ਜੇ ਅਮੀਰ ਨਹੀਂ ਤਾਂ ਗਰੀਬ ਵੀ ਨਹੀਂ, ਜੇ ਮਹਿਲਾਂ ਵਿਚ ਰਹਿਣ ਵਾਲੇ ਧਨੀ ਲੋਕ ਨਹੀਂ ਤਾਂ ਫੁਟ ਪਾਥ 'ਤੇ ਸੌਣ ਵਾਲੇ ਬੇਘਰੇ ਲੋਕ ਵੀ ਨਹੀਂ। ਅਮੀਰੀ ਤੇ ਗਰੀਬੀ ਇਕ ਦੂਜੇ ਨਾਲ ਸੰਬੰਧਿਤ ਵਸਤਾਂ ਹਨ। ਜੇ ਇਕ ਹੋਵੇਗੀ ਤਾਂ ਦੂਜੀ ਲਾਹਨਤ ਜ਼ਰੂਰ ਹੋਵੇਗੀ। ਇਨਕਲਾਬੀ ਚੀਨ ਵਿਚ ਸਭ ਦੇ ਲਈ ਵਿਦਿਆ, ਡਾਕਟਰੀ ਇਲਾਜ ਅਤੇ ਰੋਜ਼ਗਾਰ ਹੈ।

ਪ੍ਰੋਫੈਸਰ ਲੀ ਨੇ ਕਿਹਾ—"ਯੂਨੀਵਰਸਿਟੀ ਦੇ ਅਧਿਆਪਕ ਫੈਕਟਰੀਆ ਨਾਲ ਸੰਬੰਧਿਤ ਮਜ਼ਦੂਰਾਂ ਦੇ ਕਾਲਜ ਵਿਚ ਪੜ੍ਹਾਉਣ ਜਾਂਦੇ ਹਨ। ਅਤੇ ਸੂਝਵਾਨ ਮਜ਼ਦੂਰ-ਕਿਸਾਨ ਵਰਕਰ ਯੂਨੀਵਰਸਿਟੀ ਵਿਚ ਲੈਕਚਰ ਦੇਣ ਲਈ ਆਉਂਦੇ ਹਨ। ਪੜ੍ਹਾਈ ਦੇ ਪ੍ਰਬੰਧ ਦਾ ਮੁਢਲਾ ਉਦੇਸ਼ ਇਹ ਹੈ ਕਿ ਮਜ਼ਦੂਰ ਸਮਾਜ ਦੀ ਉਨਤੀ ਹੋਵੇ। ਯੋਗ ਮਜ਼ਦੂਰ-ਕਿਸਾਨ ਵਿਦਵਾਨ ਬਣਨ। ਉਹ ਕਵਿਤਾ, ਕਹਾਣੀਆਂ, ਨਾਵਲ ਤੇ ਲੇਖ ਲਿਖਣ : ਲੋਕਾਂ ਦੇ ਜੀਵਨ ਬਾਰੇ, ਇਨਕਲਾਬ ਦੇ ਲਾਭਾਂ ਨਾਲ ਸੰਬੰਧਿਤ ਲਿਖਤਾਂ। ਇਕ ਹੋਰ ਥਾਂ ਸਾਡੇ ਵਫਦ ਦੇ ਮੈਂਬਰ ਡਾਕਟਰ ਦਿਨੇਸ਼ ਪਾਂਡੇ, ਜੋ ਦਿੱਲੀ ਦੀ ਕਾਨੂੰਨੀ ਇੰਸਟੀਚਿਊਟ ਵਿਚ ਪੜ੍ਹਾਉਂਦੇ ਹਨ, ਨੇ ਪੁਛਿਆ—"ਤੁਹਾਡੇ ਵਕੀਲਾਂ ਦਾ ਕਾਰੋਬਾਰ ਕਿਵੇਂ ਚਲਦਾ ਹੈ।" ਉਤੱਰ ਮਿਲਿਆ—"ਸਾਡੇ ਵਕੀਲ ਜਿਹੀ ਕੋਈ ਚੀਜ਼ ਨਹੀਂ।" ਮੈਂ ਵਿਚਕਾਰ ਟੋਕਦੇ ਹੋਏ ਕਿਹਾ-"ਜਨਤਕ ਅਦਾਲਤ ਵਿਚ ਜੱਜਾਂ ਦੀ ਮਦਦ ਲਈ ਇਕ ਆਦਮੀ ਹੁੰਦਾ ਹੈ ਜੋ ਜੱਜਾਂ ਨੂੰ ਮੁਕੱਦਮੇ ਦੀ ਮੁਢਲੀ ਮਹੱਤਤਾ ਸਮਝਣ ਵਿਚ ਸਹਾਇਕ ਹੁੰਦਾ ਹੈ, ਉਸਨੂੰ ਤੁਸੀਂ ਲੋਕ ਕੀ ਕਹਿਕੇ ਬੁਲਾਉਂਦੇ ਹੋ ?" ਉਤੱਰ ਮਿਲਿਆ—"ਉਹ ਤਾਂ ਕਾਨੂੰਨੀ ਮਜ਼ਦੂਰ ਹਨ।"

ਚੀਨ ਵਿਚ ਇਹ ਸਭ ਕੁਝ ਮਹਾਨ ਜਨਤਕ ਸਭਿਆਚਾਰਕ ਇਨਕਲਾਬ ਦੇ ਕਾਰਨ ਹੋਇਆ। ਇਸ ਦੇਸ਼ ਵਿਆਪੀ ਜਨਤਕ ਅੰਦੋਲਨ ਨੇ ਵਿਦਿਆ ਦੇ ਪ੍ਰਬੰਧ ਦੀਆਂ ਬੁਨਿਆਦਾਂ ਹੀ ਬਦਲਕੇ ਰਖ ਦਿਤੀਆਂ। 1968 ਵਿਚ ਕੈਨਟਨ ਦੀ ਸੁਨ ਯਾਤ ਸੇਨ ਯੂਨੀਵਰਸਿਟੀ ਵਿਚ ਵਿਦਿਆ ਦੀ ਨਵੀਂ ਇਨਕਲਾਬੀ ਪਾਲਿਸੀ ਲਾਗੂ ਕੀਤੀ ਗਈ। ਚੀਨ ਵਿਚ ਇਕ ਨਵਾਂ ਸਮਾਜ ਨਵੀਆਂ ਬੁਨਿਆਦਾਂ ਉਤੇ ਖੜਾ ਹੋ ਗਿਆ ਹੈ। ਅਜਿਹਾ ਇਨਸਾਨੀ ਇਤਿਹਾਸ ਵਿਚ ਪਹਿਲੀ ਵਾਰ ਹੋਇਆ ਹੈ। □

[111, ਸਕੈਟਰ 21 ਏ, ਚੰਡੀਗੜ੍ਹ]

## ਅੰਨੇ ਘੋੜੇ ਦਾ ਦਾਨ [ਗੁਰਦਿਆਲ ਸਿੰਘ]

'ਅੰਨ੍ਹੇ ਘੋੜੇ ਦਾ ਦਾਨ' ਗੁਰਦਿਆਲ ਸਿੰਘ ਦਾ ਨਵਾਂ ਨਾਵਲ ਹੈ। ਨਾਵਲ ਵਿਚ ਲੇਖਕ ਨੇ ਪਿੰਡਾਂ ਵਿਚ ਟੁਟ ਰਹੀ ਪੁਰਾਣੀ ਜਗੀਰਦਾਰੀ ਆਰਥਿਕਤਾ ਤੇ ਸ਼ਹਿਰਾਂ ਵਿਚ ਹੋ ਰਹੇ ਸਨਅਤੀ ਵਿਕਾਸ ਦੇ ਦਵੰਦ ਵਿਚ ਬਦਲ ਰਹੀਆਂ ਸਮਾਜਕ ਪਰਿਸਥਿਤੀਆਂ ਦਾ ਵਰਨਣ ਕਰਨ ਦਾ ਯਤਨ ਕੀਤਾ ਹੈ। ਗੁਰਦਿਆਲ ਸਿੰਘ ਨੂੰ ਪੇਂਡੂ ਛੋਟੇ ਕਿਸਾਨਾਂ, ਖੇਤ ਮਜ਼ਦੂਰਾਂ, ਹੋਰ ਬੇ-ਜ਼ਮੀਨੀਆਂ ਜਮਾਤਾਂ ਦੀ ਮਾਨਸਿਕ ਸਥਿਤੀ ਦੀ ਡੂੰਘੀ ਸਮਝ ਹੈ ਅਤੇ ਉਹਨਾਂ ਨੂੰ ਚਿਤਰਨ ਵਿਚ ਉਹ ਸਦਾ ਹੀ ਪੰਜਾਬੀ ਦੇ ਬਾਕੀ ਲੇਖਕਾਂ ਤੋਂ ਅੱਗੇ ਰਿਹਾ ਹੈ। ਉਹਨੇ ਪੰਜਾਬੀ ਸਾਹਿਤ ਨੂੰ ਪੇਂਡੂ ਪ੍ਰੋਲਤਾਰੀ ਜਮਾਤ ਦੇ ਪ੍ਰਤਿਨਿਧ ਪਾਤਰ ਦੇਕੇ ਇਸ ਨੂੰ ਪੰਜਾਬੀ ਜੀਵਨ ਦੇ ਯਥਾਰਥ ਦੇ ਨੇੜੇ ਲਿਆਂਦਾ ਹੈ।

ਇਸ ਨਾਵਲ ਵਿਚ ਉਹਨੇ ਇਕ ਪੇਂਡੂ ਖੇਤ ਮਜ਼ਦੂਰ ਪਰਿਵਾਰ ਦੀ ਕਹਾਣੀ ਉਹਦੇ ਸਮਾਜਕ ਆਲੇ ਦੁਆਲੇ ਵਿਚ ਰਖ ਕੇ ਪੇਸ਼ ਕੀਤੀ ਹੈ। ਇਕੋ ਘਰ ਵਿਚ ਇਕੋ ਜਮਾਤ ਦੀਆਂ ਦੋ ਪੀਹੜੀਆਂ ਤੇ ਦੋ ਸੋਚਾਂ ਦਾ ਵਰਨਣ ਹੈ; ਜਿਹੜੀਆਂ ਬਾਹਰਮੁਖੀ ਤੌਰ 'ਤੇ ਵਖਰੀਆਂ ਹੋਣ ਤੇ ਵੀ ਇਕ ਦਰਖਤ ਦੀਆਂ ਦੋ ਟਾਹਣੀਆਂ ਹਨ ਜਿਸ ਦਰਖਤ ਦੀ ਜੜ੍ਹ ਜਗੀਰਦਾਰੀ ਆਰਥਿਕ ਤੇ ਸਮਾਜਕ ਪਰਿਸਥਿਤੀਆਂ ਵਿਚ ਹੈ। ਅਤੇ ਇਸਦੀ ਇਕ ਟਹਿਣੀ ਨਵੀਆਂ ਸਰਮਾਏਦਾਰ ਪਰਿਸਥਿਤੀਆਂ ਦੇ ਵਿਹੜੇ ਵਲ ਵਧ ਰਹੀ ਹੈ ਜਿਥੇ ਦਿਹਾੜੀਦਾਰ ਮਜ਼ਦੂਰ ਹੱਡ ਮਾਸ ਦੀ ਚੇਤੰਨ ਵਸਤੂ ਹੋਣ ਦੀ ਥਾਂ ਕੇਵਲ ਇਕ ਮਸ਼ੀਨ ਹੈ, ਜਿਥੇ ਕਿਰਤ ਕਰਨ ਤੇ ਕਿਰਤ ਕਰਾਉਣ ਵਾਲੇ ਵਿਚਕਾਰ ਕਿਰਤ ਬਚਾਉਣ ਤੇ ਕਿਰਤ ਲੁਟਣ ਦਾ ਨੰਗਾ ਤੇ ਬੇਤਰਸ ਟਾਕਰਾ ਹੈ। ਜਿਸ ਵਿਚ ਜਗੀਰਦਾਰੀ ਸਮਾਜ ਵਾਂਗ ਕੋਈ ਅਚੇਤ ਮਾਨਸਿਕ ਤੰਦ ਨਹੀਂ ਜਿਸ ਦੇ ਖਿਚਾਅ ਤੋਂ ਕੋਈ ਅੰਤਰੀਵ ਪੀੜ ਉਠਦੀ ਹੋਵੇ।

ਮੇਲੂ ਇਕ ਖੇਤ ਮਜ਼ਦੂਰ ਮੁੰਡਾ ਦਿਨੋ ਦਿਨ ਜਗੀਰਦਾਰੀ ਪਰਿਸਥਿਤੀਆਂ ਦੇ ਸਰਮਾਏਦਾਰ ਪਰਿਸਥਿਤੀਆਂ ਦਾ ਰੂਪ ਧਾਰਨ ਦੇ ਤਿੱਖੇ ਪ੍ਰਭਾਵ ਨੂੰ ਕਬੂਲਦਾ ਹੈ ਅਤੇ ਜਗੀਰਦਾਰ-ਸਰਮਾਏਦਾਰ ਦੋਗਲੀ ਆਰਥਿਕਤਾ ਤੇ ਸਮਾਜਕਤਾ ਵਿਚੋਂ ਨਿਕਲ ਕੇ ਨੰਗੀ ਸਰਮਾਏਦਾਰ ਆਰਥਿਕਤਾ ਵੱਲ ਮੂੰਹ ਕਰਦਾ ਹੈ। ਮੁਢ ਵਿਚ ਉਸ ਨੂੰ ਸਰਮਾਏਦਾਰ ਆਰਥਿਕਤਾ ਦੀ ਬਾਹਰਲੀ ਚਮਕ ਤੇ 'ਸੁਤੰਤਰਤਾ' ਦਿਸਦੀ ਹੈ। ਉਸ ਸਮੇਂ ਉਹਨੂੰ ਸਰਮਾਏਦਾਰੀ ਮਗਰਮੱਛ ਦੇ ਖੂਨੀ ਜਬਾੜੇ ਦਿਖਾਈ ਨਹੀਂ ਦਿੰਦੇ। ਪਰੰਤੂ ਛੇਤੀ ਉਸ ਨੂੰ ਮਹਿਸੂਸ ਹੁੰਦਾ ਹੈ ਕਿ ਜਿਸ 'ਸੁਤੰਤਰਤਾ' ਵਲ ਉਹ ਖਿਚਿਆ ਆਇਆ ਸੀ ਉਹ ਕੇਵਲ ਭੁਖੇ ਮਰਨ ਦੀ ਸੁਤੰਤਰਤਾ ਸੀ। ਨਵੇਂ ਸਰਮਾਏਦਾਰ ਦੇ ਕੇਵਲ ਦਿਮਾਗ ਹੈ, ਜਾਂ ਲਹੂ ਲਿਬੜੀਆਂ ਬਰਾਛਾਂ ਹਨ। ਉਸ ਕੋਲ ਦਿਲ ਨਾਂ ਦੀ ਕੋਈ ਵਸਤੂ ਨਹੀਂ ਹੈ। ਇਹਨਾਂ ਹਾਲਤਾਂ ਵਿਚ ਮੇਲੂ ਜਗੀਰਦਾਰ ਤੇ ਸਰਮਾਏਦਾਰ ਪਰਿਸਥਿਤੀਆਂ, ਪਿੰਡ ਤੇ ਸ਼ਹਿਰ ਵਿਚਕਾਰ ਲਟਕਦਾ ਰਹਿੰਦਾ ਹੈ। ਉਹ ਸ਼ਹਿਰ ਛੱਡ ਨਹੀਂ ਸਕਦਾ ਪਿੰਡ ਭੁੱਲ ਨਹੀਂ ਸਕਦਾ।



ਸ਼ਹਿਰ ਵਿਚ ਆ ਕੇ ਜਿਥੇ ਮੇਲੂ ਵਿਚ ਜਬਰ ਤੇ ਧੱਕੇ ਵਿਰੁਧ ਸੰਘਰਸ਼ ਕਰਨ ਦੀ ਚੇਤਨਾ ਜਾਗਦੀ ਹੈ ਉਥੇ ਉਹ ਆਰਥਿਕ ਸਥਿਤੀਆਂ ਵਿਚੋਂ ਉਪਜੀ ਸਰੀਰਕ ਨਿਰਬਲਤਾ ਤੇ ਮਾਨਸਿਕ ਫਰਸਟਰੇਸ਼ਨ ਦਾ ਵੀ ਸ਼ਿਕਾਰ ਹੋ ਜਾਂਦਾ ਹੈ ਅਤੇ ਨਸ਼ੇ ਵਰਤਣ ਲਗ ਜਾਂਦਾ ਹੈ। ਇਸ ਤਰ੍ਹਾਂ ਉਹ ਪ੍ਰੋਲਤਾਰੀ ਜਮਾਤ ਦਾ ਚੇਤਨ ਆਗੂ ਨਾ ਬਣ ਕੇ ਲੰਪਟ ਪ੍ਰੋਲਤਾਰੀ ਜਮਾਤ ਦਾ ਸਿਥਲ ਅੰਗ ਹੋ ਨਿਬੜਦਾ ਹੈ।

ਨਾਵਲ ਦੇ ਪਲਾਟ ਵਿਚ ਧਰਮੇ ਕੇ ਟੱਬਰ ਦੀ ਵਿਥਿਆ ਵੀ ਨਾਵਲ ਦੇ ਮੁਖ ਵਿਸ਼ੇ ਦੀ ਹੀ ਪ੍ਰੋੜਤਾ ਕਰਦੀ ਹੈ ਜਿਥੇ ਪੁਰਾਣੀ ਜਗੀਰਦਾਰ ਸੋਚ ਹੈ ਜਿਸ ਅਨੁਸਾਰ ਸਮੁਚੀ ਪੇਂਡੂ ਵਸੋਂ ਨੂੰ ਇਕ ਪਰਿਵਾਰ ਦੇ ਤੌਰ 'ਤੇ ਸਮਝਿਆ ਜਾਂਦਾ ਸੀ ਜਿਸ ਵਿਚ ਨਾ ਲੁੱਟੇ ਜਾਣ ਵਾਲਾ ਚੇਤਨ ਸੀ ਤੇ ਨਾ ਹੀ ਲੁੱਟਣ ਵਾਲਾ। ਬੇਸ਼ਕ ਆਰਥਿਕ ਲੁੱਟ ਦੀ ਹਕੀਕਤ ਬਹੁਤ ਨੰਗੀ ਤੇ ਕਠੋਰ ਸੀ ਪਰ ਮਾਨਿਸਕ ਪੱਧਰ 'ਤੇ ਇਹਦੀ ਚੁਭਣ ਤਿੱਖੀ ਨਹੀਂ ਸੀ। ਪਰੰਤੂ ਨਵੀਆਂ ਸਰਮਾਏਦਾਰ ਪਰਿਸਥਿਤੀਆਂ ਵਿਚ ਪੈਸੇ ਦੀ ਕਰਾਮਾਤ ਬਹੁਤ ਪ੍ਰਤੱਖ ਹੋਣ ਕਾਰਣ ਲੁੱਟ ਹੋਰ ਵੀ ਚੇਤਨ ਤੇ ਕਠੋਰ ਰੂਪ ਧਾਰ ਗਈ ਹੈ, ਜਿਸ ਵਿਚ ਮਾਨਸਿਕ ਦੁਬਿਧਾ ਕੋਈ ਨਹੀਂ ਹੈ। ਇਹੋ ਕਾਰਨ ਹੈ ਕਿ ਧਨੀ ਕਿਸਾਨ ਸੁਰਜੀਤ ਤੇ ਵਧਾਵੇ ਕਾ ਟੱਬਰ ਆਪਣੀ ਜ਼ਮੀਨ ਮਹਿੰਗੇ ਭਾਅ ਉਤੇ ਕਾਰਖਾਨੇ ਨੂੰ ਵੇਚਣਾ ਚਾਹੁੰਦੇ ਹਨ। ਉਹਨਾਂ ਦੇ ਸਾਹਮਣੇ ਕੇਵਲ ਮੁਨਾਫਾ ਤੇ ਰੁਪਿਆ ਹੈ। ਧਰਮੇ ਕੇ ਟੱਬਰ ਵੱਲ ਉਹ ਕੋਈ ਸਮਾਜਕ ਜਾਂ ਆਰਥਿਕ ਜ਼ੁਮੇਵਾਰੀ ਮਹਿਸੂਸ ਨਹੀਂ ਕਰਦੇ। ਉਹਨਾਂ ਨੂੰ ਪਤਾ ਹੈ ਕਿ ਸਮੇਂ ਦਾ ਕਾਨੂੰਨ ਤੇ ਹਾਕਮ ਉਹਨਾਂ ਪੱਖੀ ਹਨ, ਉਹਨਾਂ ਦੀ ਜਮਾਤ ਦੇ ਚਾਕਰ ਹਨ। ਉਹ ਇਹਨਾਂ ਦੀ ਵਰਤੋਂ ਵੀ ਕਰਦੇ ਹਨ।

ਦੂਜੇ ਪਾਸੇ ਧਰਮਾ ਤੇ ਉਹਦਾ ਟੱਬਰ ਆਪਦੇ 'ਮਨੁੱਖੀ ਹੱਕ" ਦੀ ਮੰਗ ਕਰਦਾ ਹੈ ਅਤੇ ਇਹਦੇ ਲਈ ਸੰਘਰਸ਼ ਕਰਦਾ ਹੈ। ਇਸ ਵੇਰ ਇਸ ਸੰਘਰਸ਼ ਵਿਚ "ਅਣਹੋਏ" ਦੇ ਨਾਇਕ ਤਾਏ ਬਿਸ਼ਨੇ ਵਾਲੀ ਇਕੱਲਤਾ ਨਹੀਂ ਹੈ ਇਸ ਵਿਚ ਭਾਈਚਾਰਕ ਸਾਂਝ ਤੇ ਸੀਮਿਤ ਸਮੂਹਕਤਾ ਹੈ। ਖਾੜਕੂ ਜਮਾਤੀ ਏਕਤਾ ਤੇ ਸਮੂਹਕਤਾ ਨਹੀਂ ਹੈ ਜਿਸ ਵਿਚ ਧੱਕੇ ਦੀਆਂ ਸ਼ਿਕਾਰ ਸਾਰੀਆਂ ਜਮਾਤਾਂ ਇਕ ਮੁਠ ਹੋਣ ਤੇ ਦ੍ਰਿੜਤਾ ਨਾਲ ਸੰਘਰਸ਼ ਕਰ ਰਹੀਆ ਹੋਣ।

ਨਾਵਲ ਕਲਾ ਤੇ ਤਰਨੀਕ ਦੇ ਪਖੋਂ ਕਮਜ਼ੋਰ ਹੈ। ਇਸ ਵਿਚ ਜੀਵਨ ਨੂੰ ਦੁੱਖਾਂ ਦੀ ਮਸਿਆ ਦੀ ਰਾਤ ਵਿਚ ਵਿਚਰਦੇ ਦਿਖਾਇਆ ਗਿਆ ਹੈ। ਕਿਤੇ ਵੀ ਚਾਨਣ ਦੀ ਕੋਈ ਰਿਸ਼ਮ ਦਿਖਾਈ ਨਹੀਂ ਦਿੰਦੀ। ਜੇਕਰ ਇਹਨੂੰ ਯਥਾਰਥ ਪਖੋਂ ਦਰੁਸਤ ਵੀ ਮੰਨ ਲਈਏ ਤਾਂ ਇਕ ਚੇਤਨ ਕਲਾਕਾਰ ਲਈ ਇਹ ਕੁਝ ਕਰਨਾ ਦਰੁਸਤ ਨਹੀਂ। ਗੱਲ ਕੇਵਲ ਯਥਾਰਥ ਦੀ ਨਹੀਂ ਬਲਕਿ ਸਮਾਜਵਾਦੀ ਯਥਾਰਥ ਦੀ ਹੈ ਜਿਸ ਵਿਚ ਜੀਵਨ ਦਾ ਚਿਹਰਾ ਮੁਰਝਾਇਆ ਨਹੀਂ ਬਲਕਿ ਪਹੁ-ਫਟਾਲੇ ਵਾਂਗ ਤਾਜ਼ਾ ਤੇ ਦਗਦਾ ਹੋਣਾ ਚਾਹੀਦਾ ਹੈ। ਚੇਤੰਨ ਕਲਾਕਾਰ ਦਾ ਕੰਮ ਕੇਵਲ "ਦੁੱਖਾਂ ਭਰੇ ਸੰਸਾਰ' ਦਾ ਜ਼ਿਕਰ ਕਰਕੇ ਜੀਵਨ ਨੀਰਸ ਤੇ ਦਰਿਦਰ ਬਣਾਉਣਾ ਨਹੀਂ ਬਲਕਿ ਜੀਵਨ ਲਈ ਫਰਿਹਾਦ ਵਾਂਗ ਇਕ ਤੇਸੇ ਦੇ ਸਿਰ 'ਤੇ ਦੁਖਾਂ ਦੇ ਪਹਾੜ ਢਹਿੰਦੇ ਦਿਖਾਉਣੇ ਚਾਹੀਦੇ ਹਨ। ਪਰ ਗੁਰਦਿਆਲ ਸਿੰਘ ਇਸ ਵੇਰ ਬਹੁਤ ਹੀ ਇਕਪਾਸੜ ਤੇ ਉਲਾਰ ਹੋ ਗਿਆ ਹੈ।

ਤਕਨੀਕ ਪਖੋਂ ਇਹ ਨਾਵਲ ਨਾਵਲ ਨਹੀਂ ਕੇਵਲ ਇਕ ਰਿਪੋਰਤਾਜ ਹੈ ਜਿਸ ਵਿਚ ਘਟਨਾਵਾਂ ਦਾ ਉਘੜ ਦੁਘੜਾ ਤੇ ਕੁਝ ਥਾਈਂ ਧੁੰਦਲਾ ਜ਼ਿਕਰ ਹੈ। ਨਾਵਲ ਵਿਚ ਧੁੰਦਲੇਪਣ ਤੇ

ਸੰਕੋਚ ਦੀ ਲੋੜ ਨਹੀਂ ਹੁੰਦੀ। ਜਿਵੇਂ ਨਾਵਲ ਦੇ ਸਫ਼ਾ 106 ਤੋਂ 112 ਤਕ ਵਾਪਰੀਆਂ ਘਟਨਾਵਾਂ ਰੌਲਾ ਲਲਕਾਰੇ ਤੇ ਬੰਦੂਕ ਦੇ ਫਾਇਰ ਹਨ। ਚੰਗਾ ਹੁੰਦਾ ਜੇਕਰ ਗੁਰਦਿਆਲ ਸਿੰਘ ਇਸ ਨੂੰ ਧਰਮੇ ਕੇ ਟੱਬਰ ਤੇ ਖੇਤ ਮਜਦੂਰਾਂ ਤੇ ਧਨੀ ਕਿਸਾਨ ਸੁਰਜੀਤ ਤੇ ਵਧਾਵੇ ਕੇ ਟੱਬਰ ਵਿਚਕਾਰ ਖਾੜਕੂ ਟੱਕਰ ਦੇ ਰੂਪ ਵਿਚ ਸਪਸ਼ਟ ਤੌਰ 'ਤੇ ਵਖਾਉਂਦਾ। ਪਰੰਤੂ ਅਜਿਹੀ ਖਾੜਕੂ ਟੱਕਰ ਪੇਸ਼ ਕਰਨਾ ਉਹਦੀ (ਗੁਰਦਿਆਲ ਸਿੰਘ ਦੀ) ਸੋਚ ਤੇ ਸੁਭਾਅ ਦੇ ਅਨਕੂਲ ਨਹੀਂ ਹੈ। ਉਹਦੇ ਪਾਤਰ ਬਹੁਤਾ ਆਪਣੇ ਨਾਲ ਅੰਤਰਮੁਖੀ ਘੋਲ ਕਰਦੇ ਤੇ ਅੰਦਰੋਂ ਅੰਦਰ ਘੁਲਦੇ ਹਨ। ਬਾਹਰਮੁਖੀ ਘੋਲ ਕੇਵਲ ਮਧ ਸ਼੍ਰੇਣਿਕ ਖੱਸੀ ਢੰਗ ਦਾ ਕਰਦੇ ਹਨ ਜਿਹੜੇ ਕਿ ਕਾਨੂੰਨ ਦੀ "ਲਛਮਣਕਾਰ" ਉਲੰਘਣ ਦੀ ਘੱਟ ਹੀ ਦਲੇਰੀ ਕਰਦੇ ਹਨ।

ਕਲਾਕਾਰ ਦੀ ਕਿਰਤ ਵਿਚ ਦੂਜਿਆਂ ਨਾਲੋਂ ਤੇ ਆਪਣੀ ਹਰ ਕਿਰਤ ਨਾਲੋਂ ਵਿਲਖਣਤਾ ਤੇ ਨਵਾਂਪਣ ਹੋਣਾ ਜ਼ਰੂਰੀ ਹੈ। ਇਹ ਕੁਝ ਕਲਾਕਾਰ ਦੀ ਉਚਤਾ ਨੂੰ ਕਾਇਮ ਰਖਦਾ ਹੈ। ਪਰੰਤੂ ਇਸ ਨਾਵਲ ਵਿਚ ਗੁਰਦਿਆਲ ਸਿੰਘ ਇਹ ਕੁਝ ਨਹੀਂ ਕਰ ਸਕਿਆ। ਉਹਦੇ ਪਾਤਰ ਇਸ ਵੇਰ ਨਵੇਂ ਜਾਪਣ ਦੀ ਥਾਂ ਸਟੈਰੋਟਾਈਪਡ ਜਿਹੇ ਲਗਦੇ ਹਨ ਜਿਸ ਨਾਲ ਕਿਰਤ ਪੇਤਲੀ ਹੋ ਗਈ ਹੈ।

ਲਗਦਾ ਇਉਂ ਹੈ ਕਿ ਆਪਣਾ ਨਾਂ ਚੱਲ ਜਾਣ ਕਾਰਨ ਗੁਰਦਿਆਲ ਸਿੰਘ ਕੁਝ ਕਮਰਸ਼ਲ ਜਿਹਾ ਹੋ ਗਿਆ ਹੈ। ਜਿਵੇਂ ਉਹਨੇ ਨਾਨਕ ਸਿੰਘ ਵਾਂਗ ਹਰ ਛਿਮਾਹੀ ਇਕ ਨਾਵਲ ਜ਼ਰੂਰ ਦੇਣ ਦਾ ਸੰਕਲਪ ਬਣਾ ਲਿਆ ਹੋਵੇ। ਇਹ ਕੁਝ ਉਹਦੀ ਮਾਇਕ ਹਾਲਤ ਵਿਚ ਕੁਝ ਫਰਕ ਪਾਵੇ ਤਾਂ ਪਾਵੇ ਪਰੰਤੂ ਉਹਦੀ ਕਲਾ ਲਈ ਜ਼ਰੂਰ ਘਾਤਕ ਸਾਬਤ ਹੋਵੇਗਾ।

ਸਵਾ ਸੌ ਸਫੇ ਦੇ ਨਾਵਲ ਦੀ ਕੀਮਤ ਸੱਤ ਰੁਪਏ ਬਹੁਤੀ ਹੈ। ਇਸ ਵਿਚੋਂ ਗੁਰਦਿਆਲ ਸਿੰਘ ਨੂੰ ਕੀ ਮਿਲੇਗਾ ? ਕੁਝ ਕਿਹਾ ਨਹੀਂ ਜਾ ਸਕਦਾ ਪਰ ਇਹ ਪੰਜਾਬੀ ਪਾਠਕ ਦੀ ਜੇਬ ਉਤੇ ਡਾਕਾ ਹੈ। ਨਾਲ ਹੀ ਕਲਾਕਾਰ ਦੇ ਨਾਂ ਦੀ ਦੁਰਵਰਤੋਂ ਹੈ। ਆਸ ਹੈ ਗੁਰਦਿਆਲ ਸਿੰਘ ਇਸ ਬਾਰੇ ਚੇਤੰਨ ਹੋਵੇਗਾ।

[ਸੁਰਜੀਤ ਗਿੱਲ]

## ਮਾਲਵੇ ਦੀ ਸਥ[ਸਾਹਿਤ ਸਭਾ ਮਾਨਸਾ]

'ਮਾਲਵੇ ਦੀ ਸਥ' ਸਾਹਿਤ ਸਭਾ ਮਾਨਸਾ ਦੁਆਲੇ ਜੁੜੇ ਸਾਹਿਤਕਾਰਾਂ ਦਾ ਕਹਾਣੀ ਸੰਗ੍ਰਿਹ ਹੈ। [ਸੰ.ਦਰਸ਼ਨ ਮਿੱਤਵਾ, ਅਜੰਤਾ ਪ੍ਰਕਾਸ਼ਨ ਅੰਮ੍ਰਿਤਸਰ, ਪੰਨੇ 127, ਕੀਮਤ 9 ਰੁਪਏ] ਇਸ ਵਿਚ 19 ਸਾਹਿਤਕਾਰਾਂ ਦੀਆਂ ਏਨੀਆਂ ਹੀ ਕਹਾਣੀਆਂ ਸ਼ਾਮਲ ਹਨ। ਸਾਰੀਆਂ ਕਹਾਣੀਆਂ ਬਾਰੇ ਸਮੁਚੇ ਰੂਪ ਵਿਚ ਇਕ ਰਾਇ ਬਣਾਉਣੀ ਅਸੰਭਵ ਹੈ ਕਿਉਂਕਿ ਸਥ ਵਿਚ ਬੈਠਣ ਵਾਲੇ ਸਾਰੇ ਸਜਨਾਂ ਨੂੰ ਆਪੋ ਆਪਣੀ ਵੱਖਰੀ ਸੁਰ ਉਚਾਰਨ ਦਾ ਜਮਹੂਰੀ ਹੱਕ ਹੁੰਦਾ ਹੈ। ਇਸ ਸੰਗ੍ਰਿਹ ਵਿਚ ਭਾਵੇਂ ਹਰ ਕਹਾਣੀਕਾਰ ਦੀ ਯਥਾਰਥ ਨੂੰ ਗ੍ਰਹਿਣ ਕਰਨ ਦੀ ਪ੍ਰਕਿਰਿਆ ਅਤੇ ਪ੍ਰਗਟਾ ਵਿਧੀ ਵਿਚ ਥੋੜੀ ਬਹੁਤ ਭਿੰਨਤਾ ਹੈ ਪਰ ਫੇਰ ਵੀ ਇਹ ਸਾਰੀ ਸਥ ਕੁਝ ਨੁਕਤਿਆਂ ਉਤੇ ਇਕ ਮਤ ਹੈ। ਇਹ ਕਹਾਣੀਕਾਰ ਵੱਖੋ ਵੱਖਰੇ ਅਨੁਭਵ ਖੇਤਰਾਂ ਨਾਲ ਸੰਬੰਧਿਤ ਹੁੰਦੇ ਹੋਏ ਵੀ ਆਪਣਾ ਧਿਆਨ ਸਮੱਸਿਆ ਉਤੇ ਕੇਂਦ੍ਰਿਤ ਰਖਦੇ ਹਨ। ਉਹ ਸਮੱਸਿਆ ਪਿਆਰ ਦੀ ਵੀ ਹੋ ਸਕਦੀ ਹੈ [ਲੱਖਾਂ ਦਾ ਜੋਬਨ, ਅਹਿਸਾਸ ਦੇ ਰਿਸ਼ਤੇ, ਪੱਤਣ ਨਾ ਪਤਵਾਰ] ਦਾਜ ਦੀ ਵੀ (ਸਾਕਾਰ ਸੁਪਨਾ, ਦੁਪੱਟਾ ਪਰਚਮ ਬਣ ਗਿਆ)



ਆਰਥਿਕ ਲੁੱਟ ਦੀ ਵੀ (ਅੱਖ ਨਹੀਂ ਖੁੱਲ੍ਹੀ, ਕਹਾਣੀ ਲੇਖਕ, ਪਾਤਰ ਜੋ ਕਦੇ ਨਹੀਂ ਮਰਦੇ) ਜਾਂ ਮਨੁਖ ਨੂੰ ਜੁਰਅਤ ਦਾ ਅਹਿਸਾਸ ਕਰਵਾਉਣ ਦੀ (ਯੋਧੇ, ਨਾਇਕ)। ਸਾਂਝ ਇਹ ਹੈ ਕਿ ਹਰ ਕਹਾਣੀ ਪਈ ਹੋਈ ਸਮੱਸਿਆ ਦੇ ਪ੍ਰਗਟਾ ਤੋਂ ਸ਼ੁਰੂ ਹੁੰਦੀ ਹੈ ਅਤੇ ਸਮੱਸਿਆ ਨਾਲ ਨਿਪਟਦੀ ਅੱਗੇ ਵਧਦੀ ਹੈ।

ਇਹਨਾਂ ਕਹਾਣੀਕਾਰਾਂ ਦੀ ਵੱਡੀ ਸਾਂਝ ਸਿਰਜਣ-ਵਿਧੀ ਦੀ ਵੀ ਹੈ, ਸਾਰੇ ਕਾਹਣੀਕਾਰ ਜਿਉਂ ਕਿਸੇ ਸਥਿਤੀ ਤੋਂ ਪ੍ਰੇਰਿਤ ਹੁੰਦੇ ਹਨ ਉਹ ਸਥਿਤੀ ਨੂੰ ਤਟ ਫਟ ਬਿਆਨਣ ਦੇ ਆਹਰ ਵਿਚ ਰੁਝ ਜਾਂਦੇ ਹਨ। ਇਸ ਤਰ੍ਹਾਂ ਵਸਤੂ-ਯਥਾਰਥ ਅਤੇ ਕਲਾ-ਯਥਾਰਥ ਦੇ ਵਿਚਕਾਰ ਆਉਣ ਵਾਲੇ ਸਾਹਿਤਕਾਰ ਦੇ ਚਿੰਤਨ ਨੇ ਆਪਣਾ ਲੋੜੀਂਦਾ ਰੋਲ ਨਹੀਂ ਨਿਭਾਇਆ। ਇਹ ਸਾਰੇ ਵਸਤੂ-ਯਥਾਰਥ ਨੂੰ ਭਾਵਕ ਪੱਧਰ ਉਤੇ ਮਹਿਸੂਸਦੇ ਹਨ ਅਤੇ ਜਜ਼ਬਾਤੀ ਪੱਧਰ ਉਤੇ ਪ੍ਰਗਟਾਉਂਦੇ ਹਨ। ਕਹਾਣੀ ਦੇ ਅਨੁਭਵ ਖੇਤਰ ਵਿਚ ਆਈ ਸਥਿਤੀ ਨੂੰ ਬੌਧਿਕ ਨਿਯੰਤਰਣ ਵਿਚ ਬੰਨ੍ਹਕੇ ਪੇਸ਼ ਕਰਨ ਲਈ ਠਰੰਮੇ ਤੋਂ ਕੰਮ ਲੈਣ ਦੀ ਥਾਂ ਇਸ ਨੂੰ ਤਟ ਫਟ ਉਗਲਣਾ ਚਾਹੁੰਦੇ ਹਨ। ਸਿੱਟੇ ਵਜੋਂ ਕਹਾਣੀਕਾਰ ਯਥਾਰਥ ਦੇ ਸਤਹੀ ਵਰਨਣ ਤੋਂ ਅੱਗੇ ਕਦੇ ਘੱਟ ਹੀ ਜਾਂਦੇ ਹਨ।

ਤਟ ਫਟ ਪੇਸ਼ਕਾਰੀ ਦੀ ਕਿਰਿਆ ਨੇ ਇਨ੍ਹਾਂ ਕਹਾਣੀਕਾਰਾਂ ਨੂੰ ਅਜੇਹਾ ਮੌਕਾ ਨਹੀਂ ਦਿੱਤਾ ਕਿ ਉਹ ਆਪਣੇ ਅਨੁਭਵ ਦੇ ਪਾਸਾਰਾਂ ਦੀ ਸੂਖਮਤਾ ਨੂੰ ਚਿਤਰਦੇ। ਬਹੁਤੀਆਂ ਕਹਾਣੀਆਂ ਵਿਚ ਪੇਸ਼ ਹੋਈ ਵਸਤੂ ਨੇ ਕਲਾਤਮਕ ਗੋਲਾਈ ਪ੍ਰਾਪਤ ਨਹੀਂ ਕੀਤੀ। ਕਈ ਥਾਈਂ ਤਾਂ ਸਥਿਤੀ ਕਹਾਣੀਕਾਰ ਦੇ ਵਿਤੋਂ ਬਾਹਰੀ ਹੋ ਗਈ ਹੈ ਅਤੇ ਕਹਾਣੀ ਅੱਧ ਤੋਂ ਬਾਆਦ ਜਾ ਕੇ ਜਾਂ ਕਵਿਤਾ ਬਣ ਜਾਂਦੀ ਹੈ ਜਾਂ ਨਾਅਰਾ। ਅਜੇਹੀ ਸਥਿਤੀ ਵਿਚ ਕਹਾਣੀਕਾਰ ਪਾਤਰਾਂ ਨੂੰ ਅਸੁਭਾਵਕ ਜਿਹਾ ਕੁਝ ਕਰਦੇ ਵਿਖਾਉਂਦੇ ਹਨ ਜਾਂ ਫੇਰ ਨਿਰੇ ਪ੍ਰਤੀਕਾਂ ਤੇ ਚਿੰਨ੍ਹਾਂ ਰਾਹੀਂ ਗੱਲ ਉਘਾੜਨ ਉਤੇ ਜ਼ੋਰ ਲਾਉਂਦੇ ਹਨ। ਇਸ ਤਰ੍ਹਾਂ ਸਿਰਜੇ ਪਾਤਰਾਂ ਦੀ ਸਥਿਤੀ ਅਤੇ ਕਾਹਣੀਕਾਰ ਦੀ ਤਮੰਨਾ ਵਿਚਲੇ ਆਪਸੀ ਤਨਾਉ ਨੇ ਕਹਾਣੀ ਦੀ ਸੁਭਾਵਕਤਾ ਨੂੰ ਨਸ਼ਟ ਕਰ ਦਿਤਾ ਹੈ।

ਉਪਰੋਕਤ ਮਤ ਦੀ ਪੁਸ਼ਟੀ ਇਸ ਸੰਗ੍ਰਹਿ ਵਿਚਲੀਆ ਪਿਛਲੇਰੀਆਂ ਅੱਧੀਆਂ ਕਹਾਣੀਆਂ ਤੋਂ ਹੁੰਦੀ ਹੈ। ਸਿਆਣੇ ਸੰਪਾਦਕ ਨੇ ਕਹਾਣੀ ਸੰਗ੍ਰਿਹ ਦੀ ਤਰਤੀਬ ਨੂੰ ਸਾਹਿਤਕ ਤੱਤ ਦੀ ਲੋੜ ਅਨੁਸਾਰ ਰਖਿਆ ਹੈ। ਪਿਛਲੇਰੀਆ ਅੱਧੀਆ ਕਹਾਣੀਆਂ ਵਿਚ ਕਹਾਣੀਕਾਰ ਆਪਣੀਆ ਕਹਾਣੀਆ ਦੇ ਸਾਹਿਤਕ ਮੁਹਾਂਦਰੇ ਘੜਨ ਲਈ ਢੁਕਵੀਂ ਕਲਾਤਮਕ ਵਿਧੀ ਦੀ ਤਲਾਸ਼ ਵਿਚ ਹਨ।

ਸੰਗ੍ਰਿਹਿਤ ਕਹਾਣੀਆਂ ਦੀਆਂ ਕਮਜ਼ੋਰੀਆਂ ਵਲ ਸੰਕੇਤ ਕਰਨ ਦਾ ਅਰਥ ਇਹਨਾਂ ਦੇ ਮੁੱਲ ਨੂੰ ਘਟਾ ਕੇ ਵੇਖਣਾ ਨਹੀਂ ਹੈ। ਇਸ ਸੰਗ੍ਰਿਹ ਵਿਚ ਚਾਰ ਕਹਾਣੀਆਂ (ਨਾਇਕ, ਸਮਾਨ ਅੰਤਰ ਰੇਖਾਵਾਂ, ਰਿਸ਼ਤਾ, ਯੋਧੇ) ਪੰਜਾਬੀ ਕਹਾਣੀ ਦੀ ਉਤਮ ਪ੍ਰਾਪਤੀ ਵਿਚ ਸ਼ੁਮਾਰ ਕੀਤੀਆਂ ਜਾਣ ਵਾਲੀਆਂ ਹਨ।

ਇਸ ਸੰਗ੍ਰਿਹ ਦਾ ਵਧੇਰੇ ਮਹੱਤਵ ਇਕ ਸਾਹਿਤਕ ਸਰਗਰਮੀ ਦੇ ਤੌਰ 'ਤੇ ਹੈ। ਜੇ ਅਸੀਂ ਸਾਹਿਤ ਦੇ ਬੁਰਜੁਆ ਸੰਕਲਪ ਨਾਲ ਸਨਕੀ ਹੋਣ ਦੀ ਹੱਦ ਤਕ ਪ੍ਰਤੀਬਧ ਨਾ ਹੋਈਏ ਤਾਂ ਇਹ ਗੱਲ ਸਹਿਜੇ ਹੀ ਸਮਝ ਪੈ ਸਕਦੀ ਹੈ ਕਿ ਸਾਹਿਤ-ਸਿਰਜਣਾ ਨਿਰੋਲ ਵਿਅਕਤੀਗਤ ਕਾਰਜ ਨਹੀਂ ਹੈ। ਸਾਹਿਤਕਾਰ ਦੇ ਨਿਜਤਵ ਦੀ ਸੁਤੰਤਰਤਾ ਦੀ ਸੁਰੱਖਿਆ ਉਸ ਦੀ ਸਮੂਹਕਤਾ ਵਿਚ ਹੀ ਹੈ। ਸਥ ਵਿਚ ਬੈਠ ਕੇ ਇਹ ਇਕ ਦੂਜੇ ਤੋਂ ਸਿਖਦੇ ਵੀ ਹਨ ਤੇ ਸਿਖਾਉਂਦੇ ਵੀ। ਸਮੇਂ ਦੀ ਲੋੜ ਹੈ ਕਿ ਸਾਹਿਤ ਸਿਰਜਣਾ ਦੇ ਕਾਰਜ ਨੂੰ ਜਥੇਬੰਦਕ ਰੂਪ ਵਿਚ ਨਿਸਚਿਤ ਸੇਧ ਵਿਚ ਤੋਰਿਆ ਜਾਵੇ। ਇਸ ਪੱਖੋਂ ਸਾਹਿਤ ਸਭਾ ਮਾਨਸਾ ਦਾ ਇਹ ਯਤਨ ਅਤਿਅੰਤ ਸ਼ਲਾਘਾਯੋਗ ਹੈ।

[ਨਾਹਰ ਸਿੰਘ]

## ਚਿਮਨੀਆਂ ਦੀ ਛਾਵੇਂ [ਅਵਤਾਰ ਸਿੰਘ ਸਾਦਿਕ]

ਪੰਜਾਬੀ ਕਹਾਣੀ ਦੇ ਵਿਕਾਸ ਤੋਂ ਇਨਕਾਰੀ ਨਹੀਂ ਹੋਇਆ ਜਾ ਸਕਦਾ । ਬਹੁਤ ਸਾਰੇ ਨੌਜਵਾਨ ਆ-ਮੁਹਾਰੇ ਪੰਜਾਬੀ ਸਾਹਿਤ ਵਿਚ ਪ੍ਰਵੇਸ਼ ਕਰ ਰਹੇ ਹਨ । ਇਹ ਪਾਠਕਾਂ/ਲੇਖਕਾਂ ਦੇ ਘੇਰੇ ਦੇ ਫੈਲਾਉ ਦਾ ਸੰਕੇਤ ਹੈ । ਅਵਤਾਰ ਸਿੰਘ ਸਾਇਕ ਦਾ ਨਾਂ ਭਾਵੇਂ ਪੰਜਾਬੀ ਕਵਿਤਾ ਵਿਚ ਤਾਂ ਜਾਣਿਆ ਜਾਂਦਾ ਹੈ ਪਰ ਕਹਾਣੀ ਦੇ ਪਿੜ ਵਿਚ ਉਹ ਹਾਲਾਂ ਵੀ ਓਪਰਾ ਹੀ ਹੈ ਭਾਵੇਂ ਹੁਣ ਉਹ ਆਪਣੇ ਦੂਜੇ ਕਹਾਣੀ ਸੰਗ੍ਰਹਿ 'ਚਿਮਨੀਆਂ ਦੀ ਛਾਵੇਂ' ਨਾਲ ਪ੍ਰਵਿਸ਼ਟ ਹੁੰਦਾ ਹੈ ।

'ਚਿਮਨੀਆਂ ਦੀ ਛਾਵੇਂ' ਵਿਚਲੀਆਂ ਸੋਲਾਂ ਕਹਾਣੀਆਂ ਵਿਚੋਂ "ਮੇਰੇ ਮਰਨ ਦਾ ਐਲਾਨ ਕਰੋ" "ਲੋਕਾਂ ਦਾ ਭਲਾ", "ਉਤੋਂ ਪੈ ਗਈ ਰਾਤ," "ਪਰੀ ਤੇ ਦਿਉ", 'ਚਿਮਨੀਆਂ ਦੀ ਛਾਵੇਂ' ਆਦਿ ਖੂਬ-ਸੂਰਤ ਕਲਾ ਕ੍ਰਿਤੀਆਂ ਹਨ ਜਿਨ੍ਹਾਂ ਦੀ ਚਰਚਾ ਕਰਨੀ ਜ਼ਰੂਰੀ ਬਣ ਜਾਂਦੀ ਹੈ ।

ਇਸ ਸੰਗ੍ਰਹਿ ਦੀ 'ਮੇਰੇ ਮਰਨ ਦਾ ਐਲਾਨ ਕਰੋ' ਨਵੀਨ ਆਤਮ-ਕਥਾ ਹੈ ਜਿਹੜੀ ਰੱਬ ਦੇ ਮੂੰਹੋਂ ਕਾਰੀ ਵਿਅੰਗ ਕਰਦੀ ਹੈ । ਰੱਬ ਦਾ ਕਹਿਣਾ ਹੈ—"ਤੁਸੀਂ ਮੈਨੂੰ ਆਪ (ਲੋਕਾਂ ਨੇ) ਸਿਰਜਿਆ ਹੈ । ਮੇਰੇ ਰਚਨਹਾਰਿਆਂ ਦਾ ਫਲਸਫ਼ਾ ਕਿੰਨਾ ਹਾਸੋਹੀਣਾ ਹੈ । ਉਹ ਕਹਿੰਦੇ ਹਨ ਕਰਮਾਂ ਦੇ ਫੈਸਲੇ ਹੋਣਗੇ । ਪਰ ਜਦੋਂ ਕੋਈ ਚੋਰ ਮਰੇ, ਚਾਹੇ ਡਾਕੂ, ਚਾਹੇ ਬਲੈਕੀਆ ਚਾਹੇ ਕਿਰਤੀਆਂ ਦੀ ਮਿਹਨਤ ਲੁੱਟਣ ਵਾਲਾ ਲੁਟੇਰਾ, ਤਦ ਮੇਰੇ ਪ੍ਰਤਿਨਿਧ-ਪੰਡਿਤ, ਭਾਈ, ਮੁੱਲਾਂ ਪਾਦਰੀ ਇਹੋ ਕਹਿੰਦੇ ਹਨ, ਸੱਚੇ ਪਾਤਸ਼ਾਹ ਪ੍ਰਾਣੀ ਭੁਲਣਹਾਰ ਹੁੰਦਾ ਹੈ........ਆਪਣੇ ਚਰਨਾਂ ਵਿਚ ਥਾਂ ਦੇਣਾ ।" ਮੈਂ ਪੁਛਦਾਂ ਕਾਤਲਾਂ ਡਾਕੂਆਂ ਲੁਟੇਰਿਆਂ ਉਤੇ ਰਹਿਮਵਾਨ ਹੋਣ ਲਈ ਪ੍ਰੇਰਦੇ ਹੋ... ਤੁਸੀਂ ਆਪਣਾ ਤੇ ਮੇਰਾ ਭਲਾ ਚਾਹੁੰਦੇ ਹੋ ਤਾਂ ਪਹਿਲਾਂ ਮੇਰੇ ਮਰਨ ਦਾ ਐਲਾਨ ਕਰੋ ।"

ਭਾਵੇਂ ਇਹ ਆਤਮ ਕਥਾ ਕਹਾਣੀ ਦੀ ਤਕਨੀਕ 'ਤੇ ਪੂਰੀ ਨਾ ਵੀ ਉਤਰੇ ਪਰ ਫਿਰ ਵੀ ਇਸ ਵਿਚਲਾ ਵਿਅੰਗ ਪਾਠਕਾਂ ਦੇ ਦਿਮਾਗੀ-ਜਾਲੇ ਹੂੰਝਣ ਲਈ ਕਾਫੀ ਹੈ ।

"ਲੋਕਾਂ ਦਾ ਭਲਾ" ਕਹਾਣੀ ਵਿਚਲਾ ਤੀਵੀਆਂ ਦਾ ਵਪਾਰੀ 'ਫੁਫੜ' ਸਭ ਕੁਝ ਗੁਆਉਣ ਮਗਰੋਂ ਅੰਤ ਸਾਧ ਹੁੰਦਾ ਦਿਖਾਇਆ ਗਿਆ ਹੈ ਜੋ ਕਿ ਇਕ ਮਾਰਕਸਵਾਦੀ ਲੇਖਕ ਦੀ ਕਲਮ ਨਹੀਂ ਕਰ ਸਕਦੀ । ਕਿਉਂਕਿ ਇਹ ਸੋਧ ਅਪਸਾਰਵਾਦੀ ਹੋ ਨਿਬੜਦੀ ਹੈ । ਪਛਤਾਵੇ ਨੂੰ ਹੋਰ ਤਰ੍ਹਾਂ ਵੀ ਦਰਸਾਇਆ ਜਾ ਸਕਦਾ ਹੈ ।

ਗੋਰਕੀ ਦਾ ਕਹਿਣਾ ਹੈ ਕਿ ਫੋਕ ਲੋਰ ਸਾਡਾ ਮਹਾਨ ਵਿਰਸਾ ਹੈ ਤੇ ਅਵਤਾਰ ਸਿੰਘ ਸਾਦਿਕ ਨੇ ਆਪਣੀ ਪੰਜਾਬ ਵਿਚ ਪ੍ਰਚਲਿਤ ਰਹਿ ਚੁੱਕੀ 'ਬਾਤ', ਜਿਸ ਨੂੰ ਅੱਜ ਅਸੀਂ ਭੁਲਦੇ ਹੀ ਜਾ ਰਹੇ ਹਾਂ, ਵਰਤੋਂ ਕੀਤੀ ਹੈ । ਬਾਤ ਦੀ ਵਿਧੀ ਰਹੀ ਉਤੋਂ ਪੈ ਗਈ ਰਾਤ ਵਿਚ ਇਕ ਮਾਂ ਆਪਣੇ ਪੁੱਤਰ ਨੂੰ 'ਬਾਤ' ਪਾਉਂਦੀ ਹੈ—ਇਕ ਨਿੱਡਰ ਤੇ ਰਿਸ਼ਟ ਪੁਸ਼ਟ ਕਿਸਾਨ ਸੀ । ਕਿਸਾਨ ਨੂੰ ਹਨੇਰੇ ਸਵੇਰੇ ਸਿਵਿਆਂ ਕੋਲੋਂ ਲੰਘਕੇ ਜਾਣਾ ਪੈਂਦਾ ਹੈ......ਉਸ ਨੂੰ ਅੱਗ ਨਜ਼ਰੀਂ ਆਉਂਦੀ ਹੈ ਨਾਲ ਨਾਲ ਤੁਰਦੀ......ਬ੍ਰਾਹਮਣ ਨਜ਼ਰੀਂ ਪੈਂਦਾ ਹੈ ਜਿਸ ਦੀ ਬੋਦੀ ਉਹ ਝਪਟਕੇ ਉਤਾਰ ਲੈਂਦਾ ਹੈ ਤੇ ਜੇਬ ਵਿਚ ਪਾ ਲੈਂਦਾ ਹੈ ਤੇ ਬ੍ਰਾਹਮਣ ਸਦਾ ਲਈ ਉਸ ਦਾ ਦਾਸ ਬਣ ਜਾਂਦਾ ਹੈ ਜਿਸ ਕਾਰਣ ਕਿਸਾਨ ਅਮੀਰ ਬਣ ਜਾਂਦਾ ਹੈ ।........

ਰਿੰਕੂ ਦਾ ਪ੍ਰਸ਼ਨ ਹੈ ਕਿ ਡੈਡੀ ਕਿਉਂ ਨਹੀਂ ਉਸ ਦੀ ਬੋਦੀ ਪੁੱਟ ਲਿਆਉਂਦਾ ! "ਅੱਜ ਕੱਲ ਉਸ ਦੀ ਬੋਦੀ ਇੰਦਰਾ ਗਾਂਧੀ ਦੀ ਜੇਬ ਵਿਚ ਹੈ," ਮਾਂ ਦੇ ਉੱਤਰ ਮੋੜਨ ਤੋਂ ਪਹਿਲਾਂ ਕੋਲ ਪਿਆ



ਕਾਲਜ ਪੜ੍ਹਦਾ ਮੁੰਡਾ ਦਲੀਪ ਝੱਟ ਉਤਰ ਮੋੜਦਾ ਹੈ ।

ਬਾਤ ਪਾਉਣ ਦੀ ਵਿਧੀ ਰਾਹੀਂ ਅਜੋਕੀ ਸਥਿਤੀ 'ਤੇ ਕਾਰੀ ਵਿਅੰਗ ਢੁਕਾਇਆ ਹੈ ।

ਇਸੇ ਤਰ੍ਹਾਂ 'ਪਰੀ ਤੇ ਦਿਉ' ਵੀ ਬਾਤ ਦਾ ਨਵੀਨੀਕਰਨ ਹੈ ਜਿਸ ਰਾਹੀਂ ਲੇਖਕ ਇਹ ਦਰਸਾਉਣਾ ਚਾਹੁੰਦਾ ਹੈ ਕਿ ਜੇ ਲੋਕਾਂ ਦਾ ਹੜ੍ਹ ਦਿਉ ਨੂੰ ਡੇਗ ਸਕਦਾ ਹੈ ਭਾਵ ਪਰੀ ਉਸ ਦੇ ਕਬਜ਼ੇ 'ਚੋਂ ਅਜ਼ਾਦ ਕਰਾ ਸਕਦਾ ਹੈ ਤਾਂ ਅੱਜ ਵੀ ਅੱਜੋਕੇ ਦਿਉ ਜਿਹੜੇ ਮਾਇਆ ਨੂੰ ਜੱਫਾ ਮਾਰੀ ਬੈਠੇ ਹਨ, ਡੇਗੇ ਜਾ ਸਕਦੇ ਹਨ । ਗੱਲ ਲੋਕਾਂ ਦੇ ਜੁੜਨ ਦੀ ਹੈ ।

ਉਹਦੇ ਬਹੁਤੇ ਪਾਤਰ ਰੋਜ਼ੀ ਕਮਾਉਣ ਨਿਕਲੇ ਪੜ੍ਹੇ, ਅੱਧ ਪੜ੍ਹੇ, ਮਜ਼ਦੂਰ ਪਾਤਰ ਹਨ ਜਿਹੜੇ ਇੰਗਲੈਂਡ ਦੀ ਧਰਤੀ 'ਤੇ ਵਿਚਰਦੇ ਹਨ । ਪਰ ਉਹਦੀਆ ਕਹਾਣੀਆਂ ਵਿਚੋਂ ਇੰਗਲੈਂਡ ਗਾਇਬ ਹੈ (ਇਸ ਪੱਖੋਂ ਰਘੁਬੀਰ ਢੰਡ ਹੀ ਕਾਮਯਾਬ ਮੰਨਿਆ ਜਾਵੇਗਾ) । 'ਚਿਮਨੀਆਂ ਦੀ ਛਾਵੇਂ' ਰਾਹੀਂ ਨਵੀਆਂ ਕੀਮਤਾਂ, ਨਵੇਂ ਹਾਲਾਤ ਵਿਚ "ਸੌਖਿਆਂ" ਨੂੰ "ਔਖਿਆਂ" ਨਾਲ ਸਮਝੌਤਾ ਕਰਕੇ ਤੁਰਨਾ ਬਣਦਾ ਦਰਸਾਇਆ ਹੈ । ਵਿਸ਼ੈ ਵਿਚ ਨਵੀਨਤਾ ਨਹੀਂ ਸਿਵਾਏ ਫ਼ਾਊਂਡਰੀ ਸ਼ਬਦ ਜਾਂ ਅੰਗ੍ਰੇਜ਼ੀ ਦੇ ਹੋਰ ਸ਼ਬਦਾਂ ਦੇ ਅੰਗ੍ਰੇਜ਼ੀ ਦੇ । ਸ਼ਬਦਾਂ ਜਾਂ ਨਾਵਾਂ ਨਾਲ ਹੀ ਤਾਂ ਇੰਗਲੈਂਡ ਨਹੀਂ ਲਭਿਆ ਜਾ ਸਕਦਾ ।

ਰਘੁਬੀਰ ਢੰਡ ਦੇ ਕਹਿਣ ਅਨੁਸਾਰ ਉਹ ਪ੍ਰਤੀਬੱਧ ਲੇਖਕ ਹੈ । ਪਰ 'ਮਹਾਰਾਜੇ' ਰਾਹੀਂ ਲੇਖਕ ਕਹਿਣਾ ਕੀ ਚਾਹੁੰਦਾ ਹੈ ਗੱਲ ਪ੍ਰਤੱਖ ਸਾਹਮਣੇ ਨਹੀਂ ਉਘੜਦੀ । ਲੇਖਕ, ਇਕ ਕੁਲਫੀਆਂ ਵੇਚਦੇ ਭਾਰਤੀ ਨੂੰ ਫੈਕਟਰੀ ਦਾ ਮਾਲਕ ਬਣਿਆ ਦਿਖਾਉਂਦਾ ਹੈ । ਤੇ ਇੰਗਲੈਂਡ ਵਿਚ ਮਜ਼ਦੂਰੀ ਕਰਦੇ ਦੋ ਭਾਰਤੀ ਗਰੋਵ ਰੋਡ ਤੇ ਰਹਿੰਦੇ 'ਮਹਾਰਾਜੇ' ਦਰਸਾਏ ਹਨ । ਫ਼ਿਰ ਲੇਖਕ ਕਾਮਨਾ ਕਰਦਾ ਹੈ ਕਿ ਭਾਰਤੀ ਮਹਾਰਾਜੇ ਤਖਤਾਂ ਉਤੇ ਕਦ ਬਹਿਣਗੇ ?

ਇਸ ਕਹਾਣੀ ਦੀ ਬੁਣਤਰ ਤੇ ਬਣਤਰ ਇਤਨੀ ਉਲਝੀ ਪਈ ਹੈ ਕਿ ਤਾਣੀ ਸੁਲਝਾਉਣੀ ਆਮ ਖਾਸ ਦੇ ਵੱਸ ਦੀ ਗੱਲ ਨਹੀਂ । ਜੇ ਪੁਛਿਆ ਜਾਏ ਕਿ ਕੀ ਲੇਖਕ ਉਸ ਕੁਲਫੀਆਂ ਵੇਚਕੇ ਬਣੇ ਫੈਕਟਰੀ ਦੇ ਮਾਲਕ ਵਾਂਗ ਭਾਰਤੀ ਮਜ਼ਦੂਰਾਂ ਨੂੰ ਫੈਕਟਰੀਆਂ ਦੇ ਮਾਲਕ ਬਨਾਉਣਾ ਲੋਚਦਾ ਹੈ ਜਿਹੜਾ ਆਪ ਮੰਨਦਾ ਹੈ ਕਿ ਉਹ ਮਜ਼ਦੂਰਾਂ ਨਾਲ ਦੁਰ ਵਿਹਾਰ ਕਰਦਾ ਰਿਹਾ ਹੈ ? ਦੂਜੇ, ਕਿੰਨੇ ਕੁ ਭਾਰਤੀ ਕੁਲਫੀਆਂ ਵੇਚਣ ਵਾਲੇ ਫੈਕਟਰੀਆਂ ਦੇ ਮਾਲਕ ਬਣ ਸਕਦੇ ਹਨ ? ਤੀਜੇ, ਜੇ ਮਜ਼ਦੂਰਾਂ ਨੂੰ ਲੇਖਕ ਤਖ਼ਤ 'ਤੇ ਬਹਾਉਣਾ ਹੀ ਲੋਚਦਾ ਹੈ ਤਾਂ ਗਰੋਵ ਰੋਡ ਉਤੇ ਰਹਿੰਦੇ ਦੋ ਭਾਰਤੀ ਮਜ਼ਦੂਰਾਂ ਵਾਂਗ ਹੀ ਕਿਉਂ ? ਉਹ ਕਿਸੇ ਸਮਾਜਵਾਦੀ ਦੇਸ ਦੇ ਮਜ਼ਦੂਰਾਂ ਵਾਂਗ ਤਖ਼ਤ 'ਤੇ ਬਹਾਉਣਾ ਕਿਉਂ ਨਹੀਂ ਚਾਹੁੰਦਾ ? ਇਸ ਤਰ੍ਹਾਂ ਸਾਡਾ ਲੇਖਕ ਉਲਝਕੇ ਰਹਿ ਗਿਆ ਹੈ ।

ਉਸ ਦੀਆਂ ਬਹੁਤੀਆਂ ਕਹਾਣੀਆਂ "ਹੁੰਦਾ ਹੈ" ਦੇ ਸਟਾਈਲ ਨਾਲ ਤੁਰਦੀਆਂ ਹਨ । ਇਸ ਤਰ੍ਹਾਂ ਜਾਪਦਾ ਹੈ ਜਿਵੇਂ ਕੋਈ ਛੋਟੀ ਕਲਾਸ ਦਾ ਵਿਦਿਆਰਥੀ ਕਿਸੇ ਪੜ੍ਹੇ ਹੋਏ ਇਕਾਂਗੀ ਨੂੰ ਆਪਣੇ ਸ਼ਬਦਾਂ ਵਿਚ ਪੇਸ਼ ਕਰ ਰਿਹਾ ਹੋਵੇ ।

ਪੁਸਤਕ ਦੀ ਜਾਣ ਪਛਾਣ ਕਰਾਉਂਦਿਆਂ ਰਘੁਬੀਰ ਢੰਡ ਨੇ ਮੰਨਿਆ ਹੈ ਕਿ ਸਾਦਿਕ ਨੂੰ ਕਹਾਣੀ ਸੋਧਣ ਦਾ ਟਾਈਮ ਨਹੀਂ ਮਿਲਦਾ । ਸੋ ਇਸ ਤਰ੍ਹਾਂ ਪਾਠਕ ਨਾਲ ਤਾਂ ਅਨਿਆਂ ਹੁੰਦਾ ਹੀ ਹੈ, ਲੇਖਕ ਆਪ ਵੀ ਮਾਰਿਆ ਜਾਂਦਾ ਹੈ । ਪੰਜਾਬੀ ਪਾਠਕ ਵਿਸ੍ਰਾਮ ਚਿੰਨ੍ਹਾਂ ਦੀਆਂ ਗ਼ਲਤੀਆਂ ਤੇ ਸ਼ਬਦ-ਜੋੜ ਸੋਧਕੇ ਪੜ੍ਹਨ ਦੇ ਆਦੀ ਹੋ ਹੀ ਗਏ ਹਨ ਪਰ ਵਾਕਾਂ ਦੀ ਬਣਤਰ ਦੀਆਂ ਗ਼ਲਤੀਆਂ ਤਾਂ ਰੜਕਣੋਂ ਨਹੀਂ ਨਾ ਰਹਿ ਸਕਦੀਆਂ, ਜਿਵੇਂ 'ਉਥੇ ਮੇਰੀ ਨਨਾਣ ਦੀ ਭੈਣ ਦੇ ਪ੍ਰਾਹੁਣੇ ਦਾ

ਸੁਨਿਆਰਾ ਭਾਈ ਬੰਦ ਆ ।'...(ਸ਼ਾਹਾਂ ਦੀ ਭੈਣ) ਕਿਤੇ ਕਿਤੇ ਲੇਖਕ ਦੀ ਬੋਲੀ ਉਸ ਨੂੰ ਆਂਚਲਿਕਤਾ ਦਾ ਸ਼ਿਕਾਰ ਬਣਾ ਧਰਦੀ ਹੈ ।

ਅਵਤਾਰ ਸਿੰਘ ਸਾਦਿਕ ਠੀਕ ਅਜੋਕੀਆਂ ਕੀਮਤਾਂ, ਅਜੋਕੀ-ਤਰਜ਼ੇ ਜ਼ਿੰਦਗੀ ਦਾ ਪੇਸ਼ਕਾਰ ਹੈ, ਪਰ ਕਹਾਣੀਆਂ ਨੂੰ ਸੋਧਕੇ ਹੀ ਪਾਠਕਾਂ ਦੀ ਝੋਲੀ ਪਾਵੇ ਤਾਂ ਚੰਗਾ ਹੈ । [ਇਕਬਾਲ ਦੀਪ]

## ਸੁਲਗਦੇ ਪਲ[ਕੁਲਵੰਤ ਜਗਰਾਉਂ]

'ਸੁਲਗਦੇ ਪਲ' ਕੁਲਵੰਤ ਜਗਰਾਉਂ ਦਾ ਦੂਜਾ ਕਾਵਿ ਸੰਗ੍ਰਹਿ ਹੈ । ਇਸ ਵਿਚ ਸੰਕਲਿਤ ਕਵਿਤਾਵਾਂ ਉਸ ਦੇ ਪਹਿਲੇ ਕਾਵਿ ਸੰਗ੍ਰਹਿ 'ਸਮੇਂ ਦੇ ਬੋਲ' ਨਾਲੋਂ ਪਿਛੋਂ ਦੀਆਂ ਰਚਨਾਵਾਂ ਹੀ ਨਹੀਂ ਹਨ ਸਗੋਂ ਕੁਝ ਇਸ ਤੋਂ ਪਹਿਲਾਂ ਤੇ ਕੁਝ ਕੁ ਪਿਛੋਂ ਦੀਆਂ ਕਵਿਤਾਵਾਂ ਵੀ ਹਨ । 'ਸਮੇਂ ਦੇ ਬੋਲ' ਵਿਚਲੀਆਂ ਕਵਿਤਾਵਾਂ ਸਮਾਜਕ ਸੰਵੇਦਨਾ ਨੂੰ ਚਿਤਰਦੀਆਂ ਹਨ ਤੇ 'ਸੁਲਗਦੇ ਪਲ' (ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ) ਵਿਚਲੀਆਂ ਨਿੱਜੀ ਦਰਦ ਨੂੰ । ਪਰ ਇਸ ਦਾ ਇਹ ਭਾਵ ਨਹੀਂ ਕਿ ਇਨ੍ਹਾਂ ਕਵਿਤਾਵਾਂ ਵਿਚੋਂ ਸਮਾਜਕ ਸੰਵੇਦਨਾ ਖਾਰਜ ਹੈ ਸਗੋਂ ਬਹੁਤੀ ਵਾਰੀ ਇਹ ਨਿੱਜੀ ਦਰਦ ਵੀ ਸਮਾਜਕ ਕੀਮਤਾਂ ਦੀ ਸੁਤੰਤਰ ਮਨੁਖੀ-ਮੋਹ-ਪ੍ਰਾਪਤੀ ਪ੍ਰਤੀ ਅਸੰਗਤੀ ਨੇ ਹੀ ਉਪਜਾਇਆ ਹੈ ।

ਮੇਲ ਤੇਰੇ ਲਈ ਦਿਲ ਪਿਆ ਤੜਪੇ, ਕੋਲ ਤੇਰੇ ਪਰ ਕਿਸ ਬਿਧ ਆਈਏ,
ਸਾਡੇ ਪੈਰਾਂ ਦੇ ਵਿੱਚ ਸੰਗਲ, ਰਾਹ ਕੰਡਿਆਂ ਨੇ ਮੱਲੇ ਵੇ ।

ਸਮਾਜਕ ਅਸੰਗਤੀ ਦੇ ਉਪਜਾਏ ਦਰਦ ਨਾਲੋਂ ਵੱਧ ਇਸ ਸੰਗ੍ਰਹਿ ਵਿਚ ਪ੍ਰਗਤੀ ਭਾਵਨਾ ਦੀ ਪ੍ਰਧਾਨਤਾ ਪ੍ਰਤੱਖ ਨਜ਼ਰੀ ਆਉਂਦੀ ਹੈ । ਇਹ ਪ੍ਰਗਤੀ ਭਾਵਨਾ ਆਪਣੇ ਦਰਦ ਸੰਗ ਵਿਲਕਦੇ ਮਨ ਦੀ ਕਰੁਣਾ ਤੇ ਵਿਆਕੁਲਤਾ ਨੂੰ ਅਜੇਹੀ ਉਤੇਜਤ ਸੁਰ ਵਿਚ ਅਲਾਪਦੀ ਹੈ ਕਿ ਤ੍ਰਾਸਦੀ ਦੀ ਥਾਂ ਸ੍ਵੈ-ਤਰਸ ਦੀ ਭਾਵਨਾ ਵਿਲਕਣੀ ਬਣ ਗੂੰਜਦੀ ਹੈ :

ਦਿਲੇ ਦੀਏ ਮਹਿਰਮੇ ਨੀ, ਅੱਜ ਮੇਰੇ ਨੈਣਾ ਵਿਚੋਂ,
ਹੰਝੂਆਂ ਦੀ ਵਰ੍ਹਦੀ ਫੁਹਾਰ ।
ਦਿਲ ਦੀਏ ਮਹਿਰਮੇ ਨੀ, ਇਹਨਾਂ ਮੇਰੇ ਹੰਝੂਆਂ ਦੀ,
ਤੇਰੇ ਬਾਝੋਂ ਕਿਸੇ ਨੂੰ ਕੀ ਸਾਰ
ਦਿਲ ਦੀਏ ਮਹਿਰਮੇ ਨੀ, ਠੰਡੀ ਠੰਡੀ ਪੌਣ ਅੱਜ,
ਲੰਘਦੀ ਏ ਡੰਗ ਸਾਨੂੰ ਮਾਰ ।

ਸ੍ਵੈ-ਮੋਹ ਇਸ ਪ੍ਰਗਤੀ ਸੁਰ ਨੂੰ ਆਪਣੇ (hysterical) ਉਲਾਰ ਕਰਕੇ ਅਜੇਹੀ ਤੀਖਣਤਾ ਪ੍ਰਦਾਨ ਕਰਦਾ ਹੈ ਜਿਹੜਾ ਮਨੋ-ਭਾਵਾਂ ਨੂੰ ਵੇਗ ਵਹਿਨ ਦੇ ਨਾਲ ਸੁੰਘੜਵੇਂ ਦਰਦ-ਮਹੱਤਵ ਦੇਣ ਦਾ ਕਾਰਨ ਵੀ ਬਣਦਾ ਹੈ ।

ਰਾਤ ਹਨੇਰੀ ਪਤਿਆਂ ਦੀ ਖੜ ਖੜ ਬਿੰਦੇ ਬਿੰਦੇ ਦੰਦਲਾਂ ਪਾਏ ਹੂ,
ਰਾਤ ਹਨੇਰੀ ਸਾਡੀਆਂ ਆਹਾਂ ਅੰਬਰੀਂ ਛਾਲੇ ਪਾਏ ਹੂ ।

ਇਸ ਸੰਗ੍ਰਹਿ ਵਿਚ ਕੁਲਵੰਤ ਦੀਆਂ ਤਿੰਨ ਕਾਵਿ ਵੰਨਗੀਆਂ ਹਨ । ਗੀਤ, ਕਵਿਤਾਵਾਂ ਤੇ ਗਜ਼ਲਾਂ । ਇਨ੍ਹਾਂ ਵਿਚੋਂ ਗੀਤਾਂ ਤੇ ਕਵਿਤਾਵਾਂ ਦਾ ਰੰਗ ਸਾਂਝਾ ਹੈ ਅਤੇ ਗਜ਼ਲ ਦਾ ਰੰਗ ਕੁਝ ਵੱਖਰਾ। ਪਰ ਇਹਦਾ ਇਹ ਭਾਵ ਨਹੀਂ ਕਿ ਗਜ਼ਲਾਂ ਦਾ ਮੁਹਾਵਰਾ ਜਾਂ ਉਨ੍ਹਾਂ ਵਿਚਲੀ ਭਾਵਨਾ ਦੀ ਸੁਰ ਵੱਖਰੀ ਹੈ । ਗਜ਼ਲ ਤਾਂ ਆਪਣੀ ਰੂਪਕੀ ਵਿਲੱਖਣਤਾ ਕਾਰਨ ਗੀਤ ਤੇ ਕਵਿਤਾ ਨਾਲੋਂ ਆਪਣੇ ਆਪ ਨਿਖੜਵੀਂ ਲਗਣ ਲੱਗ ਪੈਂਦੀ ਹੈ ।



ਕੁਲਵੰਤ ਆਪਣੇ ਰੂਪ ਵਿਧਾਨ ਵਿਚ ਵਸਤੂ ਜਗਤ ਦੇ ਵਿਸਤਾਰ ਨੂੰ ਭਾਵਾਂ ਦੀ ਬਾਹਰੀ ਨੁਹਾਰ ਨਾਲ ਮੇਲਦਾ ਹੋਇਆ ਉਨ੍ਹਾਂ ਨੂੰ ਬਿੰਬ-ਮਹਤਵ ਦੇਂਦਾ ਹੈ ਅਤੇ ਇਕ ਅਜਿਹੇ ਕੂਲੇਪਨ ਦਾ ਪ੍ਰਭਾਵ ਬਣਾਈ ਰਖਣ ਲਈ ਜਤਨਸ਼ੀਲ ਹੁੰਦਾ ਹੈ ਜਿਹੜਾ ਕੂਲਾਪਣ ਰੁਮਾਂਟਿਕਤਾ ਨਾਲ ਏਨਾ ਸੰਬੰਧਿਤ ਹੋ ਗਿਆ ਹੈ ਕਿ ਵਪਾਰੀ-ਚਿਤਰ ਵਾਂਗ ਮਨਮੋਹਕ ਲਗਦਾ ਹੋਇਆ ਵੀ ਡੂੰਘੀ ਸੰਵੇਦਨਾ ਤੋਂ ਵਿਹੂਣਾ ਰਹਿੰਦਾ ਹੈ :

ਠੁਮ ਠੁਮ ਕਰਦੀ ਪੌਣ ਜਾਂ ਰੁਮਕੇ/ਧੁੱਪ ਸੁਨਹਿਰੀ ਹੋਵੇ ਨਿੱਘੀ
ਫੁਲ ਪੱਤੀਆਂ ਦੇ ਮੁਖੜੇ ਚੁੰਮਕੇ/ਭੌਰ ਤਿਤਲੀਆਂ ਨਚਦੇ ਹੋਵਣ
ਰੰਗ ਰੰਗਾਂ ਦੇ ਮਹਿਕੇ ਮਹਿਕੇ/ਕੂਲੇ ਕੂਲੇ ਸੁਪਨੇ ਉਣਕੇ
ਸਾਰੀ ਧਰਤੀ ਅੰਬਰ ਗਾਹ ਕੇ/ਉਸ ਘੜੀ ਮੈਂ ਥਕ ਥਕਾਕੇ
ਡਿਗਿਆ ਹੋਵਾਂ ਨਰਮ ਮਖਮਲੀ/ਭਿੰਨੀ ਭਿੰਨੀ ਕਿਆਰੀ ਦੇ ਵਿਚ
ਤੇ ਫਿਰ ਮਿੱਠੀ ਪੀੜਾ ਵਾਲਾ/ਜਦ ਮੈਂ ਗੀਤ ਦਰਦ ਦਾ ਛੋਹਾਂ
ਵਲਿਆ ਜਾਵਾਂ/ਘੁਟਿਆ ਜਾਵਾਂ/ਗਲਵਕੜੀ ਇਕ ਪਿਆਰੀ ਦੇ ਵਿਚ ।

ਜਦੋਂ ਕਵੀ ਦੀ ਸੁਹਿਰਦਤਾ ਨੂੰ ਯੋਗ ਸ਼ਬਦ ਮਿਲ ਜਾਣੇ ਸੰਭਵ ਹੋਣ ਤਾਂ ਇਕ ਮਲੂਕਤਾ ਅਤੇ ਤਕਨੀਕੀ ਕੁਸ਼ਲਤਾ ਦਾ ਪ੍ਰਭਾਵ ਹੀ ਉਭਰਦਾ ਹੈ, ਸੱਜਰੇਪਨ ਦਾ ਨਹੀਂ । ਇਹ ਕੁਸ਼ਲਤਾ ਕਾਵਿ ਖੇਤਰ ਵਿਚ ਵਕਤੀ ਪ੍ਰਭਾਵ ਪਾਂਦੀ ਹੈ ਜਿਹੜੀ ਚਿਰ ਹੰਢਣੀ ਨਹੀਂ ਹੁੰਦੀ । ਇਹ ਪ੍ਰਭਾਵ ਉਪਰ ਦੱਸੇ ਵਪਾਰੀ-ਚਿਤਰ ਦੇ ਪ੍ਰਭਾਵ ਨਾਲੋਂ ਵੱਖਰਾ ਨਹੀਂ ਹੁੰਦਾ :

ਸਰਘੀ ਵੇਲੇ ਵਿਛੜੇ ਪੰਛੀ/ਸੰਝ ਪਈ ਫਿਰ ਆਣ ਮਿਲੇ ਹਨ
ਚੁੰਝਾਂ ਦੇ ਵਿਚ ਚੁੰਝਾਂ ਪਾ ਕੇ/ਇਹ ਹਨ ਪਏ ਕਲੋਲਾਂ ਕਰਦੇ
ਅਨਹਦ ਰਾਗ ਪਿਆ ਵਜਦਾ ਹੈ/ਅੰਬਰ ਦੀ ਇਕ ਕੰਨੀਂ ਫੜਕੇ
ਪ੍ਰੀਤ ਮਿਲਣ ਦੀ ਰਾਸ ਰਚਾਈ/ਹਰ ਬਦਲੋਟੀ ਦੀ ਚੋਲੀ 'ਤੇ
ਕਿਰਨਾਂ ਦੀ ਕੇਸਰ ਪਿਚਕਾਰੀ/ਰੱਤਾ ਸੂਰਜ ਛਿੜਕ ਰਿਹਾ ਹੈ ।

ਇਹ ਤਕਨੀਕੀ ਕੁਸ਼ਲਤਾ ਲੋਕ-ਗੀਤੀ ਮੁਹਾਵਰੇ ਨੂੰ, ਵਸਤੂ ਜਗਤ ਦੇ ਵਿਸਤਾਰ ਨੂੰ ਕਾਵਿ-ਮਈ ਰੰਗਣ ਦੇ ਕੇ, ਮਨੁਖੀ ਵਿਹਾਰ ਦੇ ਚਿੰਨ੍ਹਾਰਥ ਨੂੰ ਉਦਾਤ ਵਲ ਦੀ ਯਾਤਰਾ ਦਾ ਸਾਧਨ ਬਣਾਂਦੀ ਹੈ ਪਰ ਇਥੇ ਇਹ ਉਦਾਤ-ਚੇਸ਼ਟਾ ਨਿਰਮੂਲਤਾ ਦਾ ਚਿਹਨ ਹੀ ਪ੍ਰਾਪਤ ਕਰਦੀ ਹੈ । ਇਹੀ ਕੁਲਵੰਤ ਜਗਰਾਉਂ ਦੀ ਕਾਵਿ ਸਿਰਜਨਾ ਦੀ ਕਮਜ਼ੋਰੀ ਹੈ :

ਸਿਸਕੀਆਂ ਦਾ ਗਲ ਘੁੱਟਣ ਖਾਤਰ/ ਬੁਲ੍ਹ ਅਸਾਂ ਜਦ ਟੁੱਕੇ
ਮਾਰੂਥਲ ਵੀ ਸਾਗਰ ਬਣ ਗਏ/ਪਰ ਨਾ ਹੰਝੂ ਸੁੱਕੇ ।

ਮਨੋ-ਭਾਵਾਂ ਦਾ ਸਿੱਧਾ ਵਰਨਣ ਆਪਣੀ ਲੋਕ-ਕਾਵਿਕ ਸਰਲਤਾ ਦੀ ਨੇੜਤਾ ਕਾਰਨ ਵਧੇਰੇ ਅਪੀਲ ਕਰਦਾ ਹੈ ਪਰ ਇਹ ਸਿੱਧਾ ਵਰਨਣ ਬਿੰਬ-ਅਰਥ ਪ੍ਰਾਪਤ ਕਰਨ ਤੋਂ ਪਿਛੋਂ ਦੀ ਯਾਤਰਾ ਦੇ ਅਗਲੇ ਪੜਾਵਾਂ ਵਲ ਨਹੀਂ ਅਹੁੜਦਾ । ਫਲਸਰੂਪ, ਕਵਿਤਾ ਪੜੇ-ਦਾਅ ਸਰੰਚਨਾ ਨੂੰ ਤਾਂ ਪ੍ਰਾਪਤ ਹੁੰਦੀ ਹੈ ਖੜੇ-ਦਾਅ-ਸਰੰਚਨਾ ਵਿੱਚ ਨਹੀਂ ਫੈਲਦੀ ।

ਮੇਲ ਤੇਰੇ ਲਈ ਦਿਲ ਪਿਆ ਤੜਪੇ/ ਕੋਲ ਤੇਰੇ ਪਰ ਕਿਸ ਬਿਧ ਆਈਏ ।
ਸਾਡੇ ਪੈਰਾਂ ਦੇ ਵਿਚ ਸੰਗਲ/ ਰਾਹ ਕੰਡਿਆਂ ਨੇ ਮੱਲੇ ਵੇ ।
ਦੋ ਕੁ ਘੜੀਆਂ ਸਵਰਗ ਦਿਖਾ ਕੇ/ ਤੂੰ ਤਾਂ ਸੱਜਨਾ ਤੁਰਦਾ ਬਣਿਓਂ
ਬੇਚੈਨੀ ਤੇ ਹਉਕੇ ਯਾਦਾਂ/ ਪਾ ਗਿਉਂ ਸਾਡੇ ਪੱਲੇ ਵੇ ।

ਕੁਲਵੰਤ ਜਗਰਾਉਂ ਲੋਕ-ਜੁਗਾਦੀ archtypal ਬਿੰਬਾਂ ਦੀ ਬਹੁਤੀ ਵਰਤੋਂ ਨਹੀਂ ਕਰਦਾ। ਉਹ ਤਤਕਾਲੀ ਪਿਆਰ ਭਾਵਨਾ ਦੀ ਤਤਕਾਲੀ ਅਭਿਵਿਅਕਤੀ ਵਲ ਰੁਚਿਤ ਹੈ। ਪਿਆਰ ਭਾਵਨਾ ਦੇ ਹੀਰ ਕਥਾ ਨਾਲ ਸੰਬੰਧਿਤ ਚਿੰਨ੍ਹ ਜੁਗਾਦੀ ਅਰਥਾਂ ਨਾਲ ਤਾਂ ਸੰਬੰਧਿਤ ਹੋਏ ਹਨ ਪਰ ਉਨ੍ਹਾਂ ਦੀ ਜੁਗਾਦੀ ਅਰਥ-ਭਾਵ-ਸਮਰੱਥਾ ਬਿੰਬ ਵਿਧਾਨ ਦੇ ਰਚਨਾ ਵਿਚਲੇ ਸਮੇਂ-ਵਿਸਥਾਰ ਰਾਹੀਂ ਹੀ ਸਕਰਮਕ ਹੁੰਦੀ ਹੈ ਤੇ ਜੇ ਇਹ ਜੁਗਾਦੀ ਬਿੰਬ ਤਤਕਾਲੀ ਬਿੰਬ ਵਿਧਾਨ ਦੀ ਸੰਗਤ ਵਿਚ ਉਭਰਦਾ ਹੈ ਤਾਂ ਇਹ ਆਪਣੇ ਜੁਗਾਦੀ ਅਰਥ ਨੂੰ ਗੁਆ ਬੈਠਦਾ ਹੈ ਅਤੇ ਛਿਨ-ਭੰਗਰੀ ਅਰਥ ਭਾਵਨਾ ਨਾਲ ਹੀ ਜੁੜਦਾ ਹੈ :

> ਜਰ ਨਾ ਸਕੇ ਕੋਲਾ ਹੋ ਗਏ / ਰਲ ਮਿਲ ਸਾਰੇ ਖੋਹਣਾ ਚਾਹੁੰਦੇ/ਕੇਦੋ ਚੰਦਰੇ ਹੋ।
>
> ਪਿਆਰ ਮੇਰੇ ਲੂੰ ਲੂੰ ਵਿੱਚ ਰਚਿਆ/ਮੈਂ ਤੇ ਸਾਜਨ ਇਕ ਹੀ ਬਣ ਗਏ ਇਹ ਕੀ ਜਾਨਣ ਉਹ।

ਸ਼ਾਇਦ ਅਨੁਭਵ ਦੇ ਸਮੇਂ ਵਿਚ ਫੈਲਣ ਤੋਂ ਪਹਿਲਾਂ ਛਿਨ ਦਾ ਹਾਣੀ ਹੋਣਾ ਲਾਜ਼ਮੀ ਹੈ। ਪਰ ਸ਼ਾਇਦ ਛਿਨ ਦੇ ਹਾਣੀ ਹੋਣਾ ਵੀ ਨਿਰੋਲ ਤਤਕਾਲੀਨਤਾ ਅਤੇ ਵਸਤੂਗਤ ਬਾਹਰੀ ਵਿਸਤਾਰ ਦੁਆਰਾ ਸੰਭਵ ਨਹੀਂ।

ਪਰੰਪਰਾ ਤਾਈਂ ਸੁਰਖਰੂ ਹੋ ਕੇ ਉਸ ਤੋਂ ਮੁਕਤ ਹੋਣਾ ਮੌਲਿਕਤਾ ਦੀ ਨਿਸ਼ਾਨੀ ਹੈ। ਪਰ ਪਰੰਪਰਾ ਤਾਈਂ ਸੁਰਖਰੂ ਹੋਣ ਵਿਚ ਹੀ ਲੱਗੇ ਰਹਿਣਾ ਕੁਲਵੰਤ ਦੀ ਮਜਬੂਰੀ ਹੈ।

ਕੁਲਵੰਤ ਦੀ ਗ਼ਜ਼ਲ ਉਹਦੀ ਕਵਿਤਾ ਦੀ ਸੰਭਾਵਨਾ ਦੇ ਮੇਚ ਹੀ ਆਉਂਦੀ ਹੈ। ਗ਼ਜ਼ਲ ਰੂਪ ਦੀ ਜਦੋਂ ਕਵੀ ਚੋਣ ਕਰਦਾ ਹੈ ਤਾਂ ਉਹ ਇਸ ਰੂਪ ਦੀਆਂ ਬੰਦਸ਼ਾਂ ਤੇ ਲੋੜਾਂ ਨੂੰ ਸਵੀਕਾਰ ਕਰਕੇ ਟੁਰਦਾ ਹੈ। ਗ਼ਜ਼ਲ ਇਨ੍ਹਾਂ ਬੰਧਨਾਂ ਦੇ ਹੁੰਦਿਆਂ ਹੋਇਆਂ ਵੀ ਆਧੁਨਿਕ ਚੇਤਨਾ ਤੁਲ ਮਿਚ ਸਕਣ ਦੇ ਸਮਰਥ ਹੋ ਸਕਦੀ ਹੈ ਜੇਕਰ ਕਵੀ ਆਪਣੀ ਚੇਤਨਾ ਨੂੰ ਇਨ੍ਹਾਂ ਬੰਧਨਾਂ ਵਿਚ ਰਹਿ ਕੇ ਵੀ ਇਨ੍ਹਾਂ ਨੂੰ ਪਾਰ ਕਰ ਸਕਦਾ ਹੋਵੇ। ਕੁਲਵੰਤ ਦੀ ਚੇਤਨਾ ਗ਼ਜ਼ਲ ਦੇ ਵਿਆਪਕ ਵਿਸ਼ੇ 'ਪਿਆਰ' ਦੇ ਰੰਗਾਂ ਨੂੰ ਚਿਤਰਦੀ ਹੈ। ਤੇ ਗ਼ਜ਼ਲ ਦੀ ਇਹ ਖੂਬੀ ਕਿ ਉਹ ਸਾਧਾਰਣ ਭਾਵ ਨੂੰ ਚੰਚਲ ਨਿਆਇ ਦਾ ਰੂਪ ਦੇ ਸਕਦੀ ਹੈ ਕੁਲਵੰਤ ਦੀ ਗ਼ਜ਼ਲ ਵਿਚ ਵੀ ਪ੍ਰਾਪਤ ਹੈ :

> ਬੋਲੇ ਨ, ਭਾਵੇਂ ਭੋਲੇ ਇਕ ਬੋਲ ਮੂੰਹ ਤੋਂ ਭਾਵੇਂ
> ਮੁੜ ਮੁੜ ਜਾਂ ਵੇਖਦਾ ਹੈ ਜਾਂਦਾ ਹੈ ਭਰ ਹੁੰਗਾਰਾ।

[ਅਮਰਜੀਤ ਸਿੰਘ (ਡਾ : )]

□

## ਪੁਸਤਕ ਪ੍ਰਾਪਤੀ

1. ਅੱਕ ਦੀ ਅੰਬੀ [ਕਾਵਿ ਸੰਗ੍ਰਹਿ] ਵਿਸ਼ਵਾਨਾਥ ਤਿਵਾੜੀ
2. ਦੂਸਰਾ ਪੜਾਅ (ਕਾਵਿ ਸੰਗ੍ਰਹਿ] ਸਵਰਨ ਚੰਦਨ
3. ਦੂਸਰਾ ਹੀਰੋਸ਼ੀਮਾ [ਇਕ ਨਾਵਲਿਟ] ਬਲਦੇਵ ਸਿੰਘ
4. ਸਮਾਜ ਤੇ ਗੁਨਾਹ [ਕਹਾਣੀ ਸੰਗ੍ਰਹਿ] ਅੰਮ੍ਰਿਤ ਰਾਮਪੁਰੀ
5. ਨਦੀ ਦਾ ਪਾਣੀ [ਕਹਾਣੀ ਸੰਗ੍ਰਹਿ] ਜਸਵੰਤ ਸਿੰਘ ਵਿਰਦੀ
6. ਅੱਧਾ ਆਦਮੀ [ਤਿੰਨ ਨਾਵਲਿਟ] ਰਾਮ ਸਰੂਪ ਅਣਖੀ
7. ਹੰਗਾਮੀ ਹਾਲਤ ਦੇ ਕਾਲੇ ਦਿਨ [ਰੀਪੋਰਟ] ਸੁੱਖਾ ਸਿੰਘ



## ਪੱਤਰ

ਪਿਆਰੇ ਸੰਪਾਦਕ ਜੀ,

ਸਿਰਜਣਾ ਦੇ ਜਨਵਰੀ-ਮਾਰਚ 77 ਅੰਕ 'ਚ ਛਪੇ ਸੁਰਜੀਤ ਗਿੱਲ ਦੇ ਲੇਖ, 'ਸਭਿਆਚਾਰ ਦੇ ਮਸਲੇ' ਤੋਂ ਪ੍ਰਭਾਵਿਤ ਹੋ ਕੇ ਅਤੇ ਅਪਰੈਲ-ਜੂਨ ਅੰਕ ਦੇ "ਇਕ ਵਿਦਿਵਾਨ ਅਤੇ ਦੋ ਨਾਂਗੇ" ਸਿਰਲੇਖ ਹੇਠ ਛਪੇ ਲੇਖ ਵਿਚ ਅਫ਼ਸੋਸਨਾਕ ਅਤੇ ਸਤਹੀ ਵਿਚਾਰ ਪੜ੍ਹਕੇ ਹੇਠ ਲਿਖੇ ਕੁਝ ਸ਼ਬਦ ਕਹਿਣਾ ਚਾਹੁੰਦਾ ਹਾਂ :

ਪਿਛਲੇ ਕੁਝ ਸਾਲਾਂ ਦੀ ਸੇਖੋਂ ਅਤੇ ਕਿਸ਼ਨ ਸਿੰਘ ਦੀਆਂ ਆਲੋਚਨਾਤਮਕ ਲਿਖਤਾਂ 'ਤੇ ਹੋਈ ਬਹਿਸ ਨੂੰ ਪੜ੍ਹਕੇ ਦੋਵਾਂ ਦੇ ਸਮਰਥਕਾਂ ਦੀ ਸਮਝ 'ਤੇ ਦੁਖ ਤਾਂ ਹੋਣਾ ਹੀ ਹੋਇਆ ਪਰ ਨਾਲ ਹੀ ਹਾਸਾ ਭੀ ਆਉਂਦਾ ਏ। ਭਾਵੇਂ ਇਹ ਵਿਚਾਰ ਕਿ ਸੇਖੋਂ ਅਤੇ ਕਿਸ਼ਨ ਸਿੰਘ ਬਹੁਤ ਸਾਰਿਆਂ ਸਾਹਿਤਕ ਮਸਲਿਆਂ 'ਤੇ ਵਿਰੋਧੀ ਵਿਚਾਰ ਰਖਦੇ ਹਨ, ਕਾਫ਼ੀ ਠੀਕ ਹੈ ਫਿਰ ਭੀ ਦੋਵਾਂ ਨੂੰ ਚੰਗੀ ਤਰ੍ਹਾਂ ਸਮਝਣ ਦਾ ਕੋਈ ਉਪਰਾਲਾ ਨਹੀਂ ਹੋਇਆ। ਇਸਦੇ ਉਲਟ ਸਮਰਥਕਾਂ ਨੇ ਇਕ ਦੂਜੇ ਦੀ ਭੰਡੀ ਕਰਕੇ ਸਾਹਿਤਕ ਸੋਭਾ ਖੱਟਣ ਦੀ ਕੋਸ਼ਿਸ਼ ਕੀਤੀ ਭਾਸਦੀ ਹੈ। ਸਿੱਟਾ ਇਹ ਹੋਇਆ ਕਿ ਘੋਲ਼ ਮਚੋਲ ਉਤਪੰਨ ਹੋ ਗਿਆ ਜੋ ਇਨ੍ਹਾਂ ਨੂੰ ਸਹੀ ਤਰ੍ਹਾਂ ਸਮਝਣ ਦੀ ਕੋਸ਼ਿਸ਼ 'ਚ ਵੱਡਾ ਰੋੜਾ ਸਾਬਿਤ ਹੋਇਆ ਹੈ। ਬਹੁਤ ਕੁਝ ਇਨ੍ਹਾਂ ਦੋਵਾਂ ਬਾਰੇ ਇਤਨੇ ਥੋੜੇ ਸ਼ਬਦਾਂ ਚ' ਕਹਿਣਾ ਨਾ ਹੀ ਮੁਮਕਿਨ ਹੈ ਅਤੇ ਨਾ ਵਾਜਬ ਹੈ, ਇਸ ਲਈ ਕੇਵਲ ਇਕ ਜਾਂ ਦੋ ਉਦਾਹਰਣਾਂ ਹੀ ਦਿੰਦਾ ਹਾਂ, ਇਨ੍ਹਾਂ ਬਾਰੇ —

ਸੇਖੋਂ ਦੀ ਬਹੁ-ਪੱਖੀ ਸਾਹਿਤਕ ਸ਼ਖਸੀਅਤ ਨੇ ਇਤਨਾ ਵੱਡਾ ਆਕਾਰ ਗ੍ਰਹਿਣ ਕਰ ਲਿਆ ਹੈ ਕਿ ਉਨ੍ਹਾਂ ਦੇ ਖਲਾਫ਼ ਕੁਝ ਭੀ ਕਹਿਣ ਤੋਂ ਹਰ ਇਕ ਝਿਜਕਦਾ ਹੀ ਨਹੀਂ, ਸਗੋਂ ਇਹ ਡਰ ਬਣਿਆ ਰਹਿੰਦਾ ਹੈ ਕਿ ਉਸਦੀ ਗੱਲ ਨੂੰ ਕੋਈ ਸੁਣੇਗਾ ਤਕ ਭੀ ਨਹੀਂ। ਨਿਰਸੰਦੇਹ ਉਨ੍ਹਾਂ ਨੇ ਪੰਜਾਬੀ ਨੂੰ 'ਸਾਹਿਤਿਆਰਥ' ਵਰਗੀਆਂ ਵਡਮੁੱਲੀਆਂ ਕਿਰਤਾਂ ਦਿੱਤੀਆਂ ਹਨ। ਉਹ ਆਧੁਨਿਕਤਾ ਅਤੇ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਬਹੁਤ ਹੀ ਪ੍ਰਭਾਵਿਤ ਹਨ ਸ਼ਾਇਦ ਇਸ ਲਈ ਕਿ ਅਜੋਕੇ ਯੁੱਗ 'ਚ ਸਮਾਜਵਾਦ ਦੀ ਗੱਲ ਖੁਲ-ਇ-ਆਮ ਹੋਣ ਲੱਗ ਗਈ ਏ। ਪਰ ਇਹ ਕਈ ਵਾਰ ਭੁੱਲ ਜਾਂਦੇ ਹਨ ਕਿ ਆਧੁਨਿਕਤਾ ਅਤੇ ਅਖੌਤੀ ਵਿਗਿਆਨਕ ਨਜ਼ਰੀਏ ਥੱਲੇ ਬਹੁਤ ਵਾਰੀ ਬੁਰਜੁਆ ਦ੍ਰਿਸ਼ਟੀਕੋਣ ਹੀ ਹੁੰਦਾ ਹੈ। ਉਨ੍ਹਾਂ ਦੇ ਦਿਮਾਗ 'ਚ—'ਧਰਮ ਲੋਕਾਂ ਲਈ ਅਫੀਮ ਹੈ' ਖੜਕਦੀ ਰਹਿੰਦੀ ਹੈ, ਇਸ ਲਈ ਉਹ ਅਧਿਆਤਮਿਕਤਾ ਨੂੰ ਨਿੰਦਦੇ ਹਨ। ਪਰ ਜਦ ਉਨ੍ਹਾਂ ਨੂੰ ਗੁਰਬਾਣੀ ਦੀ ਸਮਾਜਕ ਚੇਤੰਨਤਾ ਨਜ਼ਰ ਪੈਂਦੀ ਹੈ ਤਾਂ ਉਨ੍ਹਾਂ ਦਾ ਮਨ ਇਸ ਨੂੰ ਸਲਾਹੁਣ ਨੂੰ ਭੀ ਕਰਦਾ ਹੈ। ਉਨ੍ਹਾਂ ਦੇ ਅਨੁਸਾਰ ਪੁਰਾਣੇ ਸਾਹਿਤ ਵਿਚ-ਭਾਵੇਂ ਇਹ ਪੰਜਾਬੀ ਕਿੱਸਾਕਾਰੀ ਹੋਵੇ ਜਾਂ ਸੂਫ਼ੀ ਕਵਿਤਾ-ਸਮਾਜਕ ਚੇਤਨਤਾ ਉਕਰੀ ਗਈ ਹੈ ਉਹ ਵਧੀਆ ਹੈ ਅਤੇ ਉਹ ਹਿੱਸਾ ਜੋ ਰੱਬ ਜਾਂ ਅਗਲੀ ਦੁਨੀਆਂ ਬਾਰੇ ਹੈ, ਕੂੜ ਹੈ, ਨਿਕੰਮੀ ਹੈ। ਇਸਦਾ ਭਾਵ ਇਹ ਹੋਇਆ ਕਿ ਪੁਰਾਤਨ ਸਾਹਿਤ ਦਾ ਉਹ ਹਿੱਸਾ ਜੋ ਸਮਾਜ ਬਾਰੇ ਹੈ, ਉਸਨੂੰ ਸਾਨੂੰ ਅਜੇ ਭੀ ਪੜ੍ਹਦੇ ਰਹਿਣਾ ਚਾਹੀਦਾ ਹੈ ਅਤੇ ਬਾਕੀ ਦੇ ਨੂੰ ਤਾਂ ਵੇਖਣਾ ਤੱਕ ਨਹੀਂ ਚਾਹੀਦਾ। ਸੇਖੋਂ ਸਾਹਿਬ ਜੇ ਇਹ ਛਾਂਟੀ ਕਰ ਸਕਣ ਤਦ ਪੁਰਾਤਨ ਸਾਹਿਤ 'ਚੋਂ ਨਰੋਏ ਸਾਹਿਤ ਦਾ ਨਿਤਾਰਾ ਹੋ ਜਾਏਗਾ ਅਤੇ ਪਾਠਕ ਇੱਕੋ ਲਿਖਾਰੀ ਦੀਆਂ ਗਲਤ ਲਿਖਤਾਂ ਪੜ੍ਹਨੀਆਂ ਤਾਂ ਛੱਡ ਦੇਣਗੇ! ਖੈਰ, ਮਤਲਬ ਇਹ ਨਹੀਂ ਕਿ ਗੁਰਬਾਣੀ ਜਾਂ ਕਿੱਸਾ ਸਾਹਿਤ ਬਿਲਕੁਲ ਹੀ ਖਾਸੀਅਤ-ਰਹਿਤ ਹੈ। ਪਰ ਅਜਿਹੀ ਆਲੋਚਨਾ ਬੁੱਧੀ ਨੂੰ ਭਾਸਦੀ ਨਹੀਂ।

ਇਸਦੇ ਐਨ ਉਲਟ ਕਿਸ਼ਨ ਸਿੰਘ ਹੈ। ਉਨ੍ਹਾਂ ਦੇ ਅਨੁਸਾਰ ਜਮਾਤੀ-ਵਿਰੋਧ ਗੁਰਬਾਣੀ ਵਿਚ ਬਹੁਤ ਹੀ ਸਪਸ਼ਟ ਹੈ। ਭਾਵੇਂ ਇਹ ਅਧਿਆਤਮਕਤਾ ਦੇ ਮੁਹਾਵਰੇ 'ਚ ਹੈ ਜਾਂ ਸਾਮਜਕ ਚੇਤਨਾ ਦੇ 'ਚ। ਗੁਰਬਾਣੀ ਈਸ਼ਵਰ ਦੇ ਗੁਣ ਗਾਉਂਦੀ ਹੋਈ ਵੀ ਸਮੇਂ ਦੀਆਂ ਉਠ ਰਹੀਆਂ ਸ਼ਕਤੀਆਂ ਦੀ ਹਾਮੀ ਭਰਦੀ ਹੈ। ਭਾਵ ਇਹ ਕਿ ਗੁਰਬਾਣੀ ਜਦੋਂ ਪ੍ਰਭੂ ਬਾਰੇ ਭੀ ਕੁਝ ਰਹਿੰਦੀ ਹੈ ਤਾਂ ਇਹ

ਰਵਾਇਤੀ ਕਿਸਮ ਦੀ ਪ੍ਰਭੂ-ਭਗਤੀ ਨਹੀਂ ਹੈ। ਇਹ ਵਿਚਾਰ ਠੀਕ ਹੈ ਜਾਂ ਨਹੀਂ ਇਥੇ ਇਸਦੇ ਵਿਸਥਾਰ 'ਚ ਨਹੀਂ ਜਾਇਆ ਜਾ ਸਕਦਾ। ਪਰ ਉਨ੍ਹਾਂ ਦਾ ਇਹ ਕਹਿਣਾ ਕਿ ਸਾਹਿਤਕ ਕਿਰਤ ਇਕ ਇਕਾਈ ਹੁੰਦੀ ਹੈ ਅਤੇ ਇਸਨੂੰ ਇਸ ਰੂਪ 'ਚ ਹੀ ਸਮਝਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਕਾਫ਼ੀ ਦਰੁਸਤ ਲਗਦਾ ਹੈ। ਪਰ ਇਹ ਸਵਾਲ ਭੀ ਉਠਦਾ ਹੈ ਕਿ ਜਿਸ ਅਧਿਆਤਮਕਤਾ ਜਾਂ ਧਰਮ ਦੇ ਵਿਰੁਧ ਮਾਰਕਸ ਅਤੇ ਐਂਗਲਜ਼ ਨੇ ਕਿਹਾ ਹੈ ਉਹ ਫਿਰ ਕਿਹੜੀ ਅਧਿਆਤਮਕਤਾ ਹੈ ਜਾਂ ਸੀ ? ਇਹ ਵਿਚਾਰ ਸ਼ਾਇਦ ਸੁਰਜੀਤ ਗਿੱਲ ਦਾ ਹੈ। ਹੋਰ ਕਿਸ਼ਨ ਸਿੰਘ ਦਾ ਇਹ ਵਿਚਾਰ ਕਿ ਉਤਮ ਸਾਹਿਤ ਹਰ ਸਥਿਤੀ 'ਚ ਯਾਨੀ ਮੁੱਦਤਾਂ ਤਕ, ਅਜਿਹਾ ਹੀ ਰਹਿੰਦਾ ਹੈ, ਠੀਕ ਨਹੀਂ ਹੈ। ਅਜਿਹੇ ਅਨੇਕਾਂ ਹੋਰ ਸਵਾਲ ਹਨ ਜੋ ਦੋਵਾਂ ਆਲੋਚਕਾਂ ਦੀਆਂ ਲਿਖਤਾਂ 'ਚੋ ਉਭਰਦੇ ਹਨ ਜਿਨ੍ਹਾਂ ਨੂੰ ਇਥੇ ਬਿਆਨਣਾ ਅਸੰਭਵ ਹੈ। ਹਾਂ ਸੇਖੋਂ ਅਤੇ ਕਿਸ਼ਨ ਸਿੰਘ ਨੇ ਸਾਹਿਤਕਾਰੀ ਦੇ ਨਿਯਮ ਕਾਫ਼ੀ ਚੰਗੀ ਤਰ੍ਹਾਂ ਰੁਸ਼ਨਾਏ ਹਨ।

ਕੀ ਫਿਰ ਇਹ ਚੰਗਾ ਨਹੀਂ ਹੋਵੇਗਾ ਕਿ ਇਨ੍ਹਾਂ ਦੋਵਾਂ ਵਿਦਵਾਨਾਂ ਦਾ ਤੁਲਨਾਤਮਕ ਅਧਿਐਨ ਕੋਈ ਸੁਲਝਿਆ ਹੋਇਆ ਸੱਜਣ ਕਰਨਾ ਸ਼ੁਰੂ ਕਰ ਦੇਵੇ। ਇਹ ਪੰਜਾਬੀ ਸਾਹਿਤ ਅਤੇ ਸਮਾਜ ਦੀ ਬਹੁਤ ਵੱਡੀ ਪ੍ਰਾਪਤੀ ਹੋਵੇਗੀ।

ਦਲੀਪ ਸਿੰਘ [ਪਾਰਸਮਣੀ, ਅਹਿਮਦਾਬਾਦ]

ਮਾਨਯੋਗ ਸੰਪਾਦਕ ਜੀ,

'ਸਿਰਜਣਾ' (ਅਪਰੈਲ-ਜੂਨ,'77) ਦੇ ਅੰਤ ਵਿਚ, ਹੰਗਾਮੀ ਹਾਲਤ ਵਿਚ ਵੀ ਪਰਚੇ ਦੇ 'ਸਾਹਸ' ਸੰਬੰਧੀ ਪੜ੍ਹਿਆ ਕਿ ਇਸ ਪਰਚੇ ਨੂੰ ਹਨੇਰੇ ਦੇ ਦਿਨਾਂ ਵਿਚ ਵੀ ਸਾਰਥਕ ਗੱਲ ਕਹਿਣ ਲਈ ਵਰਤਿਆ ਗਿਆ। ਮਾਰਕਸ ਦਾ ਹਵਾਲਾ ਦਿੰਦਿਆਂ ਕਿਹਾ ਗਿਆ ਹੈ ਕਿ 'ਪਰਿਸਥਿਤੀਆਂ ਹੀ ਮੁੱਖ ਰੂਪ ਵਿਚ ਸਾਹਿਤ ਦਾ ਵੱਥ ਤੇ ਰੂਪ ਨਿਰਧਾਰਿਤ ਕਰਦੀਆਂ ਹਨ। ਸ਼ਾਇਦ ਲੁਕਵੀਂ ਤੇ ਛਾਇਆਵਾਦੀ ਸ਼ੈਲੀ ਅਜਿਹੇ ਹਾਲਾਤ ਵਿਚ ਹੀ ਵਿਕਸਿਤ ਹੁੰਦੀ ਹੈ ਜਿਹੋ ਜਿਹੇ ਹਾਲਾਤ ਪਿਛੇ ਸਾਡੇ ਸਨ।" ਕੀ ਲੁਕਵੀਂ ਤੇ ਛਾਇਆਵਾਦੀ ਸ਼ੈਲੀ ਕੇਵਲ ਉਕਤ ਭਾਂਤ ਦੇ ਹਾਲਾਤ (ਹੰਗਾਮੀ ਹਾਲਾਤ) ਵਿਚ ਹੀ ਵਿਕਸਿਤ ਹੁੰਦੀ ਹੈ ? ਜੇ ਉਕਤ ਭਾਂਤ ਦੇ ਦਮਨਕਾਰੀ ਹਾਲਾਤ ਵਿਚ ਹੀ ਲੁਕਵੀਂ ਤੇ ਛਾਇਆਵਾਦੀ ਸ਼ੈਲੀ ਜਨਮਦੀ ਤੇ ਵਿਕਾਸ ਕਰਦੀ ਹੈ ਤਾਂ ਉਹ ਹੋਰ ਕੁਝ ਨਹੀਂ ਹੁੰਦਾ ਲੇਖਕ ਦੀ ਆਪਣੇ ਬਚਾਉ ਲਈ ਵਰਤੀ ਗਈ ਰਾਜਨੀਤੀ ਹੁੰਦੀ ਹੈ। ਇਹ ਠੀਕ ਹੈ ਕਿ ਇਸ ਬਚਾਓ ਵਾਲੀ ਰਾਜਨੀਤੀ ਨੂੰ ਕਈ ਪਰਚਿਆਂ ਤੇ ਲੇਖਕਾਂ ਨੇ ਵਰਤਿਆ। ਇਸ ਤਰ੍ਹਾਂ ਕਈ ਬੁੱਧੀ ਜੀਵੀ ਹੰਗਾਮੀ ਹਾਲਤ ਵਿਚ 'ਕੁਝ' ਬੋਲਣ ਦਾ ਦਮ ਭਰਦੇ ਨੇ। ਜੇ 'ਸਿਰਜਣਾ' ਵਰਗੇ ਪ੍ਰਗਤੀਸ਼ੀਲ ਪਰਚੇ ਨੇ ਵੀ ਉਕਤ ਭਾਂਤ ਦਾ ਦਮ ਭਰਿਆ ਹੈ ਤਾਂ ਇਹ ਪਾਠਕ ਦੀ ਆਸ ਤੋਂ ਥੋੜਾ ਜਾਪਦਾ ਹੈ।

ਵਰਿਆਮ ਸੰਧੂ ਨੇ 'ਤਾਰ ਉਤੇ ਤੁਰਦਾ ਆਦਮੀ' ਕਹਾਣੀ ਵਿਚ ਆਰਥਿਕ ਸੰਕਟ ਵਿਚ ਗ੍ਰਸੇ ਆਦਮੀ ਦਾ ਸੁਹਣਾ ਚਿਤਰ ਪੇਸ਼ ਕੀਤਾ ਹੈ। ਇਸ ਤਰ੍ਹਾਂ ਅਜਿਹਾ ਵਿਅਕਤੀ ਆਤਮ-ਵਿਸ਼ਵਾਸ ਤੋਂ ਊਣਾ ਹੁੰਦਾ ਹੈ ਤੇ ਪਲ ਪਲ ਦੀ ਮੌਤ ਸਹੇੜਦਾ ਹੈ। ਕਿਸੇ ਸਰਕਸ ਵਿਚ ਆਦਮੀ ਤਾਰ ਉਤੇ ਕਿਸੇ ਵਿਸ਼ਵਾਸ਼ ਦੇ ਆਸਰੇ ਤੁਰਦਾ ਹੈ ਪਰ ਮਨਜੀਤ ਤੇ ਹਰ ਕਦਮ 'ਤੇ ਡਿਗਦਾ ਹੈ।

ਜਿਥੇ ਪਹਿਲੀ ਭਾਂਤ ਦਾ ਐਲਾਨ ਨਿਰਾਸ਼ਾ ਜਿਹੀ ਪੈਦਾ ਕਰਦਾ ਹੈ ਉਥੇ 'ਤਾਰ ਉਤੇ ਤੁਰਦਾ ਆਦਮੀ' ਤੇ 'ਮੁਕਤੀ' ਵਰਗੀਆਂ ਕਹਾਣੀਆਂ ਪਰਚਾ ਪੜ੍ਹਨ ਲਈ ਮਜਬੂਰ ਕਰਦੀਆਂ ਹਨ।

ਗੁਰਚਰਨ [ਸ਼ਕੂਰ ਬਸਤੀ, ਦਿੱਲੀ]




# ਪੰਜਾਬ ਬੁਕ ਸੈਂਟਰ ਦੇ ਨਵੇਂ ਪ੍ਰਕਾਸ਼ਨ

| | | | |
|---|---|---|---|
| ਪੀਲੇ ਦੰਦ ਦਾ ਸ਼ਹਿਰ | ... | ਗੋਰਕੀ | 4.60 |
| ਮਜ਼ਦੂਰ ਜਮਾਤ ਅਤੇ ਕਿਸਾਨੀ ਵਿਚਾਲੇ ਏਕਤਾ | ... | ਲੈਨਿਨ | 11.00 |
| ਔਰਤਾਂ ਦੀ ਬੰਦ ਖਲਾਸੀ ਬਾਰੇ | ... | ਲੈਨਿਨ | 3.60 |
| ਸੰਸਾਰ ਦੀਆਂ ਨਜ਼ਰਾਂ ਵਿਚ ਲੈਨਿਨ | ... | ... | 10.25 |
| ਸਿਆਸੀ ਆਰਥਿਕਤਾ ਦੀ ਆਲੋਚਨਾ ਵਿਚ ਯੋਗਦਾਨ | ... | ਮਾਰਕਸ | 7.50 |
| ਨੌਜਵਾਨਾਂ ਬਾਰੇ | ... | ਲੈਨਿਨ | 8.25 |

## ਨਵੀਆਂ ਸੋਵੀਅਤ ਪੁਸਤਕਾਂ

| | | | |
|---|---|---|---|
| ਕਹਾਣੀਆਂ ਤੇ ਛੋਟੇ ਨਾਵਲ | ... | ਤਾਲਸਤਾਏ | 5.50 |
| ਅਸਲੀ ਇਨਸਾਨ ਦੀ ਕਹਾਣੀ | ... | ਬੋਰਿਸ ਪੋਲੇਵੋਈ | 6.00 |
| ਕੀ ਕਰਨਾ ਲੋੜੀਏ | ... | ਲੈਨਿਨ | 1.25 |
| ਖੱਬੇ ਪੱਖੀ ਕਮਿਊਨਿਜ਼ਮ-ਇਕ ਬਚਗਾਨਾ ਰੋਗ | ... | ਲੈਨਿਨ | 0.50 |

□

ਇਹਨਾਂ ਤੇ ਹੋਰ ਸੋਵੀਅਤ ਪੁਸਤਕਾਂ ਲਈ

**ਪੰਜਾਬ ਬੁਕ ਸੈਂਟਰ**

**1038, ਸੈਕਟਰ 22 ਬੀ, ਚੰਡੀਗੜ੍ਹ**

ਬਰਾਂਚਾਂ :

1. **ਪੰਜਾਬ ਬੁਕ ਸੈਂਟਰ,** ਪੁਰਾਣਾ ਡਾਕਖਾਨਾ ਰੋਡ, ਜਲੰਧਰ
2. **ਪੰਜਾਬ ਬੁਕ ਸੈਂਟਰ,** ਘੁਮਾਰ ਮੰਡੀ ਚੌਕ, ਸਿਵਲ ਲਾਈਨ, ਲੁਧਿਆਣਾ
3. **ਪੰਜਾਬ ਬੁਕ ਸੈਂਟਰ,** ਬਾਹਰਲੇ ਪਾਸੇ ਸਰਹੰਦੀ ਦਰਵਾਜ਼ਾ, ਪਟਿਆਲਾ
4. **ਪੰਜਾਬ ਬੁਕ ਸੈਂਟਰ,** ਮਹਾਂਵੀਰ ਮਾਰਗ, ਫਰੀਦਕੋਟ
5. **ਪੰਜਾਬ ਬੁਕ ਸੈਂਟਰ,** ਸ਼ਹੀਦ ਭਗਤ ਸਿੰਘ ਚੌਂਕ, ਬਠਿੰਡਾ
6. **ਲੈਨਿਨ ਬੁਕ ਸੈਂਟਰ,** ਹੰਸ ਭਵਨ, ਰੇਲਵੇ ਰੋਡ. ਹਿਸਾਰ

# ਪੰਜਾਬ ਯੂਨੀਵਰਸਿਟੀ ਦੀਆਂ ਚਾਰ ਨਵੀਆਂ ਪ੍ਰਕਾਸ਼ਨਾਂ

**1. ਪਿਆਰੇ ਜੀਓ (ਭਾਈ ਵੀਰ ਸਿੰਘ ਦੀਆਂ ਚੋਣਵੀਆਂ ਚਿੱਠੀਆਂ)**
**ਸੰਪਾਦਕ-ਡਾ: ਵਿਸ਼ਵਾਨਾਥ ਤਿਵਾੜੀ**

ਇਸ ਪੁਸਤਕ ਵਿਚ ਭਾਈ ਵੀਰ ਸਿੰਘ ਜੀ ਦੀਆਂ 84 ਚੋਣਵੀਆਂ ਚਿੱਠੀਆਂ ਹਨ ਜੋ ਡਾ. ਵਿਸ਼ਵਾਨਾਥ ਤਿਵਾੜੀ ਨੇ ਭਾਈ ਸਾਹਿਬ ਜੀ ਦੀਆਂ ਸੈਂਕੜੇ ਚਿੱਠੀਆਂ ਵਿਚੋਂ ਬੜੀ ਖੋਜ ਨਾਲ ਚੁਣੀਆਂ ਹਨ । ਚਿੱਠੀਆਂ ਸੰਪਾਦਕ ਨੇ ਤਿੰਨ ਸਿਰਲੇਖਾਂ ਹੇਠ ਵੰਡੀਆਂ ਹੋਈਆਂ ਹਨ-ਪ੍ਰਭੂ-ਪ੍ਰਾਪਤੀ, ਮੌਤ ਬਾਰੇ ਅਤੇ ਫੁਟਕਲ । ਭਾਈ ਸਾਹਿਬ ਨੂੰ ਸਮਝਣ ਲਈ ਇਹ ਪੁਸਤਕ ਬੜੀ ਲਾਭਦਾਇਕ ਹੈ । ਭਾਈ ਸਾਹਿਬ ਦੀ ਹੱਥ ਲਿਖਤ ਅਤੇ ਪ੍ਰਭਾਵਸ਼ਾਲੀ ਚਿੱਤਰ ਨਾਲ ਪੁਸਤਕ ਨੂੰ ਸ਼ਿੰਗਾਰਿਆ ਗਿਆ ਹੈ ।ਭਾਈ ਵੀਰ ਸਿੰਘ-ਸਾਹਿਤ ਅਧਿਐਨ ਦੇ ਪ੍ਰਸੰਗ ਵਿਚ ਡਾ : ਤਿਵਾੜੀ ਦੀ ਇਹ ਮਹੱਤਵ-ਪੂਰਨ ਦੇਣ ਹੈ । ਮੁੱਲ : 45 ਰੁਪਏ

**2. ਗੁਰੂ ਤੇਗ ਬਹਾਦਰ : ਜੀਵਨ ਸਮਾਂ ਅਤੇ ਰਚਨਾ ਸੰਪਾਦਕ-ਡਾ: ਸੁਰਿੰਦਰ ਸਿੰਘ ਕੋਹਲੀ**

ਇਸ ਪੁਸਤਕ ਵਿਚ ਸ੍ਰੀ ਗੁਰੂ ਤੇਗ ਬਾਹਦਰ ਜੀ ਦੇ ਜੀਵਨ, ਸਮੇਂ ਅਤੇ ਰਚਨਾ ਦੇ ਵੱਖ ਵੱਖ ਪਹਿਲੂਆਂ ਉਤੇ ਪੰਜਾਬੀ ਦੇ ਉੱਚ-ਕੋਟੀ ਦੇ 23 ਵਿਦਵਾਨਾਂ ਦੇ ਖੋਜ ਭਰਪੂਰ ਲੇਖ ਛਪੇ ਹਨ, ਜਿੰਨ੍ਹਾਂ ਨੂੰ ਡਾ : ਸੁਰਿੰਦਰ ਸਿੰਘ ਕੋਹਲੀ ਨੇ ਸੰਪਾਦਿਤ ਕੀਤਾ ਹੈ ।

ਗੁਰੂ ਤੇਗ ਬਹਾਦਰ ਜੀ ਦੀ ਤੀਜੀ ਸ਼ਹੀਦੀ-ਸ਼ਤਾਬਦੀ ਦੇ ਅਵਸਰ ਉਤੇ ਮਹਾਨ ਗੁਰੂ ਜੀ ਦੀ ਯਾਦ ਨੂੰ ਸੁਯੋਗ ਸ਼ਰਧਾਂਜਲੀ ਅਰਪਿਤ ਕਰਨ ਲਈ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਪ੍ਰਕਾਸ਼ਨ-ਪ੍ਰੋਗਰਾਮ ਵਿਚ ਛਪਿਆ ਇਹ ਇਕ ਸਿਮ੍ਰਤੀ-ਗ੍ਰੰਥ ਹੈ । ਮੁੱਲ : 40 ਰੁਪਏ

**3. ਬਾਣੀ ਗੁਰੂ ਤੇਗ਼ ਬਹਾਦਰ (ਵਿਸ਼ਾ ਤੇ ਕਲਾ), ਸੰਪਾਦਕ-ਸ : ਰਾਮ ਸਿੰਘ**

ਇਹ ਪੁਸਤਕ ਵੀ ਪੰਜਾਬ ਯੂਨੀਵਰਸਿਟੀ ਦੀ ਉਸੇ ਪੁਸਤਕਮਾਲਾ ਦਾ ਇਕ ਮਣਕਾ ਹੈ ਜਿਹੜੀਆਂ ਗੁਰੂ ਤੇਗ਼ ਬਹਾਦਰ ਜੀ ਬਾਰੇ ਪ੍ਰਕਾਸ਼ਿਤ ਹੋ ਰਹੀਆਂ ਹਨ ।

ਗੁਰੂ ਜੀ ਦੀ ਬਾਣੀ ਦਾ ਇਕ ਵੱਡਾ ਉਪਦੇਸ਼ ਨਿਰਭੈ ਵਿਅਕਤੀ ਪੈਦਾ ਕਰਨਾ ਹੈ । ਨਿਗੂਣੀਆਂ ਕੀਮਤਾਂ ਵਿਚ ਖਚਿਤ ਰਹਿਣ ਵਾਲਾ ਮਨੁੱਖ ਕਦੀ ਸੱਚੀ ਨਿਰਭੈਤਾ ਦੇ ਪੱਧਰ ਉਤੇ ਨਹੀਂ ਟਿਕ ਸਕਦਾ । ਪ੍ਰੋ: ਰਾਮ ਸਿੰਘ ਨੇ ਬਾਣੀ ਦੇ ਇਸ ਪੱਖ ਨੂੰ ਇਸ ਪੁਸਤਕ 'ਚ ਉਘਾੜ ਕੇ ਪੇਸ਼ ਕੀਤਾ ਹੈ । ਇਸ ਤਰ੍ਹਾਂ ਇਹ ਪੁਸਤਕ ਸਮਕਾਲੀ ਸਥਿਤੀਆਂ ਵਿਚ ਗੁਰੂ ਜੀ ਦੀ ਬਾਣੀ ਦੀ ਸਾਰਥਿਕਤਾ ਨੂੰ ਪ੍ਰਗਟਾਉਂਦੀ ਹੈ । ਮੁੱਲ : 20 ਰੁਪਏ

**4. ਪੰਜਾਬੀ ਸਾਹਿੱਤ ਕੋਸ਼ (ਭਾਗ ਦੂਜਾ), ਸੰਪਾਦਕ-ਡਾ : ਸੁਰਿੰਦਰ ਸਿੰਘ ਕੋਹਲੀ**

ਇਹ ਪੁਸਤਕ ਪੰਜਾਬ ਯੂਨੀਵਰਸਿਟੀ ਵਲੋਂ ਤਿੰਨਾਂ ਜਿਲਦਾਂ ਵਿਚ ਪ੍ਰਕਾਸ਼ਿਤ ਕੀਤੇ ਜਾਣ ਵਾਲੇ ਸਾਹਿਤ ਕੋਸ਼ ਦੀ ਦੂਜੀ ਜਿਲਦ ਹੈ । ਇਸ ਵਿਚ ਸਾਹਿਤ ਦੇ ਰੂਪ, ਪਿੰਗਲ, ਸਾਹਿਤ ਸ਼ਾਸਤਰ, ਲੋਕ ਸਾਹਿਤ, ਪੰਜਾਬੀ ਬੋਲੀ, ਸਾਹਿਤ ਨਾਲ ਸੰਬੰਧਿਤ ਵਾਦਾਂ, ਆਧੁਨਿਕ ਭਾਰਤੀ ਬੋਲੀਆਂ ਤੇ ਸਾਹਿਤ, ਪੰਜਾਬੀ ਸਾਹਿਤਕਾਰਾਂ ਦੇ ਜੀਵਨ ਤੇ ਰਚਨਾਵਾਂ ਆਦਿ ਵਿਸ਼ਿਆਂ ਬਾਰੇ ਹ ਤੋਂ ਨ ਤਕ ਟਿਪਣੀਆਂ ਹਨ ।

ਸਾਹਿਤ ਦੇ ਵਿਦਿਆਰਥੀਆਂ ਲਈ ਇਹ ਇਕ ਵਡਮੁੱਲੀ ਹਵਾਲਾ ਪੁਸਤਕ ਹੈ ।
ਮੁੱਲ : 22 ਰੁਪਏ 50 ਪੈਸੇ

**ਸਕੱਤਰ, ਪਬਲੀਕੇਸ਼ਨ ਬਿਊਰੋ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ**



***With best compliments from :***

**JAISONS ADVERTISING PVT. LTD.**

**WORLI, BOMBAY - 25**

## ਨਿਊ ਏਜ ਬੁਕ ਸੈਂਟਰ ਅੰਮ੍ਰਿਤਸਰ ਦੀਆਂ ਕੁਝ ਚੋਣਵੀਆਂ ਅਨੁਵਾਦਿਤ ਪੁਸਤਕਾਂ

| | | | ਰੁ: ਪੈਸੇ |
|---|---|---|---|
| ਜੀਵਨੀ ਕਾਰਲ ਮਾਰਕਸ | ... | ... | 35.00 |
| ਇਤਿਹਾਸਕ ਭੌਤਿਕਵਾਦ—ਸਮਾਜ ਦੇ ਮਾਰਕਸਵਾਦੀ ਸਿਧਾਂਤ ਦੀ ਰੂਪ ਰੇਖਾ | | | 16.00 |
| ਸੋਵੀਅਤ ਮਨੁੱਖ | ... | ... | 16.00 |
| ਪੂੰਜੀਵਾਦ ਦੀ ਰਾਜਸੀ ਅਰਥ ਵਿਵਸਥਾ | ... | ... | 16.00 |
| ਫ਼ਰੈਡਰਿਕ ਏਂਗਲਜ਼—ਇਕ ਜੀਵਨੀ | ... | ... | 25.00 |
| ਲੈਨਿਨ ਤੇ ਗੋਰਕੀ—ਖ਼ਤ, ਯਾਦਾਂ, ਲੇਖ | ... | ... | 15.00 |
| ਸੋਵੀਅਤ ਸਕੂਲੀ-ਸਿਖਿਆ ਦੀਆਂ ਸਮਸਿਆਵਾਂ | ... | ... | 12.00 |
| ਸੋਵੀਅਤ ਸਮਾਜ ਦਾ ਸੰਖੇਪ ਇਤਿਹਾਸ | ... | ... | 25 00 |
| ਸਮਾਜਵਾਦ ਅਤੇ ਸਰਮਾਏਦਾਰੀ | ... | ... | 15 00 |
| ਲੈਨਿਨ ਇਨਾਮ ਜੇਤੂ ਸੋਵੀਅਤ ਕਲਾਕਾਰ | ... | ... | 20.00 |
| ਆਜ਼ਾਦੀ ਦੇ ਪਰਵਾਨੇ | ... | ... | 35·00 |
| ਮਨੁੱਖੀ ਨਸਲਾਂ ਦੀ ਕਹਾਣੀ (ਮਾਨਵ ਵਿਗਿਆਨ) | ... | ... | 6.50 |
| ਕਲਾ ਤੇ ਸਮਾਜ (ਕਲਾ ਬਾਰੇ ਲੇਖ) | ... | ... | 8.00 |
| ਪੰਜਾਬੀ ਸਾਹਿਤ (ਆਲੋਚਨਾ) | ... | ... | 5.00 |
| ਕਲਾਕਾਰ ਦੀ ਸੁਤੰਤਰਤਾ | ... | ... | 8.00 |
| ਧਰਤੀ ਅਤੇ ਅਕਾਸ਼ (ਪੁਲਾੜ ਬਾਰੇ ਜਾਣਕਾਰੀ) | ... | ... | 12.00 |
| ਮਾਰਕਸਵਾਦੀ ਦਰਸ਼ਨ (ਰਾਜਨੀਤਕ-ਅਰਥ ਵਿਗਿਆਨ) | ... | ... | 15.00 |
| ਸੋਵੀਅਤ ਯੂਨੀਅਨ ਬਾਰੇ (ਜਾਣਕਾਰੀ) | ... | ... | 8.00 |

□

ਪੁਸਤਕ ਪ੍ਰਾਪਤੀ ਸਥਾਨ :

**ਨਿਊ ਏਜ ਬੁਕ ਸੈਂਟਰ**

**ਸ਼ੋਰੂਮ** : 22, ਮਹਾਂ ਸਿੰਘ ਗੇਟ, ਅੰਮ੍ਰਿਤਸਰ, ਫੋਨ 25430

**ਦਫਤਰ** : ਚੀਲ ਮੰਡੀ (ਨੇੜੇ ਸਟੇਟ ਬੈਂਕ) ਅੰਮ੍ਰਿਤਸਰ, ਫੋਨ 45514




# ਇਕ ਦੇਸ਼, ਇਕ ਕੌਮ




## ਸੱਨਅਤੀ ਵਿਕਾਸ ਲਈ

ਰਮਨਲਾਲ ਮਹਿਤਾ ਨੇ ਵੀਹ ਸਾਲ ਪਹਿਲਾਂ ਬੰਗਲੌਰ ਵਿਚ ਬਟਨਾਂ ਦੀ ਇਕ ਫੈਕਟਰੀ ਲਾਈ। ਹੁਣ ਇਹ ਇਕ ਵਡੀ ਫੈਕਟਰੀ ਬਣ ਗਈ ਹੈ ਤੇ ਇਸ ਵਿਚ ਬਹੁਤ ਸਾਰੇ ਲੋਕ ਕੰਮ ਕਰਦੇ ਹਨ।

ਉਹ ਇਕਠੇ ਰਲਮਿਲਕੇ ਕੰਮ ਕਰਦੇ ਹਨ। ਰਮਨਲਾਲ ਗੁਜਰਾਤ ਦਾ ਰਹਿਣ ਵਾਲਾ ਹੈ, ਪਰ ਉਹਨੇ ਕਨੜ ਭਾਸ਼ਾ ਸਿਖ ਲਈ ਹੈ। ਉਹਦਾ ਮੈਨੇਜਰ, ਫੋਰਮੈਨ, ਸੁਪਰਵਾਈਜ਼ਰ ਤੇ ਹੋਰ ਕਰਮਚਾਰੀ ਆਪਣੇ ਘਰਾ ਵਿਚ ਵਖ ਵਖ ਭਾਸ਼ਾ ਬੋਲਦੇ ਹਨ। ਪਰ ਫੈਕਟਰੀ ਵਿਚ ਉਹ ਇਕੋ ਭਾਸ਼ਾ ਬੋਲਦੇ ਹਨ—ਕੰਮ ਦੀ ਭਾਸ਼ਾ। ਕੰਮ ਸਭ ਵਿਤਕਰੇ ਵਖੇਵਿਆਂ ਤੋਂ ਉਪਰ ਹੈ।

davp 77/50

ਵਿਤਕਰੇ ਵਖੇਵੇਂ ਵਿਹਲੇ ਮਨਾਂ ਦੀ ਉਪਜ ਹਨ। ਇਨਾਂ ਨੂੰ ਮਿਟਾਉਣ ਵਿਚ ਮਦਦ ਦਿਉ


ਮੁਦ੍ਰਿਕ, ਪ੍ਰਕਾਸ਼ਕ ਤੇ ਮਾਲਕ ਸ੍ਰੀ ਸੁਰਿੰਦਰ ਮੋਹਨ ਸਿੰਘ ਨੇ ਰੰਗਸ਼ਾਲਾ ਪ੍ਰਿੰਟਰਜ਼, 2017, ਸੈਕਟਰ 15-ਸੀ, ਚੰਡੀਗੜ੍ਹ ਤੋਂ ਛਪਵਾਕੇ 225-ਬੀ, ਮਖਦੂਮਪੁਰਾ, ਜਲੰਧਰ ਤੋਂ ਪ੍ਰਕਾਸ਼ਿਤ ਕੀਤਾ।
ਪ੍ਰਕਾਸ਼ਨ ਮਿਤੀ : 15 ਅਗਸਤ, 1977

SIRJANA LITERARY PUNJABI QUARTERLY
No. 27 July—September 1977

Registered with the Registrar of Newspapers for India Vide R. No. 10215/65


# ਪੰਚਾਇਤ ਸੰਮਤੀ ਬਟਾਲਾ ਦੀਆਂ ਪ੍ਰਾਪਤੀਆਂ

1. 133 ਪੰਚਾਇਤਾਂ ਵਿਚ ਸਟਰੀਟ ਲਾਈਟ
2. ਚਾਰ ਲੱਖ ਰੁਪਏ ਨਾਲ 133 ਪੰਚਾਇਤਾਂ ਵਿਚ ਗਲੀਆਂ ਤੇ ਨਾਲੀਆਂ ਪੱਕੀਆਂ ਕਰਨ ਅਤੇ ਸਫਾਈ ਵਿਚ ਸੁਧਾਰ ਦਾ ਪ੍ਰਬੰਧ।
3. ਸ਼ਾਮਲਾਤ ਜ਼ਮੀਨਾਂ ਦੀ ਬੋਲੀ ਅਤੇ ਠੇਕੇ ਦੀ ਸਾਰੀ ਰਕਮ ਦੀ ਮੌਕੇ ਉਤੇ ਵਸੂਲੀ ਰਾਹੀਂ ਪੰਚਾਇਤਾਂ ਦੀ ਆਮਦਨ ਵਿਚ ਵਾਧਾ।
4. ਸ਼ਾਮਲਾਤ ਜ਼ਮੀਨਾਂ ਉਤੋਂ ਨਾਜਾਇਜ਼ ਕਬਜ਼ੇ ਛੁਡਾਉਣ ਦਾ ਪ੍ਰਬੰਧ ਅਤੇ ਨਾਜਾਇਜ਼ ਕਬਜ਼ਾ ਨਾ ਛੱਡਣ ਵਾਲਿਆਂ ਵਿਰੁੱਧ ਕਾਨੂੰਨੀ ਕਾਰਵਾਈ।
5. ਗ੍ਰਾਮ ਪੰਚਾਇਤਾਂ ਦੀ ਨਿਗਰਾਨੀ ਅਧੀਨ 15 ਯੰਗ ਫਾਰਮਰਜ਼ ਕਲੱਬਾਂ ਦਾ ਸੰਚਾਲਨ।
6. ਬਲਾਕ ਦੇ ਸਾਰੇ ਯੋਗ ਭੂਮੀਹੀਣ ਕਿਰਤੀਆਂ ਵਿਚ ਪਲਾਟਾਂ ਦੀ ਵੰਡ ਅਤੇ ਮਕਾਨਾਂ ਦੀ ਉਸਾਰੀ ਲਈ ਕਰਜ਼ਿਆਂ ਦਾ ਪ੍ਰਬੰਧ।
7. ਸੁਸਾਇਟੀਆਂ ਰਾਹੀਂ ਕਿਸਾਨਾਂ ਨੂੰ ਖਾਦ ਮੁਹਈਆ ਕਰਨ ਦਾ ਪ੍ਰਬੰਧ।
8. ਪ੍ਰੋਜੈਕਟ ਅਫਸਰ ਗੁਰਦਾਸਪੁਰ ਰਾਹੀਂ ਸੰਚਾਈ ਦੇ ਸਾਧਨਾਂ ਲਈ ਕਿਸਾਨਾਂ ਨੂੰ ਕਰਜ਼ੇ ਦੁਆਉਣ ਦੇ ਯਤਨ।
9. ਲੋੜਵੰਦ ਲਘੂ ਉਦਯੋਗਾਂ ਨੂੰ ਕਰਜ਼ਿਆਂ ਦੀ ਵੰਡ।
10. ਪੜ੍ਹੇ ਲਿਖੇ ਬੇਰੁਜ਼ਗਾਰਾਂ ਲਈ ਪੋਲਟਰੀ ਟਰੇਨਿੰਗ, ਸੂਰ ਪਾਲਣ ਦੀ ਟਰੇਨਿੰਗ ਅਤੇ ਡੇਅਰੀ ਫਾਰਮ ਟਰੇਨਿੰਗ ਦਾ ਪ੍ਰਬੰਧ।
11. ਰੈਵਨਿਊ ਅਰਨਿੰਗ ਸਕੀਮ ਅਧੀਨ ਦੁਕਾਨਾਂ ਉਸਾਰਕੇ ਪੰਚਾਇਤਾਂ ਦੀ ਆਮਦਨ ਵਧਾਉਣ ਦਾ ਪ੍ਰਬੰਧ
12. ਹਰ ਫਸਲ ਉਤੇ ਸੁਸਾਇਟੀਆਂ ਰਾਹੀਂ ਕਿਸਾਨਾਂ ਨੂੰ ਕਰਜ਼ਿਆਂ ਦੀ ਵੰਡ।
13. ਪੰਜਾਹ ਹਜ਼ਾਰ ਰੁਪਏ ਦੇ ਖਰਚ ਨਾਲ ਬਲਾਕ ਵਿਚ ਸਕੂਲ ਇਮਾਰਤਾਂ ਦੀ ਉਸਾਰੀ।
14. ਪੇਂਡੂ ਆਵਾਜਾਈ ਵਿਚ ਸੁਧਾਰ ਲਈ ਕੱਚੀਆਂ ਸੜਕਾਂ ਦੇ ਉੱਤੇ ਅਤੇ ਪੱਕੀਆਂ ਸੜਕਾਂ ਦੇ ਦੁਆਲੇ ਮਿੱਟੀ ਪੁਆਉਣ ਦਾ ਪ੍ਰਬੰਧ।
15. ਰੂਰਲ ਪਲਾਨਿੰਗ ਸਕੀਮ ਅਧੀਨ ਕੁਝ ਪੰਚਾਇਤਾਂ ਵਲੋਂ ਪੰਚਾਇਤ ਘਰਾਂ ਦੀ ਉਸਾਰੀ।

ਪ੍ਰਧਾਨ ਕਾਰਜ ਸਾਧਕ ਅਫਸਰ

**ਪੰਚਾਇਤ ਸੰਮਤੀ ਬਟਾਲਾ**